ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ
# Nawi Dunia

Free




9 ਅਕਤੂਬਰ : ਦੱਖਣੀ ਅਮਰੀਕਾ ਦੇ ਇਨਕਲਾਬੀ ਹੀਰੋ ਚੀ ਗੁਵੇਰਾ ਨੂੰ ਬੋਲੀਵੀਆ ਵਿਚ ਕਤਲ ਕਰ ਦਿਤਾ ਗਿਆ (1967)

ਸਾਲ : 2 ਅੰਕ : 10 Phone : 780 465 9118, 403 775 2100, 204 218 6284 Fax: 780 465 0661, e-mail: info@nawidunia.com ਅਕਤੂਬਰ – 2011

ਕੈਨੇਡਾ ਦੀਆਂ ਯੂਨੀਵਰਸਿਟੀ ਫੀਸਾਂ 'ਚ 4.3 ਫੀਸਦੀ ਵਾਧਾ ਪੰਨਾ-3



ਬਿਜਲੀ ਬੋਰਡ ਨੂੰ ਰਾਸ ਨਹੀਂ ਆਇਆ ਨਿਜੀਕਰਨ ਦਾ ਰਾਹ ਪੰਨਾ-9





ਹਾਕੀ ਉਲੰਪੀਅਨ ਰਮਨਦੀਪ ਸਿੰਘ ਗਰੇਵਾਲ ਨਾਲ ਵਿਸ਼ੇਸ਼ ਮੁਲਾਕਾਤ ਪੰਨਾ-27

ਆਤੂ ਖੋਜੀ ਸਚਾਈ ਦੀ ਅਮਰਗਾਥਾ ਪੰਨਾ-39



## 46 ਸਾਲਾਂ ਦੀ ਰੈਡਫੋਰਡ ਬਣੇਗੀ ਅਲਬਰਟਾ ਦੀ ਪਹਿਲੀ ਮਹਿਲਾ ਮੁਖੀ



ਅਲਬਰਟਾ, (ਨਦਬ) : ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਅਲਬਰਟਾ ਦੀਆਂ ਲੰਮੇ ਸਮੇਂ ਤੋਂ ਚਲ ਰਹੀਆਂ ਲੀਡਰਸ਼ਿਪ ਚੋਣਾਂ ਵਿਚ ਐਲੀਸਨ ਰੈਡਫੋਰਡ ਨੇ ਆਪਣੇ ਨੇੜਲੇ ਵਿਰੋਧੀ ਗੈਰੀ ਮਾਰ ਨੂੰ 1613 ਵੋਟਾਂ ਨਾਲ ਪਛਾੜ ਕੇ ਪਹਿਲੀ ਔਰਤ ਪ੍ਰੀਮੀਅਰ ਹੋਣ ਦਾ ਮਾਣ ਪ੍ਰਾਪਤ ਕਰ ਲਿਆ ਹੈ। ਚੋਣਾਂ ਦੇ ਪਹਿਲੇ ਗੇੜ ਵਿਚ 17 ਸਤੰਬਰ ਨੂੰ ਗੈਰੀ ਮਾਰ ਤੋਂ ਤਕਰੀਬਨ 18 ਫੀਸਦੀ ਵੋਟਾਂ ਨਾਲ ਪਿਛੇ ਚਲ ਰਹੀ ਐਲੀਸਨ ਨੇ ਪਹਿਲੀ ਅਕਤੂਬਰ ਨੂੰ ਦੂਜੇ ਗੇੜ ਦੀਆਂ ਚੋਣਾਂ ਵੇਲੇ ਤਰਜੀਹੀ ਵੋਟ ਦੌਰਾਨ ਆਪਣੀ ਵੋਟ ਗਿਣਤੀ ਨੂੰ ਕਾਫੀ ਅਗੇ ਵਧਾਉਂਦਿਆਂ ਜਿੱਤ ਦੇ ਕਰੀਬ ਮੰਨੇ ਜਾਂਦੇ ਗੈਰੀ ਮਾਰ ਨੂੰ 50 ਫੀਸਦੀ ਵੋਟਾਂ ਪ੍ਰਾਪਤ ਕਰਨ ਤੋਂ ਰੋਕ ਦਿਤਾ ਅਤੇ ਰਾਜਨੀਤੀ ਵਿਸ਼ਲੇਸ਼ਕਾਂ ਨੂੰ ਹੈਰਾਨ ਕਰ ਦਿਤਾ।

ਇਥੇ ਇਹ ਵਰਨਣਯੋਗ ਹੈ ਕਿ ਰੈਡ ਫੋਰਡ ਦੀ ਜਿੱਤ ਦਾ ਸਿਹਰਾ ਉਸ ਦਾ ਮੁੱਦਿਆਂ ਪ੍ਰਤੀ ਅਪਣਾਇਆ ਪੈਂਤੜਾ ਅਤੇ ਵੋਟਰਾਂ ਖਾਸ ਕਰ ਕੇ ਨਰਸਾਂ, ਅਧਿਆਪਕਾਂ ਅਤੇ ਕੰਮ ਕਰਨ ਵਾਲੇ ਮਾਪਿਆਂ ਨੂੰ ਸਿੱਧਾ ਸੰਬੋਧਨ ਤੇ ਬੰਨ੍ਹਿਆਂ ਜਾ ਰਿਹਾ ਹੈ। ਰੈਡਫੋਰਡ ਨੇ ਸੱਤਾਧਾਰੀ ਪਾਰਟੀ 'ਚ ਕਿੰਗ ਮੇਕਰ ਕੈਂਪ ਨੂੰ ਚੁਣੌਤੀ ਦਿਤੀ ਅਤੇ ਆਪਣੀ ਟੇਕ ਵੋਟਰਾਂ 'ਤੇ ਧਰਦਿਆਂ ਹੈਰਾਨੀਜਨਕ ਜਿੱਤ ਪ੍ਰਾਪਤ ਕੀਤੀ।

ਲੀਡਰਸ਼ਿਪ ਦੀ ਚੋਣ ਜਿੱਤਣ ਉਪਰੰਤ ਰੈਡਫੋਰਡ ਨੇ ਆਪਣੇ ਵਾਅਦਿਆਂ ਨੂੰ ਦੁਹਰਾਂਦਿਆਂ ਕਿਹਾ ਕਿ ਉਨ੍ਹਾਂ ਦੀ ਪ੍ਰਾਥਮਿਕਤਾ ਸਕੂਲਾਂ ਲਈ ਫੰਡਾਂ ਨੂੰ ਬਹਾਲ ਕਰਨਾ, ਲੋਕਾਂ 'ਚ ਪਬਲਿਕ ਹੈਲਥ ਕੇਅਰ ਦੀ ਭਰੋਸੇਯੋਗਤਾ ਬਹਾਲ ਕਰਨਾ, ਹੈਲਥ ਕੇਅਰ 'ਚ ਆਈਆਂ ਸ਼ਿਕਾਇਤਾਂ ਜਿਨ੍ਹਾਂ 'ਚ ਵਾਰੀ ਦੀ ਉਲੰਘਣਾ ਕਰ ਕੇ ਜਨਤਕ ਇੰਕੁਆਰੀ ਬਿਠਾਉਣਾ ਸ਼ਾਮਲ ਹਨ। ਉਨ੍ਹਾਂ ਪਤਝੜ ਸੈਸ਼ਨ ਸੱਦਣ ਤੋਂ ਇਨਕਾਰ ਕੀਤਾ। ਐਨ.ਡੀ.ਪੀ. ਲੀਡਰ ਬਰਾਇਲ ਮੇਸ ਨੇ ਇਸ ਚੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਰੈਡਫੋਰਡ ਦੀ ਚੋਣ ਪੀ.ਸੀ. ਪਾਰਟੀ ਦੇ ਮੈਂਬਰਾਂ ਦਾ ਉਸ ਦੁਆਰਾ ਉਠਾਏ ਮੁੱਦਿਆਂ 'ਤੇ ਦਿਤਾ ਫਤਵਾ ਹੈ।

# ਬੇਰੁਜ਼ਗਾਰੀ ਕਾਰਨ ਅਮਰੀਕਾ ਵਿਚ 'ਬਗ਼ਾਵਤ'

### ਵਾਲ ਸਟਰੀਟ 'ਤੇ ਕਬਜ਼ੇ ਦੇ ਨਾਅਰੇ ਦੇ ਨਾਲ ਸੜਕਾਂ 'ਤੇ ਉਤਰੇ 700 ਲੋਕ ਗ੍ਰਿਫ਼ਤਾਰ

ਅਮਰੀਕਾ (ਨਦਬ) : ਅਮਰੀਕਾ ਦੇ ਨਿਊ ਯਾਰਕ ਵਿਚ ਆਰਥਕ ਭੇਦਭਾਵ ਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ਨੂੰ ਲੈ ਕੇ ਐਤਵਾਰ ਨੂੰ ਸੈਂਕੜੇ ਲੋਕ ਸੜਕਾਂ 'ਤੇ ਆ ਗਏ। 'ਵਾਲ ਸਟਰੀਟ 'ਤੇ ਕਬਜ਼ਾ' ਦੇ ਬੈਨਰ ਹੇਠ ਪ੍ਰਦਰਸ਼ਨ ਕਰ ਰਹੇ ਕਰੀਬ 700 ਲੋਕਾਂ ਨੂੰ ਬਿਨਾਂ ਇਜਾਜ਼ਤ ਮਾਰਚ ਕੱਢਣ ਅਤੇ ਟਰੈਫਿਕ ਵਿਵਸਥਾ ਠੱਪ ਕਰਨ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਵਿਦਰੋਹ ਸਿਰਫ ਅਮਰੀਕਾ ਤਕ ਹੀ ਸੀਮਤ ਰਹਿੰਦਾ ਨਹੀਂ ਲਗਦਾ ਸਗੋਂ ਨਾਲ ਲਗਦੇ ਮੁਲਕ ਕੈਨੇਡਾ ਵਿਚ ਵੀ ਪੈਰ ਪਸਾਰਨੇ ਸ਼ੁਰੂ ਕਰ ਰਿਹਾ ਹੈ। ਕੈਨੇਡਾ ਦੇ ਵੀ ਕਈ ਸ਼ਹਿਰਾਂ ਵਿਚ ਲੋਕ ਮੰਦਹਾਲੀ ਵਿਰੁੱਧ ਉਸਲਵੱਟੇ ਲੈ ਰਹੇ ਹਨ।




ਅਮਰੀਕਾ ਦੇ ਬੋਸਟਨ, ਸ਼ਿਕਾਗੋ ਅਤੇ ਸਾਂਨ ਫਰਾਂਸਿਸਕੋ ਸਮੇਤ ਕਈ ਸ਼ਹਿਰਾਂ ਵਿਚ ਵੀ ਇਸੇ ਤਰ੍ਹਾਂ ਦੇ ਪ੍ਰਦਰਸ਼ਨਾਂ ਦੀਆਂ ਖ਼ਬਰਾਂ ਹਨ। ਪ੍ਰਦਰਸ਼ਨਕਾਰੀ ਪਿਛਲੇ ਦੋ ਹਫ਼ਤੇ ਤੋਂ ਦੇਸ਼ ਵਿਚ ਮਚੀ ਕਾਰਪੋਰੇਟ ਲੁੱਟ ਖਿਲਾਫ਼ ਵਿਰੋਧ ਪ੍ਰਗਟਾ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਪੂੰਜੀਪਤੀਆਂ ਦਾ ਜ਼ਿਆਦਾ ਧਿਆਨ ਰੱਖ ਰਹੀ ਹੈ, ਜਿਸ ਕਾਰਨ ਦੇਸ਼ ਵਿਚ ਲੋਕਾਂ ਦੀ ਆਮਦਨੀ ਵਿਚ ਫਰਕ ਅਤੇ ਬੇਰੁਜ਼ਗਾਰੀ ਵਧ ਰਹੀ ਹੈ। ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਪੁਲੀਸ ਨੇ ਬਰੁਕਲਿਨ ਬਰਿਜ ਨੂੰ ਆਵਾਜਾਈ ਲਈ ਫੇਰ ਤੋਂ ਖੋਲ੍ਹ ਦਿੱਤਾ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੂੰ ਫੁੱਟਪਾਥ 'ਤੇ ਚੱਲਣ ਦੇ ਨਿਰਦੇਸ਼ ਦਿੱਤੇ ਗਏ ਸਨ, ਪਰ ਉਨ੍ਹਾਂ ਦੇ ਸੜਕ ਦੇ ਵਿਚਾਲੇ ਆਉਣ 'ਤੇ ਜਾਮ ਲੱਗਣ ਕਾਰਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

'ਵਾਲ ਸਟਰੀਟ 'ਤੇ ਕਬਜ਼ਾ' ਦੇ ਬੈਨਰ ਹੇਠ ਵੱਡੀ ਸੰਖਿਆ ਵਿਚ ਇਕੱਤਰ ਹੋਏ ਲੋਕਾਂ ਨੇ ਵਰਲਡ ਟਰੇਡ ਸੈਂਟਰ ਨੇੜੇ ਜ਼ੁਕੋਟੀ ਪਾਰਕ ਤੋਂ ਬਰੁਕਲਿਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਪ੍ਰਦਰਸ਼ਨ ਦੌਰਾਨ ਇਕ ਪੁਲੀਸ ਕਮਾਂਡਰ ਵਲੋਂ ਇਕ ਮਹਿਲਾ 'ਤੇ ਕਾਲੀ ਮਿਰਚ ਦਾ ਸਪਰੇਅ ਕਰਨ ਦੇ ਵੀਡੀਓ ਦੇ ਇੰਟਰਨੈਟ 'ਤੇ ਪਾਉਣ ਮਗਰੋਂ ਵਿਖਾਵਾਕਾਰੀਆਂ ਦਾ ਗੁੱਸਾ ਵਧ ਗਿਆ ਹੈ। ਇਸ ਮਗਰੋਂ ਇਸ ਮੁਹਿੰਮ ਨੂੰ ਕਈ ਮਜ਼ਦੂਰ ਸੰਗਠਨਾਂ, ਸਿਖਿਅਕਾਂ ਅਤੇ ਸਥਾਨਕ ਟਰਾਂਸਪੋਰਟਰਾਂ ਦਾ ਵੀ ਸਮਰਥਨ ਮਿਲ ਰਿਹਾ ਹੈ।

## ਟਰਾਂਸਪੋਰਟ ਅਤੇ ਚੈਨਲਾਂ ਦੇ ਮੁੱਦੇ 'ਤੇ ਬਾਦਲ ਸਰਕਾਰ ਘਿਰਨ ਲੱਗੀ

ਚੰਡੀਗੜ੍ਹ, (ਨਦਬ) : ਟਰਾਂਸਪੋਰਟ ਨੀਤੀ ਅਤੇ ਪੀ.ਟੀ.ਸੀ. ਤੇ ਫਾਸਟਵੇਅ ਚੈਨਲ ਦੇ ਮਾਲਕਾਨਾ ਹੱਕ ਦੇ ਮੁੱਦੇ 'ਤੇ ਅਕਾਲੀ ਭਾਜਪਾ ਸਰਕਾਰ ਪੂਰੀ ਤਰ੍ਹਾਂ ਘਿਰਦੀ ਨਜ਼ਰ ਆ ਰਹੀ ਹੈ। ਟਰਾਂਸਪੋਰਟ ਨੀਤੀ ਦਾ ਜ਼ਬਰਦਸਤ ਵਿਰੋਧ ਤਾਂ ਅਕਾਲੀ ਦਲ ਨੂੰ ਬਰਦਾਸ਼ਤ ਕਰਨਾ ਹੀ ਪੈ ਰਿਹਾ ਹੈ, ਇਸੇ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਇਸ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿਤਾ ਹੈ। ਦੂਸਰੇ ਪਾਸੇ ਪੀ.ਟੀ.ਸੀ. ਅਤੇ ਫਾਸਟਵੇਅ ਚੈਨਲ ਦੇ ਮਾਲਕਾਨਾ ਹੱਕ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਇਲਜ਼ਾਮ ਲਾਇਆ ਹੈ ਕਿ ਇਹ ਚੈਨਲ ਬਾਦਲ ਪਰਿਵਾਰ ਦੇ ਹਨ। ਦੂਸਰੇ ਸਾਰੇ ਚੈਨਲਾਂ ਨੂੰ ਦਰਕਿਨਾਰ ਕਰ ਕੇ ਕਰੋੜਾਂ ਦਾ ਬਿਜਨਸ ਬਾਦਲ ਪਰਿਵਾਰ ਚਲਾ ਰਿਹਾ ਹੈ। ਇਸ ਦੇ ਜਵਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਟਰਾਂਸਪੋਰਟ ਬਿਜਨਸ ਵਿਚ ਮੇਰਾ ਕੋਈ ਹਿਸਾ ਨਹੀਂ ਹੈ। ਅਦਾਲਤ ਨੇ ਜੋ ਨੋਟਿਸ ਸਰਕਾਰ ਨੂੰ ਭੇਜਿਆ ਹੈ, ਉਸ ਦਾ ਜਵਾਬ ਦਿਤਾ ਜਾਵੇਗਾ। ਸ. ਬਾਦਲ ਪੀ.ਟੀ.ਸੀ. ਚੈਨਲ ਨਾਲ ਵੀ ਆਪਣੇ ਸਬੰਧਾਂ ਤੋਂ ਇਨਕਾਰ ਕਰ ਗਏ ਅਤੇ ਕਿਹਾ ਕਿ ਮੇਰੇ ਪਰਿਵਾਰ ਦੇ ਸਾਰੇ ਮੈਂਬਰ ਰਿਟਰਨ ਭਰਦੇ ਹਨ, ਕੈਪਟਨ ਅਮਰਿੰਦਰ ਨੂੰ ਹੀ ਪਤਾ ਹੋਵੇਗਾ ਕਿ ਮੇਰਾ ਪੀ.ਟੀ.ਸੀ. ਚੈਨਲ ਵਿਚ ਕਿੰਨਾ ਹਿਸਾ ਹੈ।

## 'ਨਵੀਂ ਦੁਨੀਆ', ਨਵਾਂ ਅੰਦਾਜ਼ : ਨਵੇਂ ਅਹਿਦ, ਨਵੇਂ ਸੰਕਲਪ

ਵਿਨੀਪੈਗ ਅਤੇ ਆਸ-ਪਾਸ ਦੇ ਪਾਠਕ 'ਨਵੀਂ ਦੁਨੀਆ' ਵਿੱਚ ਖ਼ਬਰਾਂ, ਇਸ਼ਤਿਹਾਰ, ਤਸਵੀਰਾਂ ਆਦਿ ਦੇਣ ਲਈ ਸਾਡੇ ਪ੍ਰਤੀਨਿਧੀ 'ਸਰਬ ਮਾਵੀ' ਨਾਲ ਸੰਪਰਕ ਕਰ ਸਕਦੇ ਹਨ।

204-218-6284
ssmavi@live.com



ਸਰਬਜੀਤ ਮਾਵੀ




Preparing you for a safe & healthy journey
Offering National & International Travel Vaccines
ਕਨੇਡਾ ਤੋਂ ਬਾਹਰ ਸੁਰਖਿਅਤ ਤੇ ਸਿਹਤਮੰਦ ਸਫਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ
Atlas Immunization Services
Phone : 780.465.5150
www.atlasimmunization.com
Suite 104, 7633-50 St. Edmonton (Meridian Place)

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700




For All Your Real Estate Needs & Best Services Contact Dan Sidhu Broker / Owner
Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ ।



Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD Each Office is Individually Owned and Operated
Specialized in Residential Commertial & Investment Properties
110-300 Merganser Dr. West Chestermere, AB T1X 1L6



BHUVINDER (BETTY) GILL MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE



* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
SARJAN LUTHRA B.Sc, LL.B. Barrister Solicitor
780-466-4660




**POWAR HOMES LTD.**
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Kuldip S. Powar
Ranjit S. Powar

Fax: 780-406-6797
Email: ranjit_pawar@hotmail.com
Contact At:
Ph: 780-695-6595

**STP ELECTRIC LTD.**

stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

**EAGLE ROCK GOLF COURSE**

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895



50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

**ALPHA Tent Rentals**
All Events Big or Small
We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**



ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354



**DASHMESH TIRE & LUBE**

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
- Do Service on remote locations including Weighing Scales.
- Vehicle Inspection by Certified Mechanic.

Call: Manjit S.Khosa, Garry Dhaliwal
Ph: 780-298-1114, 780-993-4441
Enough Parking Space
6609 34 st. . Edmonton, Alberta.

**WILDROSE MASONARY & STONE WORKS**



Commertial & Residential
Ph: 780 340 1400
Off: 780 450 1413
Fax: 780 490 4888
Dave Johal
Culture Stone | Bricks
Blocks | Glass Blocks




email:wildrosemasonary@live.ca ✦ 1404-69th St. SW Edmonton, AB T6L 1L4

**MILLWOODS PIZZA & INDIAN CUISINE**
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
780 462 4313
Cell: 780 504 5600
Out door Catering at reasonable rates
www.millwoodspizza.com
Take Out Buffets
starting from $ 7.99



Faryad Pannu

**Insurance & Financial Services**

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

Concept, Design and Installation
**Cambridge Windows Mfg. Inc.**

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਕੈਨੇਡਾ ਦੀਆਂ ਯੂਨੀਵਰਸਿਟੀ ਫੀਸਾਂ ’ਚ 4.3 ਫੀਸਦੀ ਵਾਧਾ

ਟਰਾਂਟੋ (ਨਦਬ) : ਸਟੈਟਿਕਸ ਕੈਨੇਡਾ ਦੀ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਦੇਸ਼ ਭਰ ਵਿਚ ਯੂਨੀਵਰਸਿਟੀ ਸਿਖਿਆ ਪਿਛਲੇ ਸਾਲਾਂ ਨਾਲੋਂ ਹੋਰ ਮਹਿੰਗੀ ਹੋ ਗਈ ਹੈ। ਫੀਸ ਵਿਚ ਵਾਧੇ ਦੀ ਇਹ ਦਰ ਮਹਿੰਗਾਈ ਦੀ ਦਰ ਨੂੰ ਵੀ ਪਾਰ ਕਰ ਕੇ ਅੱਗੇ ਨਿਕਲ ਗਈ ਹੈ। 2011-12 ਦੌਰਾਨ ਅੰਡਰ ਗ੍ਰੈਜੂਏਟ ਵਿਦਿਆਰਥੀਆਂ ਨੂੰ ਔਸਤਨ 5,366 ਡਾਲਰ ਫੀਸ ਭਰਨੀ ਪਵੇਗੀ ਜੋ ਪਿਛਲੇ ਸਾਲ ਨਾਲੋਂ 4.3 ਫੀਸਦੀ ਵੱਧ ਹੈ।




ਫੈਡਰਲ ਏਜੰਸੀ ਮੁਤਾਬਕ ਮਹਿੰਗਾਈ ਦਰ ਇਸ ਵੇਲੇ 2.7 ਫੀਸਦੀ ਚਲ ਰਹੀ ਹੈ। ਟਿਊਸ਼ਨ ਫੀਸ ਵਿਚ ਸਭ ਤੋਂ ਵੱਧ ਵਾਧਾ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਵਿਖੇ ਹੋਇਆ ਜਿਥੇ 2003-04 ਤੋਂ ਬਾਅਦ ਕਦੀ ਨਹੀਂ ਸੀ ਹੋਇਆ। ਓਨਟੈਰੀਓ ਵਿਖੇ ਫੀਸਾਂ ਵਿਚ ਨਾ ਸਿਰਫ ਹਰ ਸਾਲ ਸਭ ਤੋਂ ਵੱਧ ਵਾਧਾ ਹੋਇਆ ਸਗੋਂ ਅੰਡਰ ਗ੍ਰੈਜੂਏਟਸ ਲਈ ਓਨਟੈਰੀਓ 6640 ਡਾਲਰ ਫੀਸ ਕਾਰਨ ਮੁਲਕ ਦਾ ਸਭ ਤੋਂ ਮਹਿੰਗਾ ਸੂਬਾ ਵੀ ਹੋ ਨਿਬੜਿਆ। ਸ਼ਾਇਦ ਇਹੀ ਕਾਰਨ ਹੈ ਕਿ ਇਹ ਮਸਲਾ ਸੂਬੇ ਦੀਆਂ ਚੋਣਾਂ ਵਿਚ ਵੀ ਛਾਇਆ ਹੋਇਆ ਹੈ। ਅੰਡਰਗ੍ਰੈਜੂਏਟ ਵਿਦਿਆਰਥੀਆਂ ਲਈ ਕਿਊਵਾਕ 2519 ਡਾਲਰ ਦੀ ਫੀਸ ਨਾਲ ਇਸ ਸਾਲ ਸਭ ਤੋਂ ਸਸਤਾ ਥਾਂ ਰਿਹਾ। ਜੇਕਰ ਫੈਕਲਟੀ ਪੱਖੋਂ ਗੱਲ ਕਰੀਏ ਤਾਂ 16024 ਡਾਲਰ ਨਾਲ ਡੈਂਟਿਸਟਰੀ ਦੀ ਵਿਦਿਆ ਪਿਛਲੇ ਸਾਲ ਸਭ ਤੋਂ ਮਹਿੰਗੀ ਰਹੀ। ਇਸ ਦੀ ਫੀਸ ਵਿਚ 6.4 ਫੀਸਦੀ ਵਾਧਾ ਹੋਇਆ। ਇਸ ਮਗਰੋਂ ਮੈਡੀਸਨ ਦਾ 11345 ਡਾਲਰ ਨਾਲ ਦੂਜਾ ਨੰਬਰ ਰਿਹਾ। ਫਿਰ ਫਾਰਮੈਸੀ 9806 ਡਾਲਰ ਨਾਲ ਤੀਜੇ ਨੰਬਰ ’ਤੇ ਰਹੀ। ਇਸ ਦੀ ਫੀਸ ਵਿਚ 8.8 ਫੀਸਦੀ ਵਾਧਾ ਕੀਤਾ ਗਿਆ। ਕੈਨੇਡਾ ਵਿਚ ਫਾਰਮੈਸੀ ਦੀ ਫੀਸ ਵਿਚ ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ। ਅੰਡਰ ਗ੍ਰੈਜੂਏਟ ਪ੍ਰੋਗਰਾਮ ਦੇ ਮਾਮਲੇ ਵਿਚ, ਓਨਟੈਰੀਓ ਮੁਲਕ ਦਾ ਸਭ ਤੋਂ ਮਹਿੰਗਾ ਸੂਬਾ ਹੈ, ਜਿਥੇ ਹਰ ਵਿਦਿਆਰਥੀ ਨੂੰ ਔਸਤਨ 7,578 ਡਾਲਰ ਖਰਚ ਕਰਨੇ ਪੈਂਦੇ ਹਨ ਜਦਕਿ ਨਿਊਫਾਊਂਡਲੈਂਡ ਸਭ ਤੋਂ ਸਸਤਾ ਹੈ। ਇਥੇ ਵਿਦਿਆਰਥੀ ਗ੍ਰੈਜੂਏਸ਼ਨ ਲਈ 2,456 ਡਾਲਰ ਯੂਨੀਵਰਸਿਟੀ ਨੂੰ ਦਿੰਦੇ ਹਨ। ਸਭ ਤੋਂ ਮਹਿੰਗਾ ਗ੍ਰੈਜੂਏਟ ਪ੍ਰੋਗਰਾਮ ਹੈ ਐਗਜੀਕਿਊਟਿਵ ਮਾਸਟਰ ਆਫ ਬਿਜਨਸ ਐਡਮਿੰਨਸਟ੍ਰੇਸ਼ਨ, ਜਿਸ ਦੀ ਸਲਾਨਾ ਫੀਸ 37,501 ਡਾਲਰ ਰਹੀ।

# ਵੱਡੇ ਏਅਰਪੋਰਟ ਪ੍ਰਾਜੈਕਟ ਦਾ ਪਹਿਲਾ ਟਰਮੀਨਲ ਤਿਆਰ

ਵਿਨੀਪੈਗ, (ਨਦਬ) : ਵਿਸ਼ਵ ਪ੍ਰਸਿੱਧ ਆਰਕੀਟੈਕਟ ਸੀਜ਼ਰ ਪੈਲੀ ਵਲੋਂ ਤਿਆਰ ਡਿਜ਼ਾਈਨ ’ਤੇ ਆਧਾਰਤ ਦੋ ਪੜਾਵਾਂ ਵਿਚ ਤਿਆਰ ਹੋਣ ਵਾਲੇ ਵੱਡੇ ਏਅਰਪੋਰਟ ਪ੍ਰਾਜੈਕਟ ਦਾ ਪਹਿਲਾ ਟਰਮੀਨਲ ਤਕਰੀਬਨ ਤਿਆਰ ਹੈ। 2007 ਵਿਚ ਸ਼ੁਰੂ ਹੋਏ ਇਸ ਪ੍ਰਾਜੈਕਟ ਦੇ ਪਹਿਲੇ ਟਰਮੀਨਲ ਦੇ 30 ਅਕਤੂਬਰ 2011 ਤਕ ਖੁੱਲ੍ਹ ਜਾਣ ਦੀ ਆਸ ਹੈ। ਵਿਨੀਪੈਗ ਏਅਰਪੋਰਟਸ ਅਥਾਰਟੀ ਨੂੰ ਆਸ ਹੈ ਕਿ ਇਸ ਟਰਮੀਨਲ ਕਰਕੇ ਏਅਰ ਕੈਨੇਡਾ ਦੇ ਵੱਡੇ ਜਹਾਜ਼ ਯੂਰਪ ਵੱਲ ਉਡਾਣਾਂ ਨਾਲ ਵਧੀਆ ਸੇਵਾਵਾਂ ਪ੍ਰਦਾਨ ਕਰ ਸਕਣਗੇ। ਨਵੇਂ ਟਰਮੀਨਲ ਦੇ ਨਾਲ ਨਾਲ ਇਕ ਪਹੁੰਚ ਮਾਰਗ 1559 ਵਾਹਨਾਂ ਲਈ 4 ਪੱਧਰੀ ਪਾਰਕਿੰਗ 2006 ਤੋਂ ਹੀ ਕੰਮ ਕਰ ਰਹੀ ਹੈ ਤੇ 2009 ਤੋਂ ਬੱਸ ਟਰਮੀਨਲ ਵੀ ਚੱਲ ਰਿਹਾ ਹੈ। ਪਹਿਲ ਦੇ ਆਧਾਰ ’ਤੇ ਵਿਨੀਪੈਗ ਏਅਰਪੋਰਟਸ ਅਥਾਰਟੀ ਨੇ ਤੀਜੀ 1400 ਮੀਟਰ ਲੰਬੀ ਉਡਾਣ-ਪੱਟੀ ਦਾ ਕੰਮ ਕਰ ਦਿੱਤਾ ਹੈ। ਨਵੇਂ ਟਰਮੀਨਲ ਦੇ ਸਾਹਮਣੇ ਇਕ ਆਲੀਸ਼ਾਨ ਹੋਟਲ ਤੇ ਹੁਣ ਵਾਲੇ ਹੋਟਲ ’ਤੇ ਪਾਰਕਿੰਗ ਵਿਚਾਲੇ ਇਕ ਦਫ਼ਤਰ ਅਤੇ ਕੈਨੇਡਾ ਪੋਸਟ ਦੇ ਨਵੇਂ ਪਲਾਂਟ ਦੀ ਉਸਾਰੀ ਦੀ ਸਕੀਮ ਹੈ। ਇਥੇ ਇਹ ਵਰਣਨਯੋਗ ਹੈ ਕਿ ਵਿਨੀਪੈਗ ਏਅਰਪੋਰਟ ’ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੁਵਿਧਾਵਾਂ/ਵਿਵਸਥਾਵਾਂ ਦੇ ਆਧਾਰ ’ਤੇ ਕੈਨੇਡਾ ਦੀ ਅੰਦਰੂਨੀ ਬੰਦਰਗਾਹ ਬਣਨ ਦਾ ਦਾਅਵਾ ਵੀ ਮਜ਼ਬੂਤ ਕਰਨ ਦਾ ਯਤਨ ਕਰ ਰਿਹਾ ਹੈ।

# ਯੂਨੀਵਰਸਿਟੀ ਆਫ ਅਲਬਰਟਾ ਦੇ ਸਾਇੰਸਦਾਨ ਕਰ ਰਹੇ ਨੇ ਡਾਇਨਾਸੋਰ ਪ੍ਰੋਟੋ ਫੈਦਰਾਂ ਦਾ ਅਧਿਐਨ

ਅਲਬਰਟਾ, (ਨਦਬ) : ਯੂਨੀਵਰਸਿਟੀ ਆਫ ਅਲਬਰਟਾ ਦੇ ਸਾਇੰਸਦਾਨ ਅੱਜ ਕਲ ਦੁਨੀਆ ਦੇ ਪਹਿਲੇ ਪ੍ਰੋਟੋ ਫੈਦਰਸ ਦਾ ਅਧਿਐਨ ਕਰ ਰਹੇ ਹਨ, ਜਿਨ੍ਹਾਂ ਨੇ 80 ਮਿਲੀਅਨ ਸਾਲ ਪਹਿਲਾਂ ਦੱਖਣੀ ਅਲਬਰਟਾ ਵਿਖੇ ਰਹਿੰਦੇ ਡਾਇਨਾਸੌਰ ਦੀ ਠੰਢ ਤੋਂ ਰੱਖਿਆ ਕੀਤੀ। ਡਿਪਾਰਟਮੈਂਟ ਆਫ ਅਰਥ ਐਂਡ ਐਟਮੌਸਫੀਅਰਿਕ ਸਾਇੰਸ ਦਾ ਕਹਿਣਾ ਹੈ ਕਿ ਇਹ ਇਕ ਅਦਭੁੱਤ ਚੀਜ਼ ਹੈ ਅਤੇ ਦੁਨੀਆ ਵਿਚ ਪਹਿਲਾਂ ਕਦੀ ਕਿਸੇ ਨੂੰ ਅਜਿਹਾ ਅਧਿਐਨ ਕਰਨ ਦਾ ਮੌਕਾ ਨਹੀਂ ਮਿਲਿਆ। ਇਸ ਤੋਂ ਪਹਿਲਾਂ ਵੀ ਮਾਹਰਾਂ ਨੂੰ ਪ੍ਰੋਟੋ ਫੈਦਰਸ ਦਾ ਸੁਰਾਗ ਮਿਲਿਆ ਸੀ ਪਰ ਐਂਬਰ ਵਿਖੇ ਸੁਰੱਖਿਅਤ ਪਏ ਇਹ ਹੁਣ ਮਿਲੇ ਹਨ। ਉਤਰ ਪੂਰਬੀ ਚਾਈਨਾ ਵਿਖੇ ਥੈਰਪੌਡਸ ਦੇ ਕੰਕਾਲ ਮਿਲੇ ਸਨ ਜਿਵੇਂ ਕਿ ਸਾਈਨੋਸੌਰੋਪਟੈਰਿਕਸ ਅਤੇ ਕੁਝ ਫ਼ਰ ਜਹੀ ਚੀਜ਼ ਵੀ। ਫਰ ਅਤੇ ਰੇਸ਼ੇ ਰੂਪੀ ਪ੍ਰੋਟੋ ਫੈਦਰ ਉਨ੍ਹਾਂ ਡਾਇਨਾਸੌਰਾਂ ਦੇ ਹੋ ਸਕਦੇ ਹਨ ਜੋ ਅੱਜ ਕਲ ਪਾਏ ਜਾਣ ਵਾਲੇ ਕਈ ਪੰਛੀਆਂ ਨਾਲ ਨਜ਼ਦੀਕੀ ਸਬੰਧ ਰੱਖਦੇ ਸਨ। ਇਹ ਪ੍ਰੋਟੋ ਫੈਦਰ ਉਸ ਵੇਲੇ ਦਰਖ਼ੱਤਾਂ ਨਾਲ ਡਾਇਨਾਸੌਰਾਂ ਦੇ ਟਕਰਾਉਣ ਕਾਰਨ ਚਿਪਕ ਗਏ ਹੋਣਗੇ ਜਦੋਂ ਉਹ ਦੱਖਣੀ ਅਲਬਰਟਾ ਵਿਖੇ ਘੁੰਮਿਆ ਕਰਦੇ ਸਨ। ਇਹ ਗੱਲ ਉਸ ਕਾਲ ਦੀ ਹੈ ਜਦੋਂ ਅਲਬਰਟਾ ਇਕ ਸੰਘਣਾ ਜੰਗਲ ਸੀ ਅਤੇ ਆਰਕਟਿਕ ਤੋਂ ਟੈਕਸਸ ਤਕ ਫੈਲੇ ਵਿਸ਼ਾਲ ਗਰਮ ਮਹਾਸਾਗਰ ਦੇ ਕਿਨਾਰੇ ਵਸਿਆ ਹੋਇਆ ਸੀ। ਵਿਗਿਆਨੀਆਂ ਨੇ ਇਨ੍ਹਾਂ ਪ੍ਰੋਟੋ ਫੈਦਰਾਂ ਦੀ ਖੋਜ ਕਰੀਬ 4 ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਐਂਬਰ ਤੋਂ ਮਿਲੇ ਸੈਂਪਲਾਂ ਵਿਚ ਹਰ 50 ਸੈਂਪਲਾਂ ਵਿਚੋਂ ਸਿਰਫ ਇਕ ਵਿਚ ਜੈਵਿਕ ਤੱਤ ਮਿਲੇ। ਇਸ ਸਾਰੀ ਖੋਜ ਲਈ 2 ਲੱਖ ਟੁਕੜਿਆਂ ਦੀ ਜਾਂਚ ਕੀਤੀ ਗਈ ਅਤੇ 4 ਹਜ਼ਾਰ ਸੈਂਪਲਾਂ ਵਿਚ ਪ੍ਰੋਟੋ ਫੈਦਰ ਦੇ ਅੰਸ਼ ਮਿਲੇ।

## ਬੱਚਿਆਂ ਨੂੰ ਬੱਸਾਂ ਵਿਚ ਹੀ ਸਕੂਲ ਲਿਜਾਇਆ ਜਾਵੇ : ਮੇਟਿਸ ਭਾਈਚਾਰਾ

ਐਡਮਿੰਟਨ, (ਨਦਬ) : ਉਤਰੀ ਅਲਬਰਟਾ ਦੇ ਮੇਟਿਸ ਭਾਈਚਾਰੇ ਦੇ ਕੁਝ ਲੋਕ ਚਾਹੁੰਦੇ ਹਨ ਕਿ ਲੋਕਲ ਜੂਨੀਅਰ ਹਾਈ ਸਕੂਲ ਪ੍ਰੋਗਰਾਮ ਬੰਦ ਹੋ ਜਾਵੇ ਤਾਂ ਜੋ ਉਨ੍ਹਾਂ ਦੇ ਬੱਚੇ ਹਾਈ ਪਰੇਰੀ ਦੇ ਵੱਡੇ ਸਕੂਲਾਂ ਵਿਚ ਬੱਸ ਰਾਹੀਂ ਜਾਣ ਦੇ ਹੱਕਦਾਰ ਬਣ ਸਕਣ। ਹੁਣ ਇਹ ਫੈਸਲਾ ਇਹ ਹੋਇਆ ਹੈ ਕਿ ਨੌਰਥਲੈਂਡ ਸਕੂਲ ਡਵੀਜ਼ਨ ਦੇ ਅਧਿਕਾਰੀ ਸਥਾਨਕ ਸਕੂਲ ਬੋਰਡ ਨਾਲ ਮਿਲ ਕੇ ਕੰਮ ਕਰਨਗੇ ਅਤੇ ਪੀਵਾਈਨ ਜਾ ਕੇ ਇਹ ਜਾਨਣ ਦੀ ਕੋਸ਼ਿਸ਼ ਕਰਨਗੇ ਕਿ ਲੋਕ ਆਖਰ ਕੀ ਚਾਹੁੰਦੇ ਹਨ? ਆਖ਼ਰੀ ਫੈਸਲਾ ਨੌਰਥਲੈਂਡ ਸਕੂਲ ਡਵੀਜ਼ਨ ਦੇ ਟਰੱਸਟੀ ਕੋਲਿਨ ਕੈਲੀ ਨੇ ਲੈਣਾ ਹੈ। ਪਿਛਲੇ ਸਾਲ ਜਨਵਰੀ ਮਹੀਨੇ ਅਲਬਰਟਾ ਦੇ ਸਿਖਿਆ ਮੰਤਰੀ ਡੇਵ ਹੈਨਕੌਕ ਵਲੋਂ 23 ਡਵੀਜ਼ਨਲ ਟਰੱਸ਼ਟੀਆਂ ਨੂੰ ਬਰਖਾਸਤ ਕਰਨ ਮਗਰੋਂ ਕੋਲਿਨ ਕੈਲੀ ਦੀ ਨਿਯੁਕਤੀ ਹੋਈ ਸੀ।

# ਹੋਰਨਾਂ ਮੁਲਕਾਂ ਦੇ ਮੁਕਾਬਲੇ ਕੈਨੇਡੀਆਈ ਡਾਕਟਰਾਂ ਨੂੰ ਮਿਲਦੀ ਹੈ ਘੱਟ ਤਨਖਾਹ

ਟਰਾਂਟੋ, (ਨਦਬ) : ਹਾਲ ਹੀ ਵਿਚ ਫੀਸਾਂ ਵਿਚ ਹੋਏ ਵਾਧੇ ਦੇ ਬਾਵਜੂਦ ਕੈਨੇਡਿਆਈ ਡਾਕਟਰਾਂ ਨੂੰ ਨਾਟਕੀ ਢੰਗ ਨਾਲ ਤਨਖਾਹਾਂ ਦੇਣ ਦੇ ਮਾਮਲੇ ਵਿਚ ਆਪਣੇ ਬਰਾਬਰ ਦੇ ਅਮਰੀਕੀ ਡਾਕਟਰਾਂ ਤੋਂ ਪਿਛੇ ਰੱਖਿਆ ਗਿਆ ਹੈ। ਇਕ ਨਵੇਂ ਅਧਿਐਨ ਅਨੁਸਾਰ ਦੋਵਾਂ ਮੁਲਕਾਂ ਦੇ ਮੂਹਰੀ ਕਤਾਰ ਵਿਚਲੇ ‘ਮੁਢਲੀ ਸੰਭਾਲ’ ਵਾਲੇ ਡਾਕਟਰਾਂ ਤੇ ਸਰਜਨ ਮਾਹਰਾਂ ਵਿਚਾਲੇ ਤਨਖਾਹ ਭੱਤਿਆਂ ਦਾ ਬਹੁਤ ਵੱਡਾ ਪਾੜਾ ਹੈ। ਕੈਨੇਡਾ ਵਿਚਲੇ ਆਰਥੋਪੈਡਿਕ ਸਰਜਨਾਂ ਨੂੰ ਅਮਰੀਕਾ ਦੇ ਡਾਕਟਰਾਂ ਨਾਲੋਂ ਬਹੁਤ ਘੱਟ ਭਾਵ 440000 ਡਾਲਰ ਤੋਂ ਵੀ ਘੱਟ ਤਨਖਾਹ ਮਿਲਦੀ ਹੈ। ਬਰਤਾਨੀਆ ਵੀ ਆਪਣੇ ਡਾਕਟਰਾਂ ਨੂੰ ਕੈਨੇਡਾ ਨਾਲੋਂ ਵਧ ਤਨਖਾਹਾਂ ਦਿੰਦਾ ਹੈ ਜਦਕਿ ਅਮਰੀਕਾ ਤੇ ਬਰਤਾਨੀਆ ਦੇ ਨਾਲ ਨਾਲ ਜਰਮਨੀ ਵੀ ਫੈਮਲੀ ਡਾਕਟਰਾਂ ਤੇ ਬੱਚਿਆਂ ਦੇ ਡਾਕਟਰਾਂ ਵਰਗੇ ਮੁਢਲੀਆਂ ਸਹੂਲਤਾਂ ਦੇਣ ਵਾਲੇ ਡਾਕਟਰਾਂ ਨੂੰ ਵਧੇਰੇ ਤਨਖਾਹਾਂ ਦਿੰਦਾ ਹੈ। ਕੈਨੇਡਿਆਈ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਜੌਹਨ ਹੈਗੀ ਨੇ ਦੱਸਿਆ ਕਿ ਕੈਨੇਡਾ ਨੂੰ ਇਹ ਪਾੜਾ ਖ਼ਤਮ ਕਰਨਾ ਚਾਹੀਦਾ ਹੈ ਨਹੀਂ ਤਾਂ ਦੇਸ਼ ਵਿਚ ਮਾਹਰਾਂ ਦੀ ਘਾਟ ਨਾਲ ਵੱਡੀ ਮੁਸੀਬਤ ਖੜੀ ਹੋ ਸਕਦੀ ਹੈ। ਕੈਨੇਡਾ ਨੂੰ 1990 ਵਿਚ ਅਮਰੀਕਾ ਦੇ ਮੁਕਾਬਲੇ ਡਾਕਟਰਾਂ ਦੀ ਘੱਟ ਰਹੀ ਗਿਣਤੀ ਦਾ ਸਾਹਮਣਾ ਕਰਨਾ ਪਿਆ ਸੀ। ਡਾ. ਹੈਗੀ ਨੇ ‘ਹੈਲਥ ਅਫੇਅਰਜ਼’ ਪੱਤ੍ਰਿਕਾ ਵਿਚ ਇਹ ਆਵਾਜ਼ ਉਠਾਈ ਹੈ ਕਿ ਪੈਸਿਆਂ ਨਾਲੋਂ ਵੀ ਕੰਮ ਦੀਆਂ ਥਾਵਾਂ ਡਾਕਟਰਾਂ ਨੂੰ ਆਕਰਸ਼ਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਚੰਗਾ ਤਨਖਾਹ ਪੈਕੇਜ ਡਾਕਟਰਾਂ ਨੂੰ ਆਕਰਸ਼ਤ ਕਰਦਾ ਹੈ ਤੇ ਇਹ ਚੁੰਬਕ ਵਾਂਗ ਕੰਮ ਕਰਦਾ ਹੈ ਪਰ ਇਸ ਦਾ ਅਸਰ ਹਮੇਸ਼ਾ ਇਕੋ ਜਿਹਾ ਨਹੀਂ ਹੁੰਦਾ ਜਦੋਂ ਤੁਸੀਂ ਲੋਕਾਂ ਨੂੰ ਬੰਨ੍ਹ ਕੇ ਰੱਖਣਾ ਚਾਹੁੰਦੇ ਹੋਵੋ। ਜਿਸ ਸਿਸਟਮ ਵਿਚ ਡਾਕਟਰ ਕੰਮ ਕਰ ਰਹੇ ਹਨ, ਕੰਮ ਪ੍ਰਤੀ ਖਿੱਚ ਦਾ ਹਿੱਸਾ ਹੋਣਾ ਚਾਹੀਦਾ ਹੈ। ਮੈਡੀਕਲ ਰਿਕਰੀਊਟਮੈਂਟ ਏਜੰਸੀਆਂ ਦੀ ਅੰਕੜਿਆਂ ਤੇ ਖਾਤਿਆਂ ਅਨੁਸਾਰ ਅਮਰੀਕਾ ਵਲ ਪਰਵਾਸ ਪਿਛਲੇ ਕੁਝ ਸਾਲਾਂ ਵਿਚ ਉਲਟ ਹੋਇਆ ਹੈ ਕਿਉਂਕਿ ਦੱਖਣੀ ਸਰਹੱਦ ’ਤੇ ਤਨਖਾਹਾਂ ਵਿਚ ਕੁਝ ਵਾਧਾ ਹੋਣ ਨਾਲ ਸਥਿਤੀ ਬਦਲੀ ਹੈ। ਨਿਊ ਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿਖੇ ਕੁਝ ਪ੍ਰੋਫੈਸਰਾਂ ਨੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਆਖ਼ਰ ਹੋਰਨਾਂ ਮੁਲਕਾਂ ਦੇ ਮੁਕਾਬਲੇ ਅਮਰੀਕਾ ਵਿਚ ਸਿਹਤ ਸੰਭਾਲ ਦੀ ਕੀਮਤ ਏਨੀ ਜ਼ਿਆਦਾ ਕਿਉਂ ਹੈ।

# ਸਿਹਤ ਸਹੂਲਤਾਂ ਲਈ ਹੈਲੀਕਾਪਟਰ ਦੀ ਲਈ ਜਾਵੇਗੀ ਮਦਦ

ਅਲਬਰਟਾ, (ਨਦਬ) : ਸਿਹਤ ਮੰਤਰੀ ਥਰੇਸਾ ਓਸਵਾਲਡ ਨੇ ਦੱਸਿਆ ਕਿ ਪੱਛਮੀ ਮੈਨੀਟੋਬਾ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਇਕ ਕਦਮ ਹੋਰ ਪੁੱਟਦਿਆਂ ਉਨ੍ਹਾਂ ਨੇ ਹਵਾਈ ਐਂਬੂਲਸ ਹੈਲੀਕਾਪਟਰ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ ਹਨ। ਇਸ ਯੋਜਨਾ ਤਹਿਤ ਹੈਲੀਕਾਪਟਰ ਮਿਊਂਸੀਪਲ ਹਵਾਈ ਅੱਡੇ ’ਤੇ ਉਤਰੇਗਾ ਤੇ ਮਰੀਜ਼ਾਂ ਨੂੰ ਜ਼ਮੀਨੀ ਰਸਤੇ ਰਾਹੀਂ ਐਂਬੂਲਸ ’ਤੇ ਬਰੈਨਡਨ ਰੀਜਨਲ ਹੈਲਥ ਸੈਂਟਰ ਲਿਆਂਦਾ ਜਾਵੇਗਾ। ਟੋਰੀ ਸਰਕਾਰ ਹਸਪਤਾਲ ਵਿਖੇ ਹੈਲੀਕਾਪਟਰ ਉਤਾਰਨ ਲਈ ਕਿਸੇ ਇਮਾਰਤ ਦੀ ਭਾਲ ਵਿਚ ਹੈ। ਇਹ ਹੈਲੀਕਾਪਟਰ ਅਲਬਰਟਾ ਦੀ ਸ਼ੋਕ ਟਰੋਮਾ ਏਅਰ ਰੈਸਕਿਊ ਸੁਸਾਇਟੀ (ਸਟਾਰਜ਼) ਵਲੋਂ ਚਲਾਇਆ ਜਾਵੇਗਾ। ਸਟਾਰਜ਼ ਦਾ ਵਿਨੀਪੈਗ ਵਿਚ ਹੈਲੀਕਾਪਟਰ ਬੇਸ ਹੈ ਜੋ ਹੜਾਂ ਦੌਰਾਨ ਲਿਆਂਦਾ ਗਿਆ ਸੀ। ਪਿਛਲੀ ਜੁਲਾਈ ਨੂੰ ਸਰਕਾਰ ਨੇ ਵਿਨੀਪੈਗ ਵਿਚ ਸਥਾਈ ਤੌਰ ’ਤੇ ਬੇਸ ਬਣਾਉਣ ਦਾ ਫੈਸਲਾ ਕੀਤਾ ਸੀ। ਐਨ.ਡੀ.ਪੀ. ਦੀ ਨਵੀਂ ਸੱਤ ਮੰਜ਼ਿਲਾ ਇਮਾਰਤ ਦੀ ਛੱਤ ’ਤੇ ਹੈਲੀਕਾਪਟਰ ਲੈਂਡਿੰਗ ਪੈਡ ਬਣਾਉਣ, ਵਿਲੀਅਮ ਐਵਨਿਊ ’ਤੇ ਹੈਲਥ ਸਾਇੰਸਜ਼ ਸੈਂਟਰ ਵਿਖੇ 39 ਮਿਲੀਅਨ ਡਾਲਰ ਦਾ ਡਾਇਗਨੋਸਟਿਕ ਇਮੇਜਿੰਗ ਸੈਂਟਰ ਬਣਾਉਣ ਦੀ ਯੋਜਨਾ ਹੈ। ਇਹ ਯੋਜਨਾ ਦੋ ਸਾਲਾਂ ਵਿਚ ਮੁਕੰਮਲ ਕਰ ਲਈ ਜਾਵੇਗੀ। ਓਸਵਾਲਡ ਨੇ ਦੱਸਿਆ ਕਿ ਵਿਨੀਪੈਗ ਦਾ ਇਹ ਹੈਲੀਕਾਪਟਰ ਹੁਣ ਤੱਕ ਬਰੈਂਡਨ ਤੇ ਸਵਾਨ ਦਰਿਆ ਉਪਰ ਉਡਾਨ ਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੂਜੇ ਹੈਲੀਕਾਪਟਰ ਦੀ ਲੋੜ ਪਈ ਤਾਂ ਉਹ ਜ਼ਰੂਰ ਲੈਣਗੇ।

TD Canada Trust
We’ve got the right mortgage for you
Together we can identify the home financing solution that meets your needs.
Call Now
780 938 6023

Mujtaba Syed
Manager
Mobile Mortgage Specialist
ਅਸੀਂ ਤੁਹਾਨੂੰ ਵਧੀਆ ਤੇ ਸਸਤੀ ਮੌਰਟਗੇਜ ਦੇਣ ਦਾ ਭਰੋਸਾ ਦਿੰਦੇ ਹਾਂ।

Great rates. Low fees. Expert advice.

• What’s the best option for me, an open or closed mortgage?
• Should I choose a fixed or a variable interest rate?
• Is my downpayment enough for a conventional mortgage?
Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.
Let’s talk.
Anjali Agarwal, Mortgage Development Manager 780.718.7217 anjali.agarwal@servus.ca servus.ca
servus credit union
feel good about your money.
Best Managed Companies

# ਪਰਵਾਸੀਆਂ ਨੂੰ ਵਰਕਰ ਕਹਿਣ 'ਤੇ ਪੰਜਾਬੀ ਨਾਰਾਜ਼

## ਪ੍ਰੋਗਰੈਸਿਵ ਕੰਜ਼ਰਵੇਟਿਵ ਦੇ ਬਿਆਨ ਤੋਂ ਭੜਕਿਆ ਪੰਜਾਬੀ ਭਾਈਚਾਰਾ ਲਿਬਰਲ ਪਾਰਟੀ ਨਾਲ ਰਲਿਆ

ਟੋਰਾਂਟੋ (ਨਦਬ) ਪੰਜਾਬੀ ਪਰਵਾਸੀਆਂ ਦੀ ਸਭ ਤੋਂ ਵੱਡੀ ਆਬਾਦੀ ਵਾਲੇ ਓਂਟਾਰੀਓ ਵਿਚ ਸੱਤਾ ਵੱਲ ਵੱਧ ਰਹੇ ਵਿਰੋਧੀ ਦਲ ਪ੍ਰੋਗਰੈਸਿਵ ਕੰਜ਼ਰਵੇਟਿਵ (ਪੀ.ਸੀ.) ਆਗੂਆਂ ਨੇ ਟੋਰਾਂਟੋ ਵਿਚ ਇਕ ਰੈਲੀ ਵਿਚ ਪਰਵਾਸੀਆਂ ਨੂੰ ਫਾਰੇਨ ਵਰਕਰਸ (ਵਿਦੇਸ਼ੀ ਕਾਮੇ) ਦੱਸਿਆ। ਚੋਣਾਂ ਦੇ ਠੀਕ ਪਹਿਲਾਂ ਆਏ ਇਸ ਬਿਆਨ ਤੋਂ ਨਾਰਾਜ਼ ਪੰਜਾਬੀ ਭਾਈਚਾਰਾ ਸੱਤਾਧਾਰੀ ਲਿਬਰਲ ਪਾਰਟੀ ਦੇ ਪੱਖ ਵਿਚ ਖੜਾ ਹੋ ਗਿਆ। ਓਂਟਾਰੀਓ ਵਿਚ 6 ਅਕਤੂਬਰ ਨੂੰ ਚੋਣਾਂ ਹੋਣੀਆਂ ਹਨ। ਤਿੰਨ ਹਫ਼ਤੇ ਪਹਿਲਾਂ ਤੱਕ ਚੋਣ ਸਰਵੇਖਣਾਂ ਵਿਚ ਸੱਤਾਧਾਰੀ ਲਿਬਰਰਲ ਪਾਰਟੀ ਤੋਂ ਕਰੀਬ 10 ਫੀਸਦੀ ਵੋਟਾਂ ਤੋਂ ਅੱਗੇ ਚੱਲ ਰਹੇ ਕੰਜ਼ਰਵੇਟਿਵ ਹੁਣ ਚੋਣਾਂ ਤੋਂ ਇਕ ਹਫ਼ਤੇ ਪਹਿਲਾਂ ਕਰੀਬ ਪੰਜ ਫੀਸਦੀ ਵੋਟਾਂ ਨਾਲ ਪਿਛੇ ਹੋ ਗਿਆ ਹੈ।

ਓਂਟਾਰੀਓ ਵਿਚ ਰਹਿਣ ਵਾਲੇ ਇੰਡੋ- ਕੈਨੇਡੀਅਨ ਨੇ ਇਸ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਜੀ.ਟੀ.ਏ. ਵਿਚ ਕਈ ਸੀਟਾਂ 'ਤੇ ਪੀ.ਸੀ. ਪਾਰਟੀ ਨੇ ਦੋ-ਤਿੰਨ ਪੰਜਾਬੀ ਉਮੀਦਵਾਰਾਂ ਨੂੰ ਵੀ ਟਿਕਟ ਦਿੱਤੇ ਸਨ ਅਤੇ ਉਹ ਮਜ਼ਬੂਤ ਸਥਿਤੀ ਵਿਚ ਸਨ ਪਰ ਹੁਣ ਉਨ੍ਹਾਂ ਦੀ ਹਾਲਤ ਵੀ ਖਰਾਬ ਹੈ।

### ਇੰਜ ਬਦਲੀ ਤਸਵੀਰ

10 ਸਤੰਬਰ ਨੂੰ ਕਿੰਨੇ ਵੋਟਰ ਨਾਲ
ਲਿਬਰਲ 29.2, ਪ੍ਰੋਗਰੈਸਿਵ ਕੰਜ਼ਰਵੇਟਿਵ 39.1, ਐਨ.ਡੀ.ਪੀ. 23 ਫੀਸਦੀ।
28 ਸਤੰਬਰ ਦੀ ਸਥਿਤੀ
ਲਿਬਰਲ 34.9, ਪ੍ਰੋਗਰੈਸਿਵ ਕੰਜ਼ਰਵੇਟਿਵ 30.1, ਐਨ.ਡੀ.ਪੀ. 24 ਫੀਸਦੀ।

### ਦੇਰ ਨਾਲ ਸਮਝੇ

ਵੋਟ ਪ੍ਰਤੀਸ਼ਤਤਾ ਘਟਣ ਮਗਰੋਂ ਇਸ਼ਤਿਹਾਰਾਂ ਵਿਚੋਂ ਵਿਦੇਸ਼ ਕਾਮੇ ਸ਼ਬਦ ਹਟਾਉਣ ਦੇ ਨਾਲ ਨਾਲ ਬਿਆਨ ਵੀ ਬਦਲ ਦਿੱਤੇ ਗਏ ਪਰ ਵੋਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ 'ਤੇ ਭਰੋਸਾ ਨਹੀਂ ਰਿਹਾ।

# ਐਡਮਿੰਟਨ ਪੁਲੀਸ ਕਮਿਸ਼ਨ ਵਿਚ ਹੀ ਬਣੇ ਰਹਿਣਗੇ ਸਿਟੀ ਕੌਂਸਲਰ

ਐਡਮਿੰਟਨ, (ਨਦਬ) : ਸਮੇਂ ਦੀ ਵਧਦੀ ਮੰਗ ਅਤੇ ਸਮਾਂ ਦੇਣ ਦੀ ਵਚਨਬੱਧਤਾ ਦੇ ਬਾਵਜੂਦ ਫੈਸਲਾ ਇਹ ਹੋਇਆ ਹੈ ਕਿ ਸਿਟੀ ਕੌਂਸਲਰ ਐਡਮਿੰਟਨ ਪੁਲੀਸ ਕਮਿਸ਼ਨ ਵਿਚ ਬਣੇ ਰਹਿਣਗੇ। ਪਰ ਜ਼ਿੰਮੇਵਾਰੀਆਂ ਵਿਚ ਵਾਧਾ ਜ਼ਰੂਰ ਹੋ ਸਕਦਾ ਹੈ। ਦੋ ਸਿਟੀ ਕੌਂਸਲਰ ਡੇਵ ਲੋਕਨ ਅਤੇ ਕੈਰਨ ਲੀਬੋਵਿਕੀ 9 ਮੈਂਬਰੀ ਸਿਵਲੀਅਨ ਬੋਰਡ ਵਿਚ ਬੈਠਦੇ ਹਨ, ਜੋ ਕਿ ਸਰਕਾਰ ਅਤੇ ਪੁਲੀਸ ਵਿਚਾਲੇ ਪੁਲ ਦਾ ਕੰਮ ਕਰਦਾ ਹੈ। ਬੀਤੇ ਦਿਨ ਕਮਿਸ਼ਨ ਦੀ ਮੌਜੂਦਾ ਬਣਤਰ ਉਪਰ ਵਿਚਾਰ ਕਰਨ ਵਾਸਤੇ ਇਕ ਬੈਠਕ ਕੀਤੀ ਗਈ ਜਿਸ ਵਿਚ ਇਹ ਫੈਸਲਾ ਲਿਆ ਗਿਆ ਹੈ। ਮਸਲਾ ਇਹ ਹੈ ਕਿ ਇਹ ਕੰਮ ਬਹੁਤ ਹੀ ਜ਼ਿੰਮੇਵਾਰੀ ਭਰਿਆ ਹੈ ਅਤੇ ਕਈ ਵਾਰ ਕੌਂਸਲਰ ਆਪਣੀ ਮਸਰੂਫੀਅਤ ਕਾਰਨ ਇਸ ਨੂੰ ਲੋੜੀਂਦੀ ਤਵੱਜੋ ਨਹੀਂ ਦੇ ਪਾਉਂਦੇ। ਇਸ ਮਸਲੇ ਉਪਰ ਕੌਂਸਲਰ ਦੀ ਸਲਾਨਾ ਹਾਊਸਕੀਪਿੰਗ ਬੈਠਕ ਵਿਚ ਇਸ ਮਹੀਨੇ ਮੁੜ ਵਿਚਾਰ ਕੀਤਾ ਜਾਣਾ ਹੈ। ਹੱਲ ਇਹ ਹੋ ਸਕਦਾ ਹੈ ਕਿ ਕੌਂਸਲਰਾਂ ਨੂੰ ਅਹਿਮ ਬੈਠਕਾਂ ਵਿਚ ਬੈਠਣਾ ਤਾਂ ਲਾਜ਼ਮੀ ਕਰ ਦਿਤਾ ਜਾਵੇ ਪਰ ਬਾਕੀ ਦੀਆਂ ਬੈਠਕਾਂ ਵਿਚ ਗੈਰ ਹਾਜ਼ਰ ਰਹਿਣ ਦੀ ਖੁਲ੍ਹ ਦੇ ਦਿਤੀ ਜਾਵੇ।

ਲੀਬੋਵਿਕੀ ਦਾ ਵੀ ਸੁਝਾਅ ਹੈ ਕਿ ਬੇਸ਼ੱਕ ਇਸ ਕਮਿਸ਼ਨ ਕਾਰਨ ਪੁਲੀਸ ਅਤੇ ਸਿਟੀ ਹੌਲ ਵਿਚਾਲੇ ਰਾਬਤਾ ਬਣਿਆ ਰਹਿੰਦਾ ਹੈ ਪਰ ਕੌਂਸਲਰਾਂ ਦੀ ਜ਼ਿੰਮੇਵਾਰੀ ਘਟਾਉਣ ਦੀ ਲੋੜ ਹੈ ਤਾਂ ਜੋ ਉਹ ਆਪਣੇ ਦੂਜੇ ਕੰਮ ਵੀ ਕਰ ਸਕਣ। ਕੌਂਸਲਰ ਹਰ ਮਹੀਨੇ 25 ਘੰਟੇ ਸਿਰਫ ਕਮਿਸ਼ਨ ਦੇ ਕੰਮਾਂ ਉਪਰ ਹੀ ਖ਼ਰਚ ਕਰ ਦਿੰਦੇ ਹਨ। ਸਾਲ 2007 ਤੋਂ 2010 ਦੌਰਾਨ ਕਮਿਸ਼ਨ ਮੈਂਬਰ ਰਹੇ, ਕੌਂਸਲਰ ਅਮਰਜੀਤ ਸੋਹੀ ਨੇ ਦਸਿਆ ਕਿ ਉਨ੍ਹਾਂ ਕਮਿਸ਼ਨ ਦੇ ਕੰਮਾਂ ਉਪਰ ਹਰ ਮਹੀਨੇ 25 ਘੰਟੇ ਲਾਏ ਅਤੇ ਜੋ 65 ਤੋਂ 70 ਘੰਟੇ ਹਰ ਹਫਤੇ ਕੌਂਸਲਰ ਦੇ ਕੰਮਾਂ ਲਈ ਲਗਦੇ ਸਨ ਉਹ ਵਖਰੇ। ਕਮਿਸ਼ਨ 300 ਮਿਲੀਅਨ ਡਾਲਰ ਦੇ ਬਜਟ ਉਪਰ ਨਜ਼ਰ ਰੱਖਣ ਤੋਂ ਇਲਾਵਾ ਅਨੁਸ਼ਾਸਨ ਬਹਾਲ ਰੱਖਣ ਦਾ ਕੰਮ ਵੀ ਕਰਦਾ ਹੈ। ਕੌਂਸਲਰ ਪੁਲੀਸ ਐਕਟ ਤਹਿਤ, ਸਿਵਲੀਅਨ ਮੈਂਬਰਾਂ ਦੀ ਬਹਾਲੀ ਕਰਦਾ ਹੈ ਜੋ 2 ਸਾਲ ਦੀਆਂ ਤਿੰਨ ਟਰਮਾਂ ਭਾਵ ਸੇਵਾ ਕਾਲ ਤਕ ਕੰਮ ਕਰਦੇ ਹਨ। ਪਰ ਬੋਰਡਾਂ ਦੇ ਫੈਸਲੇ ਲੈਣ ਸਬੰਧੀ ਕੰਮਾਂ ਵਿਚ ਦਖਲ ਦੇਣ ਦਾ ਹੱਕ ਕੌਂਸਲਰ ਨੂੰ ਨਹੀਂ ਹੈ। ਇਹ ਪਹਿਲੀ ਵਾਰੀ ਨਹੀਂ ਜਦੋਂ ਪੁਲੀਸ ਕਮਿਸ਼ਨ ਵਿਚ ਕੌਂਸਲਰਾਂ ਦੀ ਭੂਮਿਕਾ ਬਾਰੇ ਸਵਾਲ ਉਠੇ ਹਨ। 1998 ਤੋਂ ਸਾਲ 2001 ਦੌਰਾਨ ਕੌਂਸਲਰ ਪੁਲੀਸ ਕਮਿਸ਼ਨ ਨਾਲ ਵਿਚਾਰਕ ਮਤਭੇਦਾਂ ਦੇ ਚਲਦੇ ਕੰਮ ਨਹੀਂ ਸਨ ਕਰ ਸਕੇ।

# ਕੀਸਟੋਨ ਵਿਵਾਦ ਨੇ ਉਭਾਰੀਆਂ ਨਿਵੇਸ਼ਕਾਂ ਦੀਆਂ ਪ੍ਰੇਸ਼ਾਨੀਆਂ

ਐਡਮਿੰਟਨ, (ਨਦਬ) : ਅਲਬਰਟਾ ਆਇਲਸੈਂਡਸ ਤੋਂ ਟੈਕਸਸ ਦੇ ਪੋਰਟ ਅਰਥਰ ਇਲਾਕੇ ਤਕ ਪ੍ਰਸਤਾਵਤ 7 ਬਿਲੀਅਨ ਡਾਲਰ ਦੀ ਕੀਸਟੋਨ ਐਕਸ ਐਲ ਪਾਈਪ ਲਾਈਨ ਨੂੰ ਹਰ ਪਾਸਿਉਂ ਅਲੋਚਨਾ ਸਹਿਣੀ ਪੈ ਰਹੀ ਹੈ। ਵਿਰੋਧ ਕਰਨ ਵਾਲਿਆਂ ਵਿਚ ਅਭਿਨੇਤਰੀਆਂ ਮਾਰਗਟ ਕਿਡਰ ਅਤੇ ਡੈਰਿਲ ਹਨਾਹ, ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਡੈਸਮੰਡ ਟੂਟੂ ਅਤੇ ਦਲਾਈ ਲਾਮਾ ਵੀ ਸ਼ਾਮਲ ਹਨ। ਪਰ ਇਸ ਸਾਰੇ ਘਟਨਾ ਚੱਕਰ ਵਿਚ ਫਸੀ ਹੈ 91 ਫੀਸਦੀ ਬੇਰੁਜ਼ਗਾਰ ਅਮਰੀਕੀ ਜਨਤਾ ਅਤੇ 52 ਸਾਲਾਂ ਵਿਚ ਅਜਿਹਾ ਪਹਿਲੀ ਵਾਰੀ ਹੋਇਆ ਹੈ ਜਦੋਂ 40.2 ਫੀਸਦੀ ਅਮਰੀਕੀ ਲੋਕ ਅਧਿਕਾਰਤ ਤੌਰ 'ਤੇ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਹਨ।

ਹੁਣ ਸਮਝ ਇਹ ਨਹੀਂ ਆ ਰਿਹਾ ਕਿ ਜਿੱਤ ਆਖ਼ਰ ਕਿਸ ਦੀ ਹੋਵੇਗੀ। ਰੁਜ਼ਗਾਰ ਅਤੇ ਵਪਾਰ ਦੀ ਜਾਂ ਆਦਰਸ਼ਾਂ ਅਤੇ ਵਾਤਾਵਰਣ ਦੀ। ਇਸ ਦੁਬਿਧਾ ਕਾਰਨ ਨਿਵੇਸ਼ਕ ਮੁਸੀਬਤ ਵਿਚ ਫਸੇ ਹੋਏ ਹਨ। ਜਿਨ੍ਹਾਂ ਨੇ ਵੀ ਇਸ ਟਰਾਂਸ ਕੈਨੇਡਾ ਕਾਰਪੋਰੇਸ਼ਨ ਦੇ ਸ਼ੇਅਰ ਖਰੀਦੇ ਸਨ, ਸਾਰਿਆਂ ਨੂੰ ਨੁਕਸਾਨ ਹੋਇਆ ਹੈ। ਇਕ ਕਾਰਨ ਇਹ ਵੀ ਰਿਹਾ ਹੈ ਕਿ ਕੰਪਨੀ ਨੇ ਆਪਣਾ ਧਿਆਨ ਇਸ ਪ੍ਰਾਜੈਕਟ ਤੋਂ ਹਟਾ ਕੇ ਉਰਜਾ ਦੇ ਦੂਜੇ ਸਾਧਨਾਂ ਉਪਰ ਕੇਂਦਰਿਤ ਕਰ ਲਿਆ ਹੈ ਪਰ ਪ੍ਰੇਸ਼ਾਨੀ ਦਾ ਵੱਡਾ ਸਬੱਬ ਕੀਸਟੋਨ ਦਾ ਵਿਰੋਧ ਹੀ ਹੈ। ਲੋਕਾਂ ਨੂੰ ਇਹ ਭਰੋਸਾ ਦੁਆਇਆ ਗਿਆ ਸੀ ਕਿ ਇਸ ਪ੍ਰਾਜੈਕਟ ਦੇ ਸ਼ੁਰੂ ਹੋਣ ਨਾਲ ਮੁਲਕ ਵਿਚ ਚੰਗੀ ਆਮਦਨੀ ਵਾਲੀਆਂ 20,000 ਨੌਕਰੀਆਂ ਦੇ ਮੌਕੇ ਪੈਦਾ ਹੋਣਗੇ ਅਤੇ ਕੁੱਲ 160,000 ਨੌਕਰੀਆਂ ਪੈਦਾ ਹੋਣਗੀਆਂ। ਬੀਤੇ ਦਿਨੀ ਵਾਤਾਵਰਣ ਸਬੰਧੀ ਆਈ ਇਕ ਰਿਪੋਰਟ ਵਿਚ ਇਸ ਪ੍ਰਾਜੈਕਟ ਨੂੰ ਹਰੀ ਝੰਡੀ ਮਿਲ ਜਾਣ ਦੀ ਸੰਭਾਵਨਾ ਹੈ।

ਖੁਦਾ ਨਾ ਖਾਸਤਾ ਜੇਕਰ ਹਰੀ ਝੰਡੀ ਨਾ ਮਿਲੀ ਤਾਂ ਨਿਵੇਸ਼ਕ ਇਸ ਉਮੀਦ ਵਿਚ ਦਿਨ ਗੁਜ਼ਾਰਨਗੇ ਕਿ ਬੀ.ਪੀ. ਪੀ.ਐਲ.ਸੀ. ਵਾਂਗ ਟਰਾਂਸ ਕੈਨੇਡਾ ਵੀ ਮੁੜ ਖੜੀ ਹੋ ਜਾਵੇਗੀ। ਜਿਵੇਂ ਮੈਕਸਿਕੋ ਦੀ ਖਾੜੀ ਵਿਚ ਹੋਏ ਧਮਾਕੇ ਕਾਰਨ ਨੁਕਸਾਨ ਮਗਰੋਂ ਵੀ ਬੀ.ਪੀ. ਪੀ.ਐਲ.ਸੀ. ਇਸ ਸਾਲ ਐਚ.ਐਸ.ਬੀ.ਸੀ. ਦੀ ਲਿਸਟ ਵਿਚ ਵਿਸ਼ਵ ਦੀਆਂ 100 ਮੋਹਰੀ ਬਰੈਂਡਜ਼ ਕੰਪਨੀਆਂ ਵਿਚ ਆਪਣੀ ਥਾਂ ਬਣਾਉਣ ਵਿਚ ਕਾਮਯਾਬ ਰਹੀ। ਅਲਬਰਟਾ ਦੇ ਉਰਜਾ ਮੰਤਰੀ ਰੌਨ ਲਿਪਰਟ ਨੇ ਦੱਸਿਆ ਕਿ ਸਾਲ 2020 ਤਕ ਕੀਸਟੋਨ ਵਰਗੀਆਂ ਦੋ ਹੋਰ ਪਾਈਪ ਲਾਈਨਾਂ ਦੀ ਲੋੜ ਹੋਵੇਗੀ। ਰਾਹਤ ਦੀ ਗੱਲ ਇਹ ਵੀ ਹੈ ਕਿ ਅਮਰੀਕਾ ਇਸ ਹਾਲਤ ਵਿਚ ਨਹੀਂ ਕਿ ਕੈਨੇਡਾ ਤੋਂ ਤੇਲ ਨਾ ਲੈਣ ਦੀ ਗਲਤੀ ਕਰ ਸਕੇ। ਫਿਲਹਾਲ ਜਿਸ ਸਮਝੌਤੇ ਤਹਿਤ ਅਮਰੀਕਾ ਵੈਨਜ਼ੁਏਲਾ ਤੋਂ ਤੇਲ ਲੈਂਦਾ ਹੈ, ਉਸ ਦੀ ਕੁਝ ਹੀ ਸਾਲਾਂ ਵਿਚ ਮਿਆਦ ਮੁੱਕਣ ਵਾਲੀ ਹੈ ਅਤੇ ਜਿਹੜ ਥੋੜ੍ਹੀ ਬਹੁਤੀ ਸਪਲਾਈ ਬਚੀ ਹੋਈ ਹੈ ਉਸ ਉਪਰ ਪਹਿਲਾਂ ਹੀ ਚੀਨ ਦਾ ਕਬਜ਼ਾ ਹੈ।

ਪੂਰਬੀ ਕੈਨੇਡਾ ਵੱਡੀ ਮਾਤਰਾ ਵਿਚ ਤੇਲ ਯੂਰਪ ਤੋਂ ਮੰਗਵਾਉਂਦਾ ਹੈ ਅਤੇ ਯੂਰਪ ਸਣੇ ਮੱਧ ਪੂਰਬ ਨੂੰ ਵੀ ਇਸ ਪਾਈਪ ਲਾਈਨ ਦੇ ਮਹੱਤਵ ਦਾ ਅੰਦਾਜ਼ਾ ਹੈ। ਪਾਈਪ ਲਾਈਨ ਅਕਸਰ ਇਕ ਖਜ਼ਾਨੇ ਵਾਂਗ ਹੁੰਦੀਆਂ ਹਨ ਜੋ ਬਾਜ਼ਾਰ ਵਿਚ ਅਚਾਨਕ ਆਏ ਮੰਦੀ ਦੇ ਦੌਰ ਦੌਰਾਨ ਸਹਾਈ ਹੁੰਦੀਆਂ ਹਨ।

# ਕੈਥਲਿਕ ਸਕੂਲ ਬੋਰਡ ਵਲੋਂ ਮੁੰਡਿਆਂ ਲਈ ਬਣਾਈ ਯੋਜਨਾ ਠੰਢੇ ਬਸਤੇ ਵਿਚ

ਐਡਮਿੰਟਨ, (ਨਦਬ) : ਇਸ ਇਲਾਕੇ ਦੇ ਦੋ ਕੈਥਲਿਕ ਸਕੂਲਾਂ ਵਿਚ ਕੇਵਲ ਮੁੰਡਿਆਂ ਦੀਆਂ ਕਲਾਸਾਂ ਸ਼ੁਰੂ ਕਰਨ ਦੀ ਯੋਜਨਾ ਫਿਲਹਾਲ ਘੱਟ ਦਾਖ਼ਲਿਆਂ ਕਰਕੇ ਠੰਢੇ ਬਸਤੇ ਵਿਚ ਪੈ ਗਈ ਹੈ। ਪਰ ਸਕੂਲ ਅਧਿਕਾਰੀਆਂ ਦਾ ਇਸ ਯੋਜਨਾ ਨੂੰ ਅਗਲੇ ਸਾਲ ਮੁੜ ਅਜ਼ਮਾਉਣ ਦਾ ਇਰਾਦਾ ਹੈ। ਇਨ੍ਹਾਂ ਕਲਾਸਾਂ ਲਈ ਕੇਵਲ ਇਕ ਹੀ ਇਮਾਰਤ ਵਰਤੋਂ ਵਿਚ ਲਿਆਂਦੀ ਜਾਵੇਗੀ ਜਿਸ ਤਕ ਪਹੁੰਚਣ ਵਾਸਤੇ ਯੈਲੋ ਬੱਸ ਟਰਾਂਸਪੋਰਟੇਸ਼ਨ ਸ਼ਹਿਰ ਭਰ ਵਿਚੋਂ ਨੂੰ ਲਿਆ ਕਰੇਗੀ। ਸਕੂਲ ਅਧਿਕਾਰੀਆਂ ਨੂੰ ਉਮੀਦ ਸੀ ਕਿ ਗਰੇਡ 4 ਅਤੇ 5 ਵਾਸਤੇ 23 ਲੜਕੇ ਜ਼ਰੂਰ ਦਾਖ਼ਲ ਹੋ ਜਾਣਗੇ ਪਰ ਸੈਂਟ ਜੇਮਸ ਐਲੀਮੈਂਟਰੀ ਸਕੂਲ ਵਿਚ 17 ਅਤੇ ਮੈਥਿਊ ਐਲੀਮੈਂਟਰੀ ਸਕੂਲ ਵਿਚ ਸਿਰਫ 11 ਮੁੰਡਿਆਂ ਨੇ ਹੀ ਰੁਚੀ ਦਿਖਾਈ।। ਹਾਲਾਂਕਿ ਮਾਪਿਆਂ ਦਾ 'ਕੇਵਲ ਲੜਕਿਆਂ ਲਈ' ਕਲਾਸ ਪ੍ਰਤੀ ਰੁਚੀ ਜਾਨਣ ਲਈ ਇਕ ਸਰਵੇ ਵੀ ਕੀਤਾ ਗਿਆ ਸੀ ਜਿਸ ਵਿਚ 562 ਵਿਚੋਂ 190 ਨੇ ਇਸ ਨੂੰ ਤਰਜੀਹ ਦਿਤੀ ਸੀ। ਐਡਮਿੰਟਨ ਕੈਥਲਿਕ ਸਕੂਲ ਇਸ ਵਿਸ਼ੇ ਸਬੰਧੀ ਮਾਪਿਆਂ ਨੂੰ ਵਧੇਰੇ ਜਾਣਕਾਰੀ ਦੇਣ ਵਾਸਤੇ ਜਨਵਰੀ ਫਰਵਰੀ ਵਿਚ 'ਇਨਫੋਰਮੇਸ਼ਨ ਇਵਨਿੰਗਸ' ਦਾ ਆਯੋਜਨ ਕਰੇਗਾ।

ਅਜਿਹੇ ਪ੍ਰੋਗਰਾਮ ਵਿਚ ਦਾਖ਼ਲ ਹੋਏ 11 ਸਾਲਾ ਲੜਕੇ ਗੈਵਿਨ ਕ੍ਰੇਕ ਦੀ ਮਾਂ ਸ਼ੈਲੀ ਸੈਬੋ ਨੂੰ ਉਮੀਦ ਹੈ ਕਿ ਅਗਲੇ ਸਾਲ ਕੈਥਲਿਕ ਸਕੂਲਾਂ ਨੂੰ ਇਸ ਕੰਮ ਵਿਚ ਵਧੇਰੇ ਕਾਮਯਾਬੀ ਹਾਸਲ ਹੋਵੇਗੀ। ਉਸ ਨੇ ਇਸ ਤੋਂ ਪਹਿਲਾਂ ਆਪਣੇ ਬੱਚੇ ਨੂੰ ਹੋਲੀਰੁਡ ਸਕੂਲ ਵਿਚ ਦਾਖਲ ਕਰਵਾਇਆ ਸੀ। ਸ਼ੈਲੀ ਮੰਨਦੀ ਹੈ ਕਿ ਸਕੂਲ ਬਹੁਤ ਵਧੀਆ ਸੀ ਪਰ ਗੈਵਿਨ ਜ਼ਰੂਰਤ ਤੋਂ ਜ਼ਿਆਦਾ ਤੇਜ਼-ਤਰਾਰ ਹੋਣ ਕਾਰਨ ਸਭ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਅਤੇ ਅਧਿਆਪਕਾਂ ਨੇ ਉਸ ਨੂੰ 'ਅਟੈਂਸ਼ਨ ਡਿਫਸਿਟ ਹਾਈਪਰ ਐਕਟੀਵਿਟੀ ਡਿਸ ਔਡਰ' ਦਾ ਇਲਾਜ ਤਕ ਕਰਾਉਣ ਦੀ ਸਲਾਹ ਦੇ ਦਿਤੀ।

ਆਲ ਬੁਆਇਜ਼ ਨਾਮ ਦੀ ਇਸ ਯੋਜਨਾ ਤਹਿਤ ਪੜ੍ਹਾਈ ਕਰ ਰਹੇ ਬੱਚੇ ਬੇਹੱਦ ਖੁਸ਼ ਅਤੇ ਸੰਤੁਸ਼ਟ ਹਨ ਕਿਉਂਕਿ ਉਹ ਹਰ ਵੇਲੇ ਡੈਸਕ ਨਾਲ ਚਿਪਕੇ ਰਹਿਣ ਦੀ ਬਜਾਏ ਹੱਥ ਪੈਰ ਖੁਲ੍ਹ ਕੇ ਇਸਤੇਮਾਲ ਕਰਦੇ ਹਨ ਅਤੇ ਪ੍ਰੈਕਟੀਕਲ ਕਰਦਿਆਂ ਸਭ ਕੁਝ ਸਿਖਦੇ ਹਨ।

ਕੈਲਗਰੀ ਸ਼ਹਿਰ ਦਾ ਕੇਵਲ ਮੁੰਡਿਆਂ ਦਾ ਪਹਿਲਾ ਸਕੂਲ ਇਸ ਮਹੀਨੇ ਸਰ ਜੇਮਜ਼ ਐਲੀਮੈਂਟਰੀ ਵਿਖੇ ਖੁੱਲ੍ਹਿਆ ਹੈ, ਜਦੋਂ ਕਿ ਐਡਮਿੰਟਨ ਅਤੇ ਆਲੇ ਦੁਆਲੇ ਪਹਿਲਾਂ ਹੀ ਬਹੁਤ ਸਾਰੇ ਕੇਵਲ ਕੁੜੀਆਂ ਲਈ ਸਕੂਲ ਹਨ। ਉਹ ਮਾਪੇ ਜਿਨ੍ਹਾਂ ਦੇ ਬੱਚੇ ਅਜਿਹੇ ਸਕੂਲਾਂ ਵਿਚ ਜਾ ਰਹੇ ਹਨ, ਬੇਹੱਦ ਯਕੀਨ ਨਾਲ ਬਾਕੀਆਂ ਨੂੰ ਇਹ ਰਸਤਾ ਅਪਨਾਉਣ ਲਈ ਕਹਿ ਰਹੇ ਹਨ ਕਿਉਂਕਿ ਇਨ੍ਹਾਂ ਸਕੂਲਾਂ ਵਿਚ ਪੜ੍ਹਾਈ ਅਤੇ ਪ੍ਰੈਕਟੀਕਲ ਉਸੇ ਤਰ੍ਹਾਂ ਕਰਵਾਇਆ ਜਾਂਦਾ ਹੈ ਜਿਵੇਂ ਲੜਕਿਆਂ ਨੂੰ ਸੁਭਾਵਿਕ ਤੌਰ 'ਤੇ ਪਸੰਦ ਹੁੰਦਾ ਹੈ।

# ਹੜਤਾਲੀ ਕਾਲਜ ਵਰਕਰਾਂ ਵੱਲੋਂ ਮੈਨੇਜਮੈਂਟ ਦੇ ਦਫਤਰਾਂ ਮੂਹਰੇ ਰੈਲੀਆਂ



ਟੋਰਾਂਟੋ, (ਨ ਦ ਬ) : ਪਿਛਲੇ ਦਿਨੀਂ ਡਾਊਨਟਾਊਨ ਟੋਰਾਂਟੋ ਵਿੱਚ ਮੈਨੇਜਮੈਂਟ ਆਫਿਸ ਦੇ ਬਾਹਰ ਸੈਂਕੜੇ ਹੜਤਾਲੀ ਕਰਮਚਾਰੀਆਂ ਨੇ ਰੋਹਪੂਰਨ ਰੈਲੀ ਕੀਤੀ। ਨਵੇਂ ਕਰਾਰ ਸਬੰਧੀ ਗੱਲਬਾਤ ਅੱਧਵਿਚਾਲੇ ਲਟਕਣ ਕਾਰਨ ਲੱਗਭਗ ਦੋ ਹਫਤੇ ਪਹਿਲਾਂ ਇਨ੍ਹਾਂ ਕਾਲਜਾਂ ਦੇ 8,000 ਸਹਾਇਕ ਕਰਮਚਾਰੀ ਹੜਤਾਲ ਉੱਤੇ ਚਲੇ ਗਏ ਸਨ।

# ਕਰਨਲ ਸੱਜਣ ਬਣਿਆ ਕੈਨੇਡਾ ਦੀ ਫੌਜ 'ਚ ਪਹਿਲਾ ਸਿੱਖ ਕਮਾਂਡਰ

ਵੈਨਕੂਵਰ (ਨਦਬ) : ਕੈਨੇਡਿਆਈ ਫੌਜ 'ਚ 1989 ਵਿੱਚ ਭਰਤੀ ਹੋਇਆ ਹਰਜੀਤ ਸਿੰਘ ਸੱਜਣ ਪਹਿਲਾ ਅਜਿਹਾ ਇੰਡੋ-ਕੈਨੇਡੀਅਨ ਹੈ ਜਿਸ ਨੂੰ ਕੈਨੇਡਾ ਦੀ ਇਕ ਰੈਜੀਮੈਂਟ ਦੀ ਕਮਾਂਡ ਸੌਂਪੀ ਗਈ ਹੈ। ਉਹ ਹੁਣ ਫੌਜ 'ਚ ਲੈਫਟੀਨੈਂਟ ਕਰਨਲ ਹੈ। ਵੈਨਕੂਵਰ ਵਿਖੇ ਹੋਏ ਸ਼ਾਨਦਾਰ ਸਮਾਰੋਹ ਵਿਚ ਉਸ ਨੇ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਦੇ ਕਮਾਂਡਿੰਗ ਅਫਸਰ ਵਜੋਂ ਅਹੁਦਾ ਸੰਭਾਲਿਆ। ਇਸ ਤੋਂ ਪਹਿਲਾਂ ਲੈਫਟੀਨੈਂਟ ਕਰਨਲ ਬਰੂਸ ਕਡਨਆਫ ਇਸ ਅਹੁਦੇ 'ਤੇ ਤਾਇਨਾਤ ਸਨ। ਇਤਫਾਕਨ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਕੈਨੇਡਿਆਈ ਫੌਜ 'ਚ ਸਭ ਤੋਂ ਪੁਰਾਣੀ ਰੈਜੀਮੈਂਟ ਹੈ। ਅਜਿਹਾ ਪਹਿਲੀ ਵਾਰ ਹੈ ਜਦੋਂ ਕਿਸੇ ਕੈਨੇਡੀਅਨ ਸਿੱਖ ਨੂੰ ਫੌਜ ਦੀ ਰੈਜੀਮੈਂਟ ਦੀ ਕਮਾਂਡ ਸੌਂਪੀ ਗਈ ਹੈ। ਦੱਸਣਯੋਗ ਹੈ ਕਿ ਕਰਨਲ ਸੱਜਣ ਦੇ ਪਿਤਾ ਕੁੰਦਨ ਸਿੰਘ ਸੱਜਣ ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਹੇ ਹਨ। ਉੱਤਰੀ ਅਮਰੀਕਾ 'ਚ ਸਿੱਖਾਂ ਦੀ ਸਭ ਤੋਂ ਪੁਰਾਣੀ ਇਸ ਸੁਸਾਇਟੀ ਦੀ ਸਥਾਪਨਾ ਸੰਤ ਤੇਜਾ ਸਿੰਘ ਵੱਲੋਂ ਕੀਤੀ ਗਈ ਸੀ। ਕਰਨਲ ਦੇ ਮਾਤਾ ਵਿਦਿਆ ਕੌਰ ਸੱਜਣ ਵੀ ਇਸ ਸੁਸਾਇਟੀ ਨਾਲ ਜੁੜੇ ਰਹੇ ਹਨ। ਫੌਜੀ ਵਜੋਂ ਭਰਤੀ ਹੋਏ ਹਰਜੀਤ ਸਿੰਘ ਸੱਜਣ ਨੇ ਦੋ ਸਾਲ ਪਿੱਛੋਂ 1991 'ਚ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਵਿਚ ਕਮਿਸ਼ਨ ਹਾਸਲ ਕਰ ਲਿਆ। ਚਾਰ ਸਾਲ ਬਾਅਦ ਉਹ ਕੈਪਟਨ ਅਤੇ 2005 'ਚ ਮੇਜਰ ਦੇ ਅਹੁਦੇ 'ਤੇ ਪਹੁੰਚ ਗਿਆ। ਕਰਨਲ ਸੱਜਣ ਦੀ ਤਾਇਨਾਤੀ ਬੋਸਨੀਆ ਤੇ ਅਫਗਾਨਿਸਤਾਨ ਵਿਚ ਵੀ ਰਹੀ ਹੈ। ਲੰਘੇ ਦਿਨ ਜਦੋਂ ਉਨ੍ਹਾਂ ਕਮਾਂਡਰ ਵਜੋਂ ਅਹੁਦਾ ਸੰਭਾਲਿਆ ਤਾਂ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ, ਦੋਸਤ ਤੇ ਸਿੱਖ ਭਾਈਚਾਰੇ ਦੇ ਮੈਂਬਰ ਹਾਜ਼ਰ ਸਨ।

# ਭਾਰਤ ਤੋਂ ਹਾਕੀ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਖੁੱਸੀ

ਲੁਸਾਨੇ, (ਨ ਦ ਬ)- ਭਾਰਤੀ ਹਾਕੀ ਵਿਚ ਚੱਲ ਰਹੇ ਸੱਤਾ ਸੰਘਰਸ਼ ਕਾਰਨ ਭਾਰਤ ਨੂੰ ਦਸੰਬਰ ਮਹੀਨੇ ਹੋਣ ਵਾਲੀ ਵੱਕਾਰੀ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਤੋਂ ਹੱਥ ਧੋਣੇ ਪਏ ਹਨ। ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ ਆਈ ਐਚ) ਨੇ ਐਲਾਨ ਕੀਤਾ ਕਿ ਭਾਰਤ ਵਿੱਚ ਹਾਕੀ ਦੇ ਪ੍ਰਸ਼ਾਸਨ ਸਬੰਧੀ ਚੱਲ ਰਹੀ ਲੜਾਈ ਕਾਰਨ 2011 ਦੀ ਮਰਦਾਂ ਦੀ ਚੈਂਪੀਅਨਜ਼ ਟਰਾਫੀ ਭਾਰਤ ਵਿੱਚ ਨਹੀ ਹੋਵੇਗੀ। ਚੈਂਪੀਅਨਜ਼ ਟਰਾਫੀ ਤਿੰਨ ਤੋਂ 11 ਦਸੰਬਰ ਤੱਕ ਨਵੀ ਦਿੱਲੀ 'ਚ ਖੇਡੀ ਜਾਣੀ ਹੈ।

ਟੂਰਨਾਮੈਂਟ ਦਾ ਮੇਜ਼ਬਾਨ ਨਾ ਰਹਿਣ ਕਾਰਨ ਭਾਰਤ ਨੂੰ ਇਸ ਵਿਚ ਮੇਜ਼ਬਾਨ ਵਜੋਂ ਖੇਡਣ ਦਾ ਮੌਕਾ ਵੀ ਖੁੱਸ ਗਿਆ ਹੈ ਅਤੇ ਉਸ ਨੂੰ ਇਸ ਟੂਰਨਾਮੈਂਟ ਵਿਚ ਥਾਂ ਬਣਾਉਣ ਵਾਸਤੇ ਕੁਆਲੀਫਾਇਰ ਵਜੋਂ ਦੱਖਣੀ ਅਫਰੀਕਾ ਵਿੱਚ ਨਵੰਬਰ ਮਹੀਨੇ ਹੋਣ ਵਾਲੇ ਚੈਂਪੀਅਨਜ਼ ਚੈਲੇਂਜ ਟੂਰਨਾਮੈਂਟ ਵਿੱਚ ਹਿੱਸਾ ਲੈਣਾ ਪਵੇਗਾ।

ਕੌਮਾਂਤਰੀ ਓਲੰਪਿਕ ਕਮੇਟੀ (ਆਈ ਓ ਸੀ) ਦੇ ਨਿਯਮਾਂ ਮੁਤਾਬਕ ਕਿਸੇ ਵੀ ਮੁਲਕ ਵਿੱਚ ਕਿਸੇ ਖੇਡ ਦੇ ਪ੍ਰਸ਼ਾਸਨ ਸਬੰਧੀ ਸਿਰਫ ਇਕੋ ਕਮੇਟੀ ਹੋ ਸਕਦੀ ਹੈ। ਉਸੇ ਨੂੰ ਕੌਮੀ ਮੁਕਾਬਲੇ ਕਰਵਾਉਣ ਅਤੇ ਕੌਮਾਂਤਰੀ ਟੂਰਨਾਮੈਂਟ ਵਿੱਚ ਸ਼ਮੂਲੀਅਤ ਲਈ ਟੀਮਾਂ ਦੀ ਚੋਣ ਦਾ ਹੱਕ ਹੋਵੇਗਾ। ਭਾਰਤ ਵਿੱਚ ਹਾਕੀ ਇੰਡੀਆ ਅਤੇ ਭਾਰਤੀ ਹਾਕੀ ਫੈਡਰੇਸ਼ਨ (ਆਈ ਐਚ ਐਫ) ਦਰਮਿਆਨ ਲੰਬੇ ਸਮੇਂ ਤੋਂ ਤਾਕਤ ਲਈ ਜ਼ੋਰ-ਅਜ਼ਮਾਈ ਚੱਲ ਰਹੀ ਹੈ। ਖੇਡ ਮੰਤਰਾਲੇ ਨੇ ਪਿਛੇ ਜਿਹੇ ਇਸ ਨੂੰ ਖਤਮ ਕਰਾਉਣ ਲਈ ਦੋਵੇਂ ਅਦਾਰਿਆਂ ਦਾ ਸਮਝੌਤਾ ਵੀ ਕਰਾਇਆ ਸੀ। ਹਾਕੀ ਇੰਡੀਆ ਨੂੰ ਮਾਨਤਾ ਦੇ ਚੁੱਕੀ ਐਫ ਆਈ ਐਚ ਨੇ ਇਸ ਸਮਝੌਤੇ ਉਤੇ ਇਤਰਾਜ਼ ਕੀਤਾ ਸੀ। ਐਫ ਆਈ ਐਚ ਦਾ ਕਹਿਣਾ ਸੀ ਕਿ ਹਾਕੀ ਇੰਡੀਆ ਅਤੇ ਐਫ ਆਈ ਐਚ ਦਾ ਸਮਝੌਤਾ ਓਲੰਪਿਕ ਚਾਰਟਰ ਅਤੇ ਐਫ ਆਈ ਐਚ ਦੇ ਨਿਯਮਾਂ ਮੁਤਾਬਕ ਸਹੀ ਨਹੀ।

# ਦਿਲ ਵਾਕ ਪ੍ਰੋਗਰਾਮ ਨੇ ਸਿਹਤ ਪ੍ਰਤੀ ਜਾਗਰੂਕ ਕੀਤਾ

ਕੈਲਗਰੀ, ਹਰਬੰਸ ਬੁੱਟਰ : ਮੀਡੀਆ ਦਾ ਕੰਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੁੰਦਾ ਹੈ,ਇਸੇ ਉਦੇਸ਼ ਨੂੰ ਲੈਕੇ ਰੇਡੀਓ ਸਬਰੰਗ ਕੈਲਗਰੀ ਵੱਲੋਂ ਰੇਡੀਓ ਦੇ ਕਰਤਾ ਧਰਤਾ ਰਾਜੇਸ਼ ਅੰਗਰਾਲ ਦੀ ਅਗਵਾਈ ਹੇਠ, ਲੋਕਾਂ ਵਿੱਚ ਸਿਹਤ ਲਈ ਜਾਣਕਾਰੀ ਭਰਪੂਰ ਪ੍ਰੋਗਰਾਮ ਪ੍ਰੇਰੀਵਿੰਡ ਪਾਰਕ ਵਿੱਚ ਕਰਵਾਇਆ ਗਿਆ। ਡਾ: ਅਨਮੋਲ ਕਪੂਰ, ਰਮਨ ਕਪੂਰ ਅਤੇ ਡਾ: ਭੁੱਲਰ ਨੇ ਦਵਾਈਆ ਦੇ ਨਫੇ ਨੁਕਸਾਨ, ਖੁਰਾਕ ਦੀ ਚੋਣ, ਸੂਗਰ ਅਤੇ ਬਲੱਡ ਪ੍ਰੈਸ਼ਰ ਮੁਫਤ ਚੈਕ ਅੱਪ ਅਤੇ ਸੈਰ ਕਰਨ ਸਬੰਧੀ ਲਾਭਦਾਇਕ ਗੱਲਾਂ ਲੋਕਾਂ ਨੂੰ ਦੱਸੀਆਂ। ਫੇਰ ਸ਼ੁਰੂ ਹੋਇਆ ਹੱਸ ਹੱਸਕੇ ਸਿਹਤ ਬਣਾਉਣ ਵਾਲਾ ਸੈਸ਼ਨ! ਕੀ ਬੱਚੇ ਕੀ ਬੁੱਢੇ ਬੁੱਢੀਆਂ ਸਭ ਨੇ ਇਸ ਸੈਸ਼ਨ ਦਾ ਖੂਬ ਆਨੰਦ ਮਾਣਿਆ। "ਲਾਫਟਰ ਯੋਗਾ" ਨਾਂ ਦੇ ਇਸ ਸੈਸ਼ਨ ਦੌਰਾਨ ਸਭ ਦੇ ਉੱਚੇ ਉੱਚੇ ਨਕਲੀ ਹਾਸੇ ਅਸਮਾਨੀ ਫਿਜ਼ਾ ਵਿੱਚ ਘੁਲਕੇ ਬਿਲਕੁਲ ਅਸਲੀ ਜਾਪ ਰਹੇ ਸਨ। ਮੌਕੇ 'ਤੇ ਹਾਜ਼ਰ ਲੋਕਾਂ ਨੇ ਸਿਹਤ ਸੰਭਾਲ ਦੇ ਨੁਸਖਿਆਂ ਦੇ ਨਾਲ ਨਾਲ 500 ਡਾਲਰ ਦੇ 2 ਗਿਫਟ ਕੂਪਨ ਅਤੇ ਹੋਰ ਬਹੁਤ ਸਾਰੀਆਂ ਸਿਹਤ ਸਬੰਧੀ ਕਿਟਾਂ ਵੀ ਲੱਕੀ ਡਰਾਅ ਵੱਜੋਂ ਜਿੱਤੀਆਂ। ਵਾਲੰਟੀਅਰ ਦੇ ਤੌਰ 'ਤੇ ਹਿਨਾ,ਜਮਾਤੇ ਅਹਿਮਦੀਆ ਵੱਲੋਂ ਖਾਲਿਦ ਚੌਧਰੀ, ਪੰਜਾਬੀ ਲਿਖਾਰੀ ਸਭਾ ਵੱਲੋਂ ਭੋਲਾ ਚੌਹਾਨ, ਗੁਰਬਚਨ ਬਰਾੜ, ਅਰਪਨ ਲਿਖਾਰੀ ਸਭਾ ਵੱਲੋਂ ਇਕਬਾਲ ਖਾਨ, ਮਾ: ਬਚਿੱਤਰ ਗਿੱਲ, ਨਰਪਾਲ ਕਲੇਰ, ਗੁਰਚਰਨ ਕੌਰ ਥਿੰਦ, ਗੁਰਮੀਤ ਸਰਪਾਲ ਅਤੇ ਹਰਚਰਨ ਕੌਰ ਬਾਸੀ ਦੇ ਨਾਂ ਵਰਨਣਯੋਗ ਹਨ।

# ਟਰਾਂਸਪੋਰਟ ਲਾਬੀ ਨਹੀਂ ਚੱਲਣ ਦੇ ਰਹੀ ਪੰਜਾਬ 'ਚ ਨਵੀਆਂ ਰੇਲਾਂ

## ਅਧੂਰੇ ਰੇਲ ਲਿੰਕਸ ਬਾਰੇ ਸੰਸਦੀ ਨੁਮਾਇੰਦਿਆਂ ਨੇ ਵੀ ਖ਼ਾਮੋਸ਼ੀ ਧਾਰੀ

### ਕੀ ਕਹਿੰਦੇ ਹਨ ਤੱਥ

* ਚੰਡੀਗੜ੍ਹ-ਲੁਧਿਆਣਾ ਰੇਲ ਲਿੰਕ 1990 ਵਿਚ ਸ਼ੁਰੂ ਹੋਇਆ, ਅਜੇ ਵੀ ਮੁਕੰਮਲ ਨਹੀਂ।
* ਅੰਮ੍ਰਿਤਸਰ-ਚੰਡੀਗੜ੍ਹ ਦੂਰੰਤੋ ਸਭ ਤੋਂ ਸੁਸਤ ਰਫਤਾਰ ਗੱਡੀ

ਚੰਡੀਗੜ੍ਹ, (ਨਦਬ) : ਲੋਕਾਂ ਦੇ ਜ਼ਬਰਦਸਤ ਦਬਾਅ ਕਾਰਨ ਆਖ਼ਰਕਾਰ ਰੇਲ ਮੰਤਰਾਲਾ ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿਚਕਾਰ ਰੇਲ ਲਿੰਕ ਸ਼ੁਰੂ ਕਰਨ ਲਈ ਮੰਨ ਗਿਆ, ਪਰ ਜਿਹੜੀ ਦੂਰਾਂਤੋ ਟਰੇਨ ਇਸ ਨੇ ਸ਼ੁਰੂ ਕੀਤੀ ਹੈ, ਉਹ ਇਸ ਵੰਨਗੀ ਦੀ ਸਭ ਤੋਂ ਮੱਠੀ ਟਰੇਨ ਹੈ। 270 ਕਿਲੋਮੀਟਰ ਦਾ ਪੈਂਡਾ ਤਹਿ ਕਰਨ ਲਈ ਇਹ ਰੇਲਗੱਡੀ ਚਾਰ ਘੰਟੇ ਲਾਉਂਦੀ ਹੈ, ਜਦਕਿ ਚੰਡੀਗੜ੍ਹ ਤੋਂ ਦਿੱਲੀ ਤੱਕ ਇੰਨੇ ਹੀ ਸਫ਼ਰ ਲਈ ਸ਼ਤਾਬਦੀ 3 ਘੰਟੇ 15 ਮਿੰਟ ਲਾਉਂਦੀ ਹੈ, ਜਦਕਿ ਰਾਹ ਵਿੱਚ ਕਈ ਸਟੇਸ਼ਨਾਂ 'ਤੇ ਰੁਕਦੀ ਵੀ ਹੈ। ਫਿਰ ਵੀ ਪੰਜਾਬ ਦੇ ਲੋਕੀਂ ਸ਼ਿਕਾਇਤ ਨਹੀਂ ਕਰਦੇ, ਕਿਉਂਕਿ ਰੇਲ ਸਫ਼ਰ ਲਗਜ਼ਰੀ ਬੱਸਾਂ ਦੇ ਮੁਕਾਬਲੇ ਕਿਤੇ ਸਸਤਾ ਤੇ ਆਰਾਮਦੇਹ ਹੈ। ਦੂਰਾਂਤੋ ਦਾ ਕਿਰਾਇਆ 355 ਰੁਪਏ (ਖਾਣੇ ਸਹਿਤ) ਹੈ, ਜਦਕਿ ਲਗਜ਼ਰੀ ਬੱਸ ਦਾ ਸਫ਼ਰ 350 ਰੁਪਏ 'ਚ ਪੈਂਦਾ ਹੈ। ਬਿਨਾਂ ਸ਼ੱਕ ਪ੍ਰਾਈਵੇਟ ਬੱਸ ਲਾਬੀ ਆਪਣੇ ਨਵੇਂ ਸ਼ਰੀਕ ਨੂੰ ਦੇਖ ਕੇ ਖ਼ੁਸ਼ ਨਹੀਂ ਹੈ।

ਅਜਿਹੀਆਂ ਸ਼ਿਕਾਇਤਾਂ ਆਈਆਂ ਹਨ ਕਿ ਭਾਰੀ ਬੱਸ ਲਾਬੀ ਪੰਜਾਬ ਵਿੱਚ ਬਹੁਤ ਸਾਰੇ ਰੇਲ ਲਿੰਕ ਚਾਲੂ ਨਹੀਂ ਹੋਣ ਦੇ ਰਹੀ। 100 ਕਿਲੋਮੀਟਰ ਲੰਬੇ ਚੰਡੀਗੜ੍ਹ-ਲੁਧਿਆਣਾ ਰੇਲ ਲਿੰਕ ਸ਼ੁਰੂ ਕਰਨ ਲਈ ਰੇਲਵੇਜ਼ ਪਿਛਲੇ 20 ਸਾਲਾਂ ਤੋਂ ਜੱਦੋਜਹਿਦ ਕਰ ਰਿਹਾ ਹੈ। ਕੀੜੀ ਦੀ ਚਾਲ ਚੱਲ ਰਿਹਾ ਇਹ ਪ੍ਰਾਜੈਕਟ ਵਾਰ-ਵਾਰ ਪਛੜਦਾ ਰਿਹਾ ਹੈ। ਚੰਡੀਗੜ੍ਹ-ਮੋਰਿੰਡਾ ਪੱਟੀ ਮੁਕੰਮਲ ਹੋਣ ਤੋਂ ਬਾਅਦ 50 ਕਿਲੋਮੀਟਰ ਲੰਬਾ ਮੋਰਿੰਡਾ-ਸਾਹਨੇਵਾਲ ਮਾਰਗ ਕਈ ਸਾਲਾਂ ਤੋਂ ਲਮਕ ਰਿਹਾ ਹੈ। ਇਸ ਦੇ ਅੰਤਿਮ ਪੜਾਅ ਸਾਹਨੇਵਾਲ-ਲੁਧਿਆਣਾ ਮਾਰਗ ਦਾ ਕੰਮ ਵੀ ਅਜੇ ਪੂਰਾ ਨਹੀਂ ਹੋ ਸਕਿਆ।

ਚੰਡੀਗੜ੍ਹ-ਲੁਧਿਆਣਾ ਰੇਲ ਲਿੰਕ 31 ਮਾਰਚ, 2010 ਤੱਕ ਮੁਕੰਮਲ ਕਰਨ ਦਾ ਟੀਚਾ ਸੀ, ਜੋ ਹੁਣ 31 ਮਾਰਚ, 2013 ਤੱਕ ਵਧਾ ਦਿੱਤਾ ਗਿਆ ਹੈ। ਜਿਹੜੇ ਹੋਰ ਮਹੱਤਵਪੂਰਨ ਰੇਲ ਲਿੰਕ ਅਧੂਰੇ ਪਏ ਹਨ, ਉਨ੍ਹਾਂ ਵਿੱਚ ਬਠਿੰਡਾ-ਅੰਮ੍ਰਿਤਸਰ, ਅੰਮ੍ਰਿਤਸਰ ਤੋਂ ਆਨੰਦਪੁਰ ਸਾਹਿਬ, ਬਰਨਾਲਾ, ਮਾਨਸਾ ਤੇ ਸਰਦੂਲਗੜ੍ਹ, ਗੁਰਦਾਸਪੁਰ-ਡੇਰਾ ਬਾਬਾ ਨਾਨਕ ਅਤੇ ਸਮਰਾਲਾ-ਰਾਹੋਂ ਆਦਿ ਸ਼ਾਮਲ ਹਨ। ਅਪਰੈਲ 2010 ਵਿੱਚ ਸ਼ੁਰੂ ਹੋਇਆ ਅਬੋਹਰ-ਫਾਜ਼ਿਲਕਾ ਰੇਲ ਲਿੰਕ 31 ਮਾਰਚ, 2007 ਵਿੱਚ ਪੂਰਾ ਹੋਣਾ ਸੀ। ਇੱਥੇ ਵੀ ਹਾਲੇ ਤੱਕ ਰੇਲਗੱਡੀ ਸ਼ੁਰੂ ਨਹੀਂ ਹੋ ਸਕੀ, ਕਿਉਂਕਿ ਰੇਲਵੇਜ਼ ਦਾ ਕਹਿਣਾ ਹੈ ਕਿ ਅਜੇ ਰੇਲ ਪਟੜੀ ਦੀ ਅਜ਼ਮਾਇਸ਼ ਕੀਤੀ ਜਾ ਰਹੀ ਹੈ। ਪ੍ਰਮੁੱਖ ਸ਼ਹਿਰਾਂ ਤੇ ਕਸਬਿਆਂ ਦਰਮਿਆਨ ਰੇਲ ਲਿੰਕ ਨਾ ਹੋਣ ਕਾਰਨ ਪੰਜਾਬ ਦੇ ਲੋਕਾਂ ਕੋਲ ਮਹਿੰਗੇ ਤੇ ਵਧੇਰੇ ਅਸੁਰੱਖਿਅਤ ਸੜਕੀ ਸਫ਼ਰ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਸੀ.ਪੀ.ਆਈ. ਆਗੂ ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਰਾਜ ਦੇ ਵੱਡੇ ਸਿਆਸਤਦਾਨਾਂ ਦੀ ਸ਼ਹਿਯਾਫ਼ਤਾ ਪ੍ਰਾਈਵੇਟ ਟਰਾਂਸਪੋਰਟ ਲਾਬੀ ਕਾਰਨ ਪਾਰਲੀਮੈਂਟ ਵਿੱਚ 'ਸਾਜ਼ਿਸ਼ੀ ਚੁੱਪ' ਅਖ਼ਤਿਆਰ ਕਰ ਲਈ ਜਾਂਦੀ ਹੈ। ਅਖ਼ਬਾਰ ਦੇ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਪੰਜਾਬ ਦੇ ਕਈ ਮੌਜੂਦਾ ਸੰਸਦ ਮੈਂਬਰਾਂ, ਜਿਨ੍ਹਾਂ 'ਚ ਕਾਂਗਰਸੀ ਵੀ ਸ਼ਾਮਲ ਹਨ, ਨੇ 2009 ਤੋਂ ਲੈ ਕੇ ਹੁਣ ਤੱਕ ਸੰਸਦ 'ਚ ਰਾਜ ਨਾਲ ਜੁੜੇ ਰੇਲ ਪ੍ਰਾਜੈਕਟਾਂ ਬਾਰੇ ਇਕ ਵੀ ਸਵਾਲ ਨਹੀਂ ਉਠਾਇਆ। ਅਕਾਲੀ ਦਲ ਬਾਦਲ ਦੀ ਐਮ.ਪੀ. ਹਰਸਿਮਰਤ ਕੌਰ ਬਾਦਲ ਨੇ ਆਪਣੇ ਪਾਰਟੀ ਮੈਂਬਰਾਂ 'ਚੋਂ ਸਭ ਤੋਂ ਵੱਧ 106 ਸਵਾਲ ਪੁੱਛੇ ਹਨ, ਪਰ ਰੇਲਵੇ ਬਾਰੇ ਉਨ੍ਹਾਂ ਸਿਰਫ਼ ਦੋ ਸਵਾਲ ਹੀ ਪੁੱਛੇ ਸਨ।

ਇਸ ਮਾਮਲੇ 'ਚ ਨੌਜਵਾਨ ਕਾਂਗਰਸੀ ਐਮ.ਪੀ. ਰਵਨੀਤ ਸਿੰਘ ਬਿੱਟੂ ਨੇ ਆਪਣੇ ਵੱਲੋਂ ਉਠਾਏ 100 ਸਵਾਲਾਂ 'ਚੋਂ 10 ਸਵਾਲ ਦੁਰਾਂਤੋ ਅਤੇ ਰਾਜ ਵਿੱਚ ਹੋਰ ਰੇਲ ਪ੍ਰਾਜੈਕਟਾਂ ਬਾਰੇ ਉਠਾਏ ਹਨ। ਅਕਾਲੀ ਐਮ.ਪੀ. ਰਤਨ ਸਿੰਘ ਅਜਨਾਲਾ ਨੇ 55 'ਚੋਂ 8 ਸਵਾਲ ਰੇਲਵੇਜ਼ ਨਾਲ ਸਬੰਧਤ ਉਠਾਏ ਸਨ। ਰੇਲ ਲਿੰਕ ਚਾਲੂ ਹੋਣ ਨਾਲ ਪੰਜਾਬ ਦੇ ਆਮ ਲੋਕਾਂ ਨੂੰ ਵੱਡਾ ਫ਼ਾਇਦਾ ਹੋਵੇਗਾ ਅਤੇ ਇਸ ਨਾਲ ਅੰਤਰਰਾਜੀ ਅਤੇ ਪਾਕਿਸਤਾਨ ਨਾਲ ਵਪਾਰ ਵੀ ਕਈ ਗੁਣਾ ਵਧ ਸਕਦਾ ਹੈ। ਰੇਲ ਮਾਮਲਿਆਂ ਦੇ ਇਕ ਮਾਹਿਰ ਅਤੇ ਕੰਟੇਨਰ ਕਾਰਪੋਰੇਸ਼ਨ ਆਫ਼ ਇੰਡੀਆ ਦੇ ਸਾਬਕਾ ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ ਰਘੂ ਦਿਆਲ ਨੇ ਦੱਸਿਆ ਕਿ 2000-01 ਵਿੱਚ ਸੈਕਿੰਡ ਕਲਾਸ ਮੇਲ ਐਕਸਪ੍ਰੈੱਸ ਕਿਰਾਇਆ 23.1 ਪੈਸੇ ਫ਼ੀ ਕਿਲੋਮੀਟਰ ਸੀ, ਜੋ 2008-09 ਵਿੱਚ 23.3 ਪੈਸੇ ਫ਼ੀ ਕਿਲੋਮੀਟਰ ਹੋ ਗਿਆ ਸੀ। ਆਮ ਸੈਕਿੰਡ ਕਲਾਸ ਕਿਰਾਇਆ 14.9 ਪੈਸੇ ਫ਼ੀ ਕਿਲੋਮੀਟਰ ਤੇ ਨੀਮ ਸ਼ਹਿਰੀ ਕਿਰਾਇਆ 12.9 ਪੈਸੇ ਫ਼ੀ ਕਿਲੋਮੀਟਰ ਹੀ ਰਿਹਾ। ਇਸ ਦੇ ਮੁਕਾਬਲੇ ਰਾਜ ਸੜਕੀ ਟਰਾਂਸਪੋਰਟ ਕਿਰਾਇਆ 2008-09 ਵਿੱਚ ਔਸਤਨ 48.37 ਪੈਸੇ ਫ਼ੀ ਕਿਲੋਮੀਟਰ ਸੀ, ਜੋ ਹੁਣ ਵਧ ਕੇ 70 ਪੈਸੇ ਫ਼ੀ ਕਿਲੋਮੀਟਰ 'ਤੇ ਪੁੱਜ ਗਿਆ ਹੈ।

ਆਮ ਲੋਕਾਂ ਨੂੰ ਸਹੂਲਤਾਂ ਦੇਣ ਲਈ ਰੇਲਵੇਜ਼ ਵੱਲੋਂ ਬਹੁਤ ਸਾਰੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਰੇਲ ਸਫ਼ਰ ਬੱਸਾਂ ਤੇ ਪ੍ਰਾਈਵੇਟ ਗੱਡੀਆਂ ਨਾਲੋਂ ਸਸਤਾ ਹੀ ਨਹੀਂ, ਸਗੋਂ ਵਾਤਾਵਰਨ ਲਈ ਵੀ ਘੱਟ ਨੁਕਸਾਨਦੇਹ ਹੈ। ਬਿਹਤਰ ਰੇਲ ਸੇਵਾਵਾਂ ਨਾਲ ਪੰਜਾਬ ਵਿੱਚ ਸੜਕਾਂ 'ਤੇ ਨਿੱਤ ਵਾਪਰਦੇ ਹਾਦਸੇ ਵੀ ਘਟ ਸਕਦੇ ਹਨ। ਪਿਛਲੇ 45 ਸਾਲਾਂ ਦੌਰਾਨ ਇਹ ਰੇਲ ਲਿੰਕ ਕਿਉਂ ਸਥਾਪਤ ਨਹੀਂ ਹੋ ਸਕਦੇ, ਇਸ ਦਾ ਜਵਾਬ ਪੰਜਾਬ ਦੇ ਸਿਆਸਤਦਾਨਾਂ ਨੂੰ ਦੇਣਾ ਬਣਦਾ ਹੈ

# ਨਿੱਜੀ ਆਪਰੇਟਰਾਂ ਨੂੰ ਖੁੱਲ੍ਹ ਨੇ ਬਿਠਾਇਆ ਸਰਕਾਰੀ ਟਰਾਂਸਪੋਰਟ ਦਾ ਭੱਠਾ

## ਸਰਕਾਰੀ ਟਰਾਂਸਪੋਰਟ ਦਾ ਹਿੱਸਾ ਘਟ ਕੇ 39 ਫੀਸਦੀ ਹੋਇਆ

ਚੰਡੀਗੜ੍ਹ, (ਨਦਬ) : ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਨਿੱਜੀ ਹਵਾਈ ਕੰਪਨੀਆਂ ਨੂੰ ਖੁੱਲ੍ਹ ਦੇ ਕੇ ਏਅਰ ਇੰਡੀਆ ਦਾ ਭੱਠਾ ਬਿਠਾਇਆ ਉਸ ਤਰ੍ਹਾਂ ਦੀ ਦੁਰਦਸ਼ਾ ਪੰਜਾਬ ਵਿਚ ਜਨਤਕ ਖੇਤਰ ਦੀ ਪੰਜਾਬ ਰੋਡਵੇਜ਼ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੀ ਹੋ ਰਹੀ ਹੈ। ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 2007 ਵਿਚ ਆਈ। ਇਸ ਸਰਕਾਰ ਨੇ ਬੱਸ ਰੂਟਾਂ ਵਿਚ ਸਰਕਾਰੀ ਹਿੱਸੇਦਾਰੀ ਘਟਾ ਕੇ ਨਿੱਜੀ ਅਪਰੇਟਰਾਂ ਦੀ ਚਾਂਦੀ ਕਰਵਾ ਦਿੱਤੀ। ਰਾਜ ਵਿਚ 2004-05 ਦੌਰਾਨ ਸਰਕਾਰੀ ਹਿੱਸੇਦਾਰੀ 48 ਫੀਸਦੀ ਸੀ, ਜੋ ਸਾਲ 2008-09 ਵਿਚ 39 ਫੀਸਦ ਰਹਿ ਗਈ। ਇਸ ਤਰ੍ਹਾਂ ਸਰਕਾਰੀ ਖ਼ਜ਼ਾਨੇ ਨੂੰ 462.03 ਕਰੋੜ ਰੁਪਏ ਦਾ ਚੂਨਾ ਲੱਗਿਆ ਤੇ ਇਕੱਲੀ ਪੰਜਾਬ ਰੋਡਵੇਜ਼ ਨੂੰ 2009-10 ਵਿਚ 76 ਕਰੋੜ ਰੁਪਏ ਦੀ ਸੱਟ ਵੱਜੀ। ਕਿਸੇ ਟਰਾਂਸਪੋਰਟ ਦੀ ਸਿਹਤ ਉਸ ਦੇ ਵਾਹਨਾਂ ਵੱਲੋਂ ਤੈਅ ਕੀਤੇ ਕਿਲੋਮੀਟਰਾਂ 'ਤੇ ਨਿਰਭਰ ਕਰਦੀ ਹੈ। 2009 ਦੀ ਕੈਗ ਰਿਪੋਰਟ ਮੁਤਾਬਕ ਇਸ ਮਾਮਲੇ ਵਿਚ ਪੰਜਾਬ ਰੋਡਵੇਜ਼ ਫਾਡੀ ਹੁੰਦੀ ਜਾ ਰਹੀ ਹੈ, ਕਿਉਂਕਿ ਉਸ ਦੇ ਰੂਟਾਂ 'ਤੇ ਨਿੱਜੀ ਬੱਸਾਂ ਦੀ ਬਹੁਤਾਤ ਨੇ ਉਸ ਦੀਆਂ ਬੱਸਾਂ ਦੇ ਰਾਹ ਰੋਕ ਲਏ ਹਨ, ਇਸ ਮਾਮਲੇ ਵਿਚ ਪੀ.ਆਰ.ਟੀ.ਸੀ. ਦੀ ਹਾਲਤ ਕੁਝ ਬਿਹਤਰ ਹੈ, ਕਿਉਂਕਿ ਜਿਹੜੇ ਇਲਾਕਿਆਂ ਵਿਚ ਇਹ ਬੱਸਾਂ ਚੱਲਦੀਆਂ ਹਨ, ਉੱਥੇ ਨਿੱਜੀ ਖਿਡਾਰੀ ਨਾਂਹ ਦੇ ਬਰਾਬਰ ਹਨ। ਸਾਲ 2004-05 ਵਿਚ ਰੋਡਵੇਜ਼ ਦੀ ਇਕ ਬੱਸ ਪ੍ਰਤੀ ਦਿਨ ਜਿੱਥੇ 206 ਕਿਲੋਮੀਟਰ ਚਲਦੀ ਸੀ, ਉੱਥੇ ਇਹ ਹੁਣ 105 ਕਿਲੋਮੀਟਰ ਪ੍ਰਤੀ ਦਿਨ 'ਤੇ ਆ ਗਈ। ਇਸ ਮਾਮਲੇ ਵਿਚ ਕੌਮੀ ਔਸਤ 313 ਕਿਲੋਮੀਟਰ ਪ੍ਰਤੀ ਬੱਸ ਪ੍ਰਤੀ ਦਿਨ ਹੈ। ਪੀ.ਆਰ.ਟੀ.ਸੀ. ਦੀ ਇਕ ਬੱਸ ਜੋ 2004-05 ਵਿਚ ਪ੍ਰਤੀ ਦਿਨ 306 ਕਿਲੋਮੀਟਰ ਭੱਜਦੀ ਸੀ, ਉੱਥੇ ਇਹ 2009 ਵਿਚ 310 ਕਿਲੋਮੀਟਰ ਪ੍ਰਤੀ ਦਿਨ ਰਹੀ। ਇਨ੍ਹਾਂ ਦੇ ਮੁਕਾਬਲੇ ਨਿੱਜੀ ਬੱਸਾਂ ਬਹੁਤ ਅੱਗੇ ਹਨ। ਇੱਕ ਨਿੱਜੀ ਬੱਸ ਪ੍ਰਤੀ ਦਿਨ 350 ਤੋਂ 400 ਕਿਲੋਮੀਟਰ ਚੱਲ ਰਹੀ ਹੈ। ਪਹਿਲਾਂ ਜਿਹੜੇ ਮੁਨਾਫੇ ਵਾਲੇ ਰੂਟ ਸਰਕਾਰੀ ਬੱਸਾਂ ਕੋਲ ਸਨ, ਉਹ ਚਾਰ ਸਾਲਾਂ ਵਿਚ ਹੌਲੀ-ਹੌਲੀ ਪ੍ਰਾਈਵੇਟ ਅਪਰੇਟਰਾਂ ਕੋਲ ਚਲੇ ਗਏ ਜਿਸ ਨਾਲ ਘਾਟਾ ਵਧ ਗਿਆ। ਬਹੁਤੇ ਨਿੱਜੀ ਅਪਰੇਟਰ ਸਿਆਸਤਦਾਨ ਹਨ।

ਸਾਲ 1990 ਵਿਚ ਬਣੀ ਨੀਤੀ 1997 ਵਿਚ ਬਦਲੇ ਜਾਣ ਦਾ ਨਿੱਜੀ ਅਪਰੇਟਰਾਂ ਨੇ ਪੂਰਾ ਲਾਹਾ ਲਿਆ। 1997 ਦੀ ਨੀਤੀ ਮੁਤਾਬਕ ਅੰਤਰਰਾਜੀ ਰੂਟਾਂ 'ਤੇ ਸਰਕਾਰੀ ਟਰਾਂਸਪੋਰਟ ਦੀ ਸਰਦਾਰੀ ਹੋਵੇਗੀ ਤੇ ਰਾਜ ਅੰਦਰਲੇ ਕੌਮੀ ਮਾਰਗਾਂ 'ਤੇ ਸਰਕਾਰੀ ਤੇ ਨਿੱਜੀ ਅਪਰੇਟਰਾਂ ਦਾ ਅਨੁਪਾਤ 75:25 ਰਹੇਗਾ ਤੇ ਰਾਜ ਦੇ ਹੋਰ ਰੂਟਾਂ 'ਤੇ ਇਹ ਅਨੁਪਾਤ 40:60 ਰਹੇਗਾ ਪਰ ਹੋਇਆ ਸਭ ਕੁਝ ਉਲਟ। ਪੰਜਾਬ ਟਰਾਂਸਪੋਰਟ ਵਿਭਾਗ ਹਰ ਇਕ ਰੂਟ ਲਈ ਇਕ ਖਾਸ ਕੀਮਤ 'ਤੇ ਪਰਮਿਟ ਜਾਰੀ ਕਰਦਾ ਹੈ। ਔਸਤਨ ਇਕ ਰੂਟ ਲਈ 6 ਤੋਂ 8 ਪਰਮਿਟ ਹਨ, ਪਰ ਕੈਗ ਦੀ ਰਿਪੋਰਟ ਮੁਤਾਬਕ ਮੁਨਾਫੇ ਵਾਲੇ ਰੂਟਾਂ ਵਿਚ

ਸਰਕਾਰੀ ਟਰਾਂਸਪੋਰਟ ਦਾ ਹਿੱਸਾ ਘਟ ਗਿਆ। 2005 ਵਿਚ ਸਰਕਾਰੀ ਬੱਸਾਂ ਕੋਲ 219 ਰੂਟ ਸਨ, ਜੋ 2009 ਵਿਚ 90 ਰਹਿ ਗਏ। 'ਪੰਜਾਬੀ ਟ੍ਰਿਬਿਊਨ' ਵੱਲੋਂ ਕੀਤੀ ਘੋਖ ਮੁਤਾਬਕ ਨਿੱਜੀ ਅਪਰੇਟਰਾਂ ਨੇ ਰੂਟਾਂ ਦਾ ਲਾਭ ਲੈਣ ਲਈ ਸਰਕਾਰੀ ਕਮੀਆਂ ਤੇ ਚੋਰ ਮੋਰੀਆਂ ਦਾ ਲਾਹਾ ਲਿਆ। ਇਨ੍ਹਾਂ ਨੇ ਪਹਿਲਾਂ ਘੱਟ ਦੂਰੀ ਲਈ ਪਰਮਿਟ ਲਿਆ ਤੇ ਫੇਰ ਛੋਟੇ ਰੂਟ, ਲੰਮੇ ਰੂਟ ਬਦਲੇ ਗਏ। ਇਸ ਤੋਂ ਇਲਾਵਾ ਵੱਧ ਸਵਾਰੀਆਂ ਵਾਲੇ ਸਮੇਂ 'ਤੇ ਵੀ ਪ੍ਰਾਈਵੇਟ ਅਪਰੇਟਰਾਂ ਨੇ ਚੰਗਾ ਹੱਥ ਫੇਰਿਆ। ਆਮ ਤੌਰ 'ਤੇ ਬੱਸ ਅੱਡੇ 'ਤੇ ਬੱਸਾਂ ਨੂੰ ਕਾਊਂਟਰ 'ਤੇ ਖੜ੍ਹਨ ਲਈ ਔਸਤ 3 ਮਿੰਟ ਮਿਲਦੇ ਹਨ, ਪਰ ਪ੍ਰਭਾਵਸ਼ਾਲੀ ਅਪਰੇਟਰ ਛੇ ਤੋਂ ਨੌਂ ਮਿੰਟਾਂ ਤਕ ਖੜ੍ਹੇ ਰਹਿੰਦੇ ਹਨ। ਲਿਆ ਗਿਆ ਵਾਧੂ ਸਮਾਂ ਸਰਕਾਰੀ ਬੱਸਾਂ ਦਾ ਹੁੰਦਾ ਹੈ। ਇਸ ਕਾਰਨ ਸਰਕਾਰੀ ਬੱਸਾਂ ਦੀ ਬੁਕਿੰਗ ਘਟਦੀ ਗਈ। ਕੈਗ ਮੁਤਾਬਕ ਸਰਕਾਰੀ ਬੱਸਾਂ ਦੀ ਬੁਕਿੰਗ 20.57 ਰੁਪਏ ਪ੍ਰਤੀ ਕਿਲੋਮੀਟਰ ਹੈ, ਜਦਕਿ ਖਰਚਾ 23.65 ਰੁਪਏ ਪ੍ਰਤੀ ਕਿਲੋਮੀਟਰ ਪੈ ਰਿਹਾ ਹੈ। ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੀਤ ਸਿੰਘ ਬਾਲੀਆਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਨਿੱਜੀ ਅਪਰੇਟਰਾਂ ਕਾਰਨ ਸਰਕਾਰੀ ਟਰਾਂਸਪੋਰਟ ਘਾਟੇ ਵਿਚ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦਾ ਵਿੱਤੀ ਸੰਕਟ ਘਾਟੇ ਲਈ ਜ਼ਿੰਮੇਵਾਰ ਹੈ। ਪੀ.ਆਰ.ਟੀ.ਸੀ. ਵਰਕਰਜ਼ ਯੂਨੀਅਨ (ਏਟਕ) ਦੇ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ ਮੁਤਾਬਕ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸਰਕਾਰੀ ਟਰਾਂਸਪੋਰਟ ਘਾਟੇ ਵਿਚ ਜਾ ਰਹੀ ਹੈ। ਪੀ.ਈ.ਟੀ.ਡਬਲਿਊ.ਯੂ. ਦੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਨੇ ਦੋਸ਼ ਲਗਾਇਆ ਕਿ ਪ੍ਰਾਈਵੇਟ ਅਪਰੇਟਰ ਟੈਕਸ ਨਹੀਂ ਦਿੰਦੇ ਪਰ ਇਕ ਪਰਮਿਟ 'ਤੇ ਕਈ ਬੱਸਾਂ ਚਲਾ ਰਹੇ ਹਨ।

# ਰਾਮਗੜ੍ਹੀਆ ਖਾਲਸਾ ਸਕੂਲ ਦਾ ਦਾਖਲਾ ਅਜੇ ਖੁੱਲ੍ਹਾ

ਐਡਮਿੰਟਨ, (ਨਦਬ) : 'ਰਾਮਗੜ੍ਹੀਆ ਖਾਲਸਾ ਸਕੂਲ' ਦੇ ਪੰਜਾਬੀ ਵਿੰਗ ਦਾ ਨਵਾਂ ਸ਼ੈਸ਼ਨ ਸ਼ੁਰੂ ਹੋ ਗਿਆ ਹੈ। ਇਸ ਮੌਕੇ ਉਪਰ ਸਕੂਲ ਦੇ ਪ੍ਰਿੰਸੀਪਲ ਸ: ਗੁਰਦੀਪ ਸਿੰਘ ਭੱਜ ਵਲੋਂ ਪੰਜਾਬੀ ਮਾਂ ਬੋਲੀ ਨਾਲ ਪਿਆਰ ਕਰਨ ਵਾਲੇ ਸਮੂਹ ਭਾਈਚਾਰੇ, ਖਾਸ ਕਰ ਬਚਿਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

'ਰਾਮਗੜ੍ਹੀਆ ਖਾਲਸਾ ਸਕੂਲ' ਜੋ 1986 ਵਿਚ ਰਾਮਗੜ੍ਹੀਆ ਗੁਰਸਿੱਖ ਸੁਸਾਇਟੀ ਆਫ ਐਡਮਿੰਟਨ ਵਲੋਂ ਸ਼ੁਰੂ ਕੀਤਾ ਗਿਆ ਸੀ ਨੇ ਪੰਜਾਬੀ ਬੋਲੀ ਦੀ ਉਨਤੀ ਲਈ ਸੇਵਾ ਕਰਦਿਆਂ ਕਾਮਯਾਬੀ ਦੀਆਂ ਪਲਾਘਾਂ ਪੁਟਦੇ ਹੋਏ 25 ਸਾਲ ਪੂਰੇ ਕਰ ਲਏ ਹਨ। ਇਸ ਵੇਲੇ ਪ੍ਰਿੰਸੀਪਲ ਹੋਰਾਂ ਸਮੇਤ ਬਹੁਤ ਹੀ ਤਜਰਬੇਕਾਰ ਅਤੇ ਯੋਗਤਾ ਵਾਲੇ ਅੱਠ ਅਧਿਆਪਕ ਆਪਣਾ ਯੋਗਦਾਨ ਪਾ ਰਹੇ ਹਨ।

ਇਥੇ ਕੀਰਤਨ ਸਿਖਾਉਣ ਲਈ ਹਰਮੋਨੀਅਮ ਅਤੇ ਤਬਲੇ ਦੀਆਂ ਕਲਾਸਾਂ ਸਾਰਾ ਸਾਲ ਚਲਦੀਆਂ ਹਨ ਜੋ ਹਫਤੇ ਵਿਚ ਦੋ ਵਾਰ ਲਗਦੀਆਂ ਹਨ। ਇਹ ਕਲਾਸਾਂ ਸ਼ੁਕਰਵਾਰ ਸ਼ਾਮ 6:00 ਵਜੇ ਤੋਂ 8:00 ਵਜੇ ਤਕ ਅਤੇ ਐਤਵਾਰ ਬਾਦ ਦੁਪਹਿਰ 1:00 ਵਜੇ ਤੋਂ 3:00 ਵਜੇ ਤਕ ਲਗਦੀਆਂ ਹਨ। ਪ੍ਰਬੰਧਕਾਂ ਦਸਿਆ ਕਿ ਸਕੂਲ ਵਿਖੇ ਚਲ ਰਹੀਆ ਕੀਰਤਨ ਦੀਆਂ ਕਲਾਸਾਂ ਦਾ ਸਮਾਂ ਪੰਜਾਬੀ/ਗੁਰਮੱਤ ਦੀਆਂ ਕਲਾਸਾਂ ਤੋਂ ਵਖਰਾ ਹੈ ਤਾਂ ਜੋ ਕੋਈ ਵੀ ਸਕੂਲ ਵਿਖੇ ਚਲ ਰਹੀਆਂ ਸਭ ਕਲਾਸਾਂ ਦਾ ਫਾਇਦਾ ਉਠਾਇਆ ਜਾ ਸਕੇ।

# ਸਰੂਪ ਸਿੰਘ ਮੰਡੇਰ ਦੀ 'ਵੰਗਾਰ' ਲੋਕ-ਅਰਪਣ



ਕੈਲਗਰੀ (ਇਕਬਾਲ ਖਾਨ): ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਵਿਚ ਸ਼ਾਇਰ ਸਰੂਪ ਸਿੰਘ ਮੰਡੇਰ ਦੀ ਕਾਵਿ-ਪੁਸਤਕ 'ਵੰਗਾਰ' ਲੋਕ-ਅਰਪਣ ਕੀਤੀ ਗਈ। ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ, ਸਰੂਪ ਸਿੰਘ ਮੰਡੇਰ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀ ਮਤੀ ਅਮੀਰ ਕੌਰ ਅਤੇ ਡਾ. ਬਲਵਿੰਦਰ ਕੌਰ ਬਰਾੜ ਦੀ ਪ੍ਰਧਾਨਗੀ ਵਿਚ ਪ੍ਰੋਗਰਾਮ ਦੀ ਸ਼ੁਰੂਆਤ ਬੀਬੀ ਹਰਮਿੰਦਰ ਕੌਰ ਢਿੱਲੋਂ ਦੇ ਲੋਰੀ ਵਰਗੇ ਗੀਤ ਨਾਲ ਹੋਈ। ਜਸਵੰਤ ਸਿੰਘ ਸੇਖੋਂ ਅਤੇ ਸੁਰਜੀਤ ਸਿੰਘ ਪੰਨੂ ਨੇ ਆਪਣੀ ਸ਼ਾਇਰੀ ਨਾਲ ਮੁਤਾਸਰ ਕੀਤਾ। ਮਾ. ਬਚਿੱਤਰ ਸਿੰਘ ਗਿੱਲ ਨੇ ਸਰੂਪ ਸਿੰਘ ਮੰਡੇਰ ਨੂੰ ਨਵੀਂ ਛਪੀ ਕਿਤਾਬ 'ਤੇ ਵਧਾਈ ਦਿੰਦਿਆਂ ਸਾਰਥਕ ਆਲੋਚਨਾ ਵੀ ਕੀਤੀ।

ਡਾ. ਬਲਵਿੰਦਰ ਕੌਰ ਬਰਾੜ ਨੇ ਕਸ਼ਮੀਰਾ ਸਿੰਘ ਚਮਨ ਦਾ ਲਿਖਿਆ ਪੇਪਰ ਪੜ੍ਹਿਆ। ਸਰੂਪ ਸਿੰਘ ਮੰਡੇਰ ਨੇ ਨਵੀਂ ਛਪੀ ਕਿਤਾਬ ਵਿਚੋਂ ਦੋ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਕਬਾਲ ਖ਼ਾਨ ਨੇ ਵੀ ਸਰੂਪ ਸਿੰਘ ਮੰਡੇਰ ਦੀ ਕਿਤਾਬ ਬਾਰੇ ਵਿਚਾਰ ਰੱਖੇ। ਕੇਸਰ ਸਿੰਘ ਨੀਰ ਨੇ ਕਵਿਤਾ 'ਰਾਜ ਦੁਲਾਰ ਤੁਰ ਗਿਆ' ਸਾਂਝੀ ਕੀਤੀ। ਕਹਾਣੀਕਾਰਾ ਸਤਪਾਲ ਕੌਰ ਬੱਲ ਨੇ 'ਸੁਨਾਮੀ ਪੀੜਤ' ਕਹਾਣੀ ਸੁਣਾਈ। ਮਾ. ਬਚਿੱਤਰ ਸਿੰਘ ਗਿੱਲ ਨੇ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ 'ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ' ਸੁਣਾ ਕੇ ਨਿਹਾਲ ਕਰ ਦਿੱਤਾ। ਮਾ.ਭਜਨ ਸਿੰਘ ਗਿੱਲ ਨੇ ਨੇ ਸਰੂਪ ਸਿੰਘ ਮੰਡੇਰ ਦੇ ਮਿਹਨਤੀ ਸੁਭਾਅ ਅਤੇ ਕਵਿਤਾ ਵਿਚਲੇ ਵਿਸ਼ਾ-ਵਸਤੂ ਦੀ ਸ਼ਲਾਘਾ ਕੀਤੀ। ਸਰਬਣ ਸਿੰਘ ਸੰਧੂ ਅਤੇ ਗੁਰਦਿਆਲ ਸਿੰਘ ਖਹਿਰਾ ਨੇ ਵੀ ਕਾਵਿ ਹਾਜਰੀ ਲਵਾਈ। ਡਾ. ਮਨਜੀਤ ਸਿੰਘ ਸੋਹਲ ਨੇ ਅਰਪਨ ਲਿਖਾਰੀ ਸਭਾ ਦੇ ਸਹਿਤਕ ਕੰਮਾਂ ਨੂੰ ਸਲਾਹੁੰਦੇ ਹੋਏ ਪੰਜਾਬੀ ਭਾਈਚਾਰੇ ਨੂੰ ਇਸੇ ਤਰਾਂ ਸਾਥ ਦਿੰਦੇ ਰਹਿਣ ਲਈ ਬੇਨਤੀ ਕੀਤੀ। ਜਰਨੈਲ ਸਿੰਘ ਤੱਗੜ ਨੇ ਚੰਦ ਸ਼ੇਅਰਾਂ ਨਾਲ ਹਾਜ਼ਰੀ ਲਗਵਾਈ।

ਅਖੀਰ ਤੇ ਸਤਨਾਮ ਸਿੰਘ ਢਾਅ ਨੇ ਪੰਜਾਬੀ ਮੀਡੀਆ ਅਤੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਮੰਡੇਰ ਪਰਿਵਾਰ ਵੱਲੋਂ ਕੀਤੀ ਗਈ। ਜਸਜੀਤ ਸਿੰਘ ਧਾਮੀ ਨੇ ਪ੍ਰਵਾਸੀ ਅਖ਼ਬਾਰ ਵੱਲੋਂ ਫ਼ੋਟੋਗ੍ਰਾਫੀ ਦੀ ਸੇਵਾ ਨਿਭਾਈ। ਸਟੇਜ ਦੀਆਂ ਜ਼ਿੰਮੇਵਾਰੀ ਇਕਬਾਲ ਖਾਨ ਬਾਖੂਬੀ ਨਾਲ ਨਿਭਾਈ।

# ਅਰਪਨ ਲਿਖਾਰੀ ਸਭਾ ਦੀ ਪੰਜਾਬੀ ਦੇ ਉੱਘੇ ਸ਼ਾਇਰ ਮੱਖਣ ਕੁਹਾੜ ਨਾਲ ਮਿਲਣੀ



ਕੈਲਗਰੀ (ਇਕਬਾਲ ਖ਼ਾਨ): ਕੈਨੇਡਾ ਦੀ ਫੇਰੀ ਤੇ ਆਏ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਅਧਿਆਪਕ ਆਗੂ ਅਤੇ ਉੱਘੇ ਟਰੇਡ-ਯੂਨੀਅਨਿਸਟ ਮੱਖਣ ਕੋਹਾੜ ਨਾਲ ਅਰਪਨ ਲਿਖਾਰੀ ਸਭਾ ਦੇ ਮੈਂਬਰਾਂ ਨੇ ਇਕਬਾਲ ਖ਼ਾਨ ਦੇ ਘਰ ਇੱਕਠੇ ਹੋ ਕੇ ਰੂਬਰੂ ਕੀਤਾ। ਇਕਬਾਲ ਖ਼ਾਨ ਨੇ ਜੀ ਆਇਆ ਆਖਿਆ ਤੇ ਨਾਲ ਹੀ ਸਾਰਿਆਂ ਦੀ ਜਾਣ-ਪਛਾਣ ਕਰਾਈ। ਮੱਖਣ ਕੋਹਾੜ ਗੌਰਮਿੰਟ ਟੀਚਰਜ਼ ਯੂਨੀਅਨ ਕੰਮ ਵਿਚ ਕਰਨ ਵਾਲੇ ਕੇਸਰ ਸਿੰਘ ਨੀਰ ਅਤੇ ਮਾਸਟਰ ਬਚਿੱਤਰ ਸਿੰਘ ਦਾ ਪੁਰਾਣਾ ਮਿੱਤਰ ਹੈ। ਬੇਰਜ਼ੁਗਾਰ ਟੀਚਰਾਂ ਦੇ ਸੰਘਰਸ਼ ਸਮੇਂ ਇੱਕਠਿਆਂ ਨੇ ਬੁੜੈਲ਼ ਜੇਲ੍ਹ ਕੱਟੀ ਸੀ। ਬਾਕੀ ਟੀਚਰਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਕਵਿਤਾ ਦਾ ਸਿਲਸਿਲਾ ਉੱਥੇ ਵੀ ਚਲਦਾ ਰਿਹਾ ਸੀ। ਉਹਨਾਂ ਉਸ ਸਮੇਂ ਦੀਆਂ ਯਾਦਾਂ ਨੂੰ ਦੂਸਰੇ ਮੈਂਬਰਾਂ ਨਾਲ ਵੀ ਸਾਂਝਾ ਕੀਤਾ। ਚਾਹ ਦਾ ਦੌਰ ਖ਼ਤਮ ਹੁੰਦਿਆਂ ਹੀ ਸਾਹਿਤਕ ਵਿਚਾਰਾਂ ਅਤੇ ਹੋਰ ਗੱਲਾਂ ਦੇ ਨਾਲ ਕਵਿਤਾ ਸੁਨਣ ਸੁਣਾਉਣ ਦਾ ਪ੍ਰੋਗਰਾਮ ਵੀ ਚੱਲਿਆ।

ਪ੍ਰੋਗਰਾਮ ਦੀ ਸ਼ੁਰੂਆਤ ਮਾ. ਬਚਿੱਤਰ ਸਿੰਘ ਗਿੱਲ ਨੇ 'ਪੰਜ ਪਿਸਤੌਲਾਂ ਵਾਲ਼ੇ ਕਰਦੇ ਫ਼ਇਰ ਫਰੰਗੀ ਤੇ' ਨਾਲ ਕੀਤੀ। ਇੰਜ ਗੁਰਦਿਆਲ ਸਿੰਘ ਖਹਿਰਾ ਨੇ ਸ਼ੰਕਰ ਸਿੰਘ ਪ੍ਰਵਾਨਾ ਦੀ ਲਿਖੀ ਕਵਿਤਾ 'ਕੰਘਾ' ਸੁਣਾਈ ਤੇ ਅਧਿਆਪਕਾਂ ਤੇ ਵਿਅੰਗ ਕਰਦੀ ਇਕ ਹੋਰ ਕਵਿਤਾ ਵੀ ਸੁਣਾਈ।ਇਕਬਾਲ ਖ਼ਾਨ ਨੇ ਆਪਣੀ ਇਕ ਕਵਿਤਾ 'ਮੁਕਤੀ' ਸੁਣਾਈ। ਹਰਭਜਨ ਢਿੱਲੋਂ ਨੇ ਇਕ ਕਵਿਤਾ 'ਨਾਲ ਤੁਹਾਡੇ ਗੱਲਾਂ ਕਰਕੇ' ਸੁਣਾਈ। ਗ਼ਜ਼ਲਗੋ ਕੇਸਰ ਸਿੰਘ ਨੀਰ ਨੇ ਇਕ ਗ਼ਜ਼ਲ:

"ਬਿਗਾਨੀ ਧਰਤ ਉੱਤੇ ਮੈਂ ਅਨੋਖੇ ਪਿਆਰ ਦੇਖੇ ਨੇ।
ਅਨੋਖੇ ਫੁੱਲ ਦੇਖੇ ਨੇ, ਨਿਰਾਲੇ ਖ਼ਾਰ ਦੇਖੇ ਨੇ।"-ਸੁਣਾ ਕੇ ਮਾਹੌਲ ਪੂਰੀ ਤਰ੍ਹਾਂ ਗ਼ਜ਼ਲਮਈ ਬਣਾ ਦਿੱਤਾ।

ਹੁਣ ਵਾਰੀ ਸੀ ਮਹਿਮਾਨ ਗ਼ਜ਼ਲਗੋ ਮੱਖਣ ਕੋਹਾੜ ਹੋਰਾਂ ਦੀ ਉਨ੍ਹਾਂ ਨੇ ਆਪਣੀਆਂ ਦੋ ਖ਼ੂਬਸੂਰਤ ਗ਼ਜ਼ਲਾਂ ਸਾਝੀਆਂ ਕੀਤੀਆਂ ਪਹਿਲੀ ਗ਼ਜ਼ਲ ਦੇ ਦੋ ਸ਼ੇਅਰ ਹਨ:

ਦਸਣ ਖ਼ਾਤਰ ਦਾਵਾਨਲ ਉਹ ਬਾਂਸ ਭਿੜਾਕੇ ਵੇਖਣਗੇ।
ਫਿਰ ਵੀ ਜ਼ੰਗਲ ਸ਼ਾਂਤ ਰਿਹਾ ਤਾਂ ਤੀਲੀ ਲਾ ਕੇ ਵੇਖਣਗੇ।
ਲੁਕ ਛਿਪ ਆਉਦੀ ਹੈ ਜੋ ਸਾਡੇ ਨੀਵੀਂ ਵੇਹੜੀਂ ਧੁੱਪ ਦੋ ਪਲ,
ਉਹ ਵੀ ਸਾਥੋਂ ਖੋਹ ਕੇ ਮਹਿਲੀਂ ਸੁਕਣੇ ਪਾ ਕੇ ਵੇਖਗੇ।

ਇਸ ਮਿਲਣੀ ਵਿਚ ਐਡਮਿੰਟਨ ਤੋਂ 'ਨਵੀਂ ਦਨੀਆ' ਅਖ਼ਬਾਰ ਦੇ ਸੰਪਾਦਕੀ ਬੋਰਡ ਦੇ ਮੈਂਬਰ ਜਸਵੀਰ ਦਿਉਲ ਅਤੇ ਨਵਤੇਜ ਬੈਂਸ ਵੀ ਸ਼ਾਮਲ ਹੋਏ। ਇਨ੍ਹਾਂ ਤੋ ਇਲਾਵਾ ਕੈਲਗਰੀ ਤੋਂ ਜੈਸੀ ਸਿੰਘ ਅਤੇ ਹਰਿੰਦਰ ਸੈਣੀ ਨੇ ਵੀ ਹਾਜ਼ਰੀ ਲੁਆਈ। ਮੱਖਣ ਕੋਹਾੜ ਨੇ ਆਪਣੀ ਨਵੀਂ ਛਪੀ ਕਿਤਾਬ 'ਕੇਤਕੀ ਦੇ ਫੁੱਲ' ਅਰਪਨ ਲਿਖਾਰੀ ਸਭਾ ਨੂੰ ਭੇਟ ਕੀਤੀ।

ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਆਏ ਸਾਰੇ ਸਹਿਤਕ ਦੋਸਤਾਂ ਦਾ ਧੰਨਵਾਦ ਕੀਤਾ। ਫੇਰ ਮਿਲਣ ਦੀ ਆਸ ਨਾਲ ਮਿਲਣੀ ਸਮਾਪਤ ਹੋਈ।

# "ਬਾਬਰ, ਬਾਣੀ ਪੜ੍ਹ ਰਿਹਾ, ਰਾਵਣ ਪੜ੍ਹੇ ਰਮਾਇਣ"

## ਭਾਅ ਜੀ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀਆਂ ਭੇਟ

## ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਵਲੋਂ ਬਹੁ-ਭਾਸ਼ਾਈ ਕਵੀ ਸੰਮੇਲਨ

ਐਡਮਿੰਟਨ (ਨਦਬ) : ਬੀਤੇ ਦਿਨ ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਵਲੋਂ ਮੈਰੀਡੀਅ ਬੈਂਕੁਇਟ ਐਂਡ ਕਾਨਫਰੰਸ ਸੈਂਟਰ ਵਿਖੇ ਗਿਆਨੀ ਕੇਸਰ ਸਿੰਘ ਤੇ ਫੈਜ਼ ਅਹਿਮਦ ਫੈਜ਼ ਨੂੰ ਸਮਰਪਤ ਬਹੁ-ਭਾਸ਼ਾਈ ਕਵੀ ਸੰਮੇਲਨ ਕਰਵਾਇਆ ਗਿਆ। ਭਰਪੂਰ ਹਾਜ਼ਰੀ ਵਿਚ ਬਾਅਦ ਦੁਪਹਿਰ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਫਾਊਂਡੇਸ਼ਨ ਦੇ ਪ੍ਰਧਾਨ ਡਾ. ਪੀ.ਆਰ. ਕਾਲੀਆ, ਡਾ. ਰਾਜ ਪੰਨੂੰ, ਪ੍ਰੋ. ਸਲੀਮ ਕੁਰੈਸ਼ੀ ਅਤੇ ਦਲਜੀਤ ਸਿੰਘ ਰੱਖੜਾ ਵਲੋਂ ਸਾਂਝੇ ਰੂਪ ਵਿਚ ਕੀਤੀ ਗਈ।



ਪ੍ਰਧਾਨਗੀ ਮੰਡਲ ਮੱਖਣ ਕੁਹਾੜ ਦੀ ਕਿਤਾਬ ਰਿਲੀਜ਼ ਕਰਦੇ ਹੋਏ।
ਤਸਵੀਰ : ਕੰਵਲ ਲਾਇਲ

ਸਮਾਗਮ ਦੇ ਸ਼ੁਰੂ ਵਿਚ ਉਘੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਦਲਬੀਰ ਸਾਂਗਿਆਣ ਨੇ ਡਾ. ਪੀ.ਆਰ. ਕਾਲੀਆ ਨੂੰ ਸਟੇਜ 'ਤੇ ਸੱਦਾ ਦਿਤਾ। ਆਪਣੇ ਸੰਬੋਧਨੀ ਭਾਸ਼ਣ ਵਿਚ ਡਾ. ਕਾਲੀਆ ਨੇ ਉਰਦੂ ਅਤੇ ਪੰਜਾਬੀ ਸ਼ਾਇਰਾਂ ਫੈਜ਼ ਅਹਿਮਦ ਫੈਜ਼ ਤੇ ਗਿਆਨੀ ਕੇਸਰ ਸਿੰਘ ਨੂੰ ਸਮਰਪਤ ਮੁਸ਼ਾਇਰੇ 'ਚ ਸ਼ਾਮਲ ਹੋਣ 'ਤੇ ਸਾਰੇ ਕਵੀਆਂ ਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਇਸ ਦੇ ਨਾਲ ਹੀ ਦੋਹਾਂ ਸ਼ਾਇਰਾਂ ਬਾਰੇ ਹਾਜ਼ਰੀਨ ਨਾਲ ਜਾਣਕਾਰੀ ਸਾਂਝੀ ਕੀਤੀ।

ਸਮਾਗਮ ਦੇ ਸ਼ੁਰੂ ਵਿਚ ਜੋਗਿੰਦਰ ਰੰਧਾਵਾ ਨੇ ਤਰੰਨਮ 'ਚ ਗਜ਼ਲ ਗਾ ਕੇ ਲੋਕਾਂ ਤੋਂ ਵਾਹ ਵਾਹ ਖੱਟੀ। ਉਪਰੰਤ ਲੋਕ ਕਵੀ ਗੁਰਦਿਆਲ ਸਿੰਘ ਹੰਸਰਾ ਨੇ ਆਪਣੀ ਕਵਿਤਾ ਕਹੀ। ਗੁਰਮਿੰਦਰ ਮੂਮ, ਪਰਮਿੰਦਰ ਧਾਲੀਵਾਲ, ਪਵਿੱਤਰ ਧਾਲੀਵਾਲ, ਦਰਸ਼ਨ ਖਹਿਰਾ, ਜਰਨੈਲ ਧਾਲੀਵਾਲ, ਕੈਲਗਿਰੀ ਤੋਂ ਆਏ ਡਾ. ਹਰਭਜਨ ਸਿੰਘ ਢਿੱਲੋਂ, ਕੇਸਰ ਸਿੰਘ ਨੀਰ, ਬਚਿੱਤਰ ਸਿੰਘ ਗਿੱਲ, ਗੁਰਦਿਆਲ ਖਹਿਰਾ ਨੇ ਆਪੋ ਆਪਣੀ ਕਵਿਤਾ/ਗਜ਼ਲ ਸਰੋਤਿਆਂ ਨਾਲ ਸਾਂਝੀ ਕੀਤੀ। ਸਮਾਗਮ ਵਿਚ ਹਾਜ਼ਰੀ ਲਗਵਾਉਂਦਿਆਂ ਕਵਿਤਰੀ ਬਖਸ਼ ਸੰਘਾ ਨੇ ਆਪਣੀ ਖੂਬਸੂਰਤ ਕਵਿਤਾ "ਸਾਨੂੰ ਕਦੇ ਨਾ ਕਿਸੇ ਇਨਸਾਨ ਕਿਹਾ, ਅਸੀਂ ਫਿਰ ਵੀ ਸਿਦਕੋ ਨਾ ਹਾਰੀਆਂ ਵੇ' ਨਾਲ ਸਰੋਤਿਆਂ ਨੂੰ ਔਰਤ ਨਾਲ ਹੋ ਰਹੀਆਂ ਜ਼ਿਆਦਤੀਆਂ ਪ੍ਰਤੀ ਸੋਚਣ ਲਈ ਮਜਬੂਰ ਕੀਤਾ।

ਉਪਰੰਤ ਉਰਦੂ ਦੇ ਸ਼ਾਇਰ ਨਦੀਮ ਪਰਮਾਰ ਵੈਨਕੂਅਰ, ਜਨਾਬ ਸਹਿਰਯਾਰ, ਪ੍ਰੀਤਮ, ਮੋਤਰਮਾ ਫੈਜ਼ਲ ਹੱਕ, ਜਾਹਰਾ ਤਨਜੀਮ, ਜਲਾਲ ਸਈਅਦ ਆਦਿ ਨੇ ਆਪੋ ਆਪਣੀ ਗਜ਼ਲ ਤਰੰਨਮ 'ਚ ਸੁਣਾਈ। ਇਸ ਮੌਕੇ ਪ੍ਰੋ. ਸੁਲੀਮ ਕੁਰੈਸ਼ੀ ਨੇ ਫੈਜ਼ ਅਹਿਮਦ ਫੈਜ਼ ਅਤੇ ਦਲਜੀਤ ਸਿੰਘ ਰੱਖੜਾ ਨੇ ਗਿਆਨੀ ਕੇਸਰ ਸਿੰਘ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

ਉਪਰੰਤ ਅਮਰਜੀਤ ਪੁਰੇਵਾਲ, ਜੋਗੀ ਗਿੱਲ ਅਤੇ ਸੁਖਵਿੰਦਰ ਚੋਹਲਾ ਨੇ ਗੀਤ ਗਾ ਕੇ ਮਹਿਫਲ ਨੂੰ ਰੌਣਕ ਮਈ ਬਣਾ ਦਿਤਾ। ਭਾਰਤ ਤੋਂ ਕੈਨੇਡਾ ਦੌਰੇ 'ਤੇ ਆਏ ਲੋਕਪੱਖੀ ਸ਼ਾਇਰ ਮੱਖਣ ਕੁਹਾੜ ਦੀ ਕਿਤਾਬ 'ਕੇਤਕੀ ਦੇ ਫੁੱਲ' ਨੂੰ ਪ੍ਰਧਾਨਗੀ ਮੰਡਲ ਵਲੋਂ ਲੋਕ ਅਰਪਣ ਕੀਤਾ ਗਿਆ। ਮੱਖਣ ਕੁਹਾੜ ਨੇ ਸ਼ੇਅਰ "ਬਾਬਰ ਬਾਣੀ ਪੜ੍ਹ ਰਿਹਾ, ਰਾਵਣ ਪੜ੍ਹੇ ਰਮਾਇਣ, ਇਹ ਵੀ ਦਿਨ ਸਨ ਵੇਖਣੇ, ਬਾਲ ਖਿਡਾਏ ਡੈਣ" ਅਤੇ "ਜਲਾ ਕੇ ਆਪਣਾ ਪੁਤਲਾ ਖੁਸ਼ੀ ਵਿਚ ਬੋਲਿਆ ਰਾਵਣ, ਤੁਹਾਡੀ ਵੋਟ ਮੈਨੂੰ ਹੈ ਲੰਕਾ ਤੋਂ ਦਿੱਲੀ ਲੈ ਆਈ" ਨਾਲ ਮਹਿਫਲ 'ਚ ਜਾਨ ਲੈ ਆਂਦੀ।

# ਪੰਜਾਬੀ ਅਧਿਆਪਕ ਸਿਖਾਵੇਗਾ ਦੁਨੀਆ ਨੂੰ ਪੜ੍ਹਾਉਣ ਦੇ ਢੰਗ



ਲੁਧਿਆਣਾ (ਨਦਬ) : ਪੰਜਾਬ ਦੇ ਸਰਕਾਰੀ ਸਕੂਲ ਦਾ ਇੱਕ ਅਧਿਆਪਕ ਹੁਣ ਅਮਰੀਕਾ ਵਰਗੇ ਆਧੁਨਿਕ ਅਤੇ ਵਿਕਾਸਸ਼ੀਲ ਮੁਲਕ ਵਿੱਚ ਅਧਿਆਪਨ ਵਿਧੀਆਂ ਸਿਖਾਉਣ ਜਾ ਰਿਹਾ ਹੈ। ਪੰਜਾਬ ਦੇ ਲਈ ਇਸ ਤੋਂ ਵੱਡੀ ਮਾਣ ਵਾਲੀ ਗੱਲ ਹੋ ਕੀ ਹੋ ਸਕਦੀ ਹੈ? ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥਰੀਕੇ, ਜ਼ਿਲ੍ਹਾ ਲੁਧਿਆਣਾ ਦੇ ਸ੍ਰੀ ਸੰਜੀਵ ਕੁਮਾਰ ਤਨੇਜਾ, ਗਣਿਤ ਅਧਿਆਪਕ ਨੂੰ "ਮਾਈਕਰੋਸਾਫਟ ਪਾਰਟਨਰ ਇਨ ਗਲੋਬਲ ਫੋਰਮ 2011" ਵੱਲੋਂ ਸੰਯੁਕਤ ਰਾਜ ਅਮਰੀਕਾ ਵਾਸ਼ਿੰਗਟਨ ਡੀ ਸੀ ਵਿਖੇ ਅੰਤਰਰਾਸ਼ਟਰੀ ਪੱਧਰ 'ਤੇ ਅਧਿਆਪਨ ਵਿਧੀਆਂ ਵਿਸ਼ੇ 'ਤੇ ਪੇਸ਼ਕਾਰੀ ਲਈ ਸੱਦਿਆ ਗਿਆ ਹੈ। ਇਹ ਸਮਾਰੋਹ 7 ਨਵੰਬਰ 2011 ਤੋਂ ਲੈ ਕੇ 10 ਨਵੰਬਰ 2011 ਤਕ ਹੋਣਾ ਹੈ। ਇਹ ਉਪਰਾਲਾ ਇਹੋ ਜਿਹੇ ਕਾਰਜਸ਼ੀਲ ਅਧਿਆਪਕਾਂ ਨੂੰ ਮੌਕਾ ਦੇਣ ਲਈ ਮਾਈਕਰੋਸਾਫਟ ਇੰਡੀਆ ਵੱਲੋਂ ਕੀਤਾ ਗਿਆ ਹੈ ਜੋ ਹਰ ਸਾਲ ਰਚਨਾਤਮਕ ਅਧਿਆਪਕਾਂ ਨੂੰ "ਇਨੋਵੇਟਿਵ ਟੀਚਰ ਲੀਡਰਸ਼ੀਪ" ਐਵਾਰਡ ਲਈ ਚੁਣਦੀ ਹੈ ਅਤੇ ਅਧਿਆਪਕਾਂ ਨੂੰ ਕੌਮੀ ਪੱਧਰ ਅਤੇ ਕੌਮਾਂਤਰੀ ਪੱਧਰ ਉਤੇ ਭਾਗ ਲੈਣ ਲਈ ਮੌਕਾ ਪ੍ਰਦਾਨ ਕਰਦੀ ਹੈ। ਸ੍ਰੀ ਸੰਜੀਵ ਕੁਮਾਰ ਤਨੇਜਾ ਦਾ ਚੁਣੇ ਜਾਣਾ ਪੰਜਾਬ ਲਈ ਮਾਣ ਦੀ ਗੱਲ ਹੈ।

# ਪਿੰਡ ਸਰਾਭਾ ਦੇ ਨਜ਼ਦੀਕ ਬਣਿਆ ਅਪਾਹਜ ਆਸ਼ਰਮ ਬੇਸਹਾਰਿਆਂ ਲਈ ਆਸ ਦੀ ਕਿਰਨ



ਲੁਧਿਆਣਾ, (ਨਦਬ): ਭਾਵੇਂ ਹਰ ਸੰਸਥਾ ਵਲੋਂ ਬਣਾਈ ਗਈ ਬਿਲਡਿੰਗ ਦਾ ਕੋਈ ਨਾ ਕੋਈ ਮੰਤਵ ਹੁੰਦਾ ਹੈ ਪਰ ਕੁੱਝ ਸੰਸਥਾਵਾਂ ਵਲੋਂ ਬਣਾਈਆਂ ਬਿਲਡਿੰਗਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਕਿ ਆਪਣੀ ਵਿਲੱਖਣਤਾ ਕਰਕੇ ਉਸ ਇਲਾਕੇ ਲਈ ਖਿੱਚ ਦਾ ਕੇਂਦਰ ਬਣ ਜਾਂਦੀਆ ਹਨ। ਲੁਧਿਆਣਾ-ਸਰਾਭਾ-ਰਾਏਕੋਟ ਰੋਡ ਉੱਤੇ ਪਿੰਡ ਸਰਾਭਾ ਦੇ ਨਜਦੀਕ ਨਵੀਂ ਬਣੀ ਇੱਕ ਅਜਿਹੀ ਹੀ ਬਿਲਡਿੰਗ ਦਾ ਨਾਉਂ ਹੈ "ਗੁਰੂ ਅਮਰ ਦਾਸ ਅਪਾਹਜ ਆਸ਼ਰਮ"। ਇਸ ਆਸ਼ਰਮ ਦਾ ਮੰਤਵ ਬੇਸਹਾਰਾ, ਲਾਵਾਰਸਾਂ, ਲਾਚਾਰਾਂ, ਕੋੜ੍ਹੀਆਂ, ਦਿਮਾਗੀ ਤੌਰ ਤੇ ਬਿਮਾਰ, ਨੇਤਰਹੀਣ, ਬੋਲੇ, ਗੂੰਗੇ, ਅਪਾਹਜਾਂ, ਯਤੀਮਾਂ ਆਦਿ ਨੂੰ ਆਸਰਾ ਦੇਣਾ ਅਤੇ ਉਹਨਾਂ ਦੀ ਸੇਵਾ ਸੰਭਾਲ ਕਰਨਾ ਹੈ।

ਕਈ ਪਿੰਡਾਂ ਦੇ ਵਿਚਕਾਰ ਸ਼ਾਂਤਮਈ ਵਾਤਾਰਨ ਵਿੱਚ ਤਿੰਨ ਹਜ਼ਾਰ ਵਰਗ ਗਜ਼ ਵਿੱਚ ਨਵਾਂ ਉਸਰਿਆ ਇਹ ਆਸ਼ਰਮ ਜਿੱਥੇ ਇਸ ਇਲਾਕੇ ਦੀ ਸ਼ੋਭਾ ਵਧਾਉਂਦਾ ਹੈ ਉੱਥੇ ਲੋੜਵੰਦਾਂ ਅਤੇ ਨਿਆਸਰਿਆਂ ਦੇ ਮਨਾਂ ਵਿੱਚ ਆਸ ਦੀ ਕਿਰਨ ਵੀ ਜਗਾਉਂਦਾ ਹੈ । ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇਸ ਆਸ਼ਰਮ ਦੀ ਪਹਿਲੀ ਮੰਜਲ ਤਕਰੀਬਨ ਤਿਆਰ ਹੋ ਚੁੱਕੀ ਹੈ । ਇਸ ਆਸ਼ਰਮ ਵਿੱਚ ਕੁੱਝ ਕੁ ਲੋੜਵੰਦਾਂ ਨੇ ਰਹਿਣਾ ਸ਼ੁਰੂ ਵੀ ਕਰ ਦਿੱਤਾ ਹੈ ਅਤੇ ਉਹਨਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ । ਪਰ ਇਸ ਵਿੱਚ 35-40 ਦੇ ਕਰੀਬ ਹੋਰ ਲੋੜਵੰਦ ਰਹਿ ਸਕਦੇ ਹਨ । ਭਵਿੱਖ ਵਿੱਚ ਇਸ ਆਸ਼ਰਮ ਦੀਆਂ ਉਪਰਲੀਆਂ ਮੰਜਲਾਂ ਤਿਆਰ ਕਰਵਾਕੇ ਇਸ ਵਿੱਚ 200 ਦੇ ਕਰੀਬ ਲੋੜਵੰਦਾਂ ਦੇ ਰਹਿਣ ਦਾ ਪ੍ਰਬੰਧ ਕਰਨ ਦੀ ਯੋਜਨਾ ਹੈ । ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਦੀ ਹਰ ਸੰਭਵ ਮਦਦ ਕੀਤੀ ਜਾਂਦੀ ਹੈ। ਇਸ ਸੰਸਥਾ ਨੂੰ ਸ਼ੁਰੂ ਕਰਨ ਵਾਲੇ ਹਨ ਪਿੰਡ ਜਟਾਣਾ ਦੇ ਜੰਮਪਲ ਡਾ. ਨੌਰੰਗ ਸਿੰਘ ਮਾਂਗਟ ਜੋ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਸਾਇੰਸਦਾਨ ਹਨ ਜਿਹਨਾਂ ਨੇ ਕੈਨੇਡਾ ਵਰਗੇ ਦੇਸ਼ ਦੀਆਂ ਸੁੱਖ-ਸੁਵਿਧਾਵਾਂ ਨੂੰ ਤਿਆਗ ਕੇ ਆਪਣਾ ਜੀਵਨ ਬੇਸਹਾਰਿਆਂ, ਅਪਾਹਜਾਂ, ਯਤੀਮਾਂ ਅਤੇ ਹੋਰ ਲੋੜਵੰਦਾਂ ਲਈ ਅਰਪਣ ਕਰ ਦਿੱਤਾ । ਅੱਜ ਕੱਲ ਉਹ ਕੈਲਗਰੀ (ਕੈਨੇਡਾ) ਆਏ ਹੋਏ ਹਨ।

ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ

Punjabi Cultural Association of Alberta

ਬੜੇ ਮਾਣ ਨਾਲ ਪੇਸ਼ ਕਰਦੀ ਹੈ

Proudly Presents

29ਵਾਂ ਸਲਾਨਾ ਸਭਿਆਚਾਰਕ ਸਮਾਗਮ

29th Annual Cultural Program

ਐਤਵਾਰ, 9 ਅਕਤੂਬਰ 2011- 2 ਵਜੇ

Sunday, October 9, 2011. 2 PM Sharp @

Jubilee Auditorium,11455 87 Ave. Edmonton

ਜਿਸ ਵਿੱਚ ਗਿੱਧਾ-ਭੰਗੜ੍ਹਾ, ਗੀਤ-ਸੰਗੀਤ, ਹਾਸਾ-ਠੱਠਾ ਤੇ ਹੋਰ ਬਹੁਤ ਕੁਝ...

Ticket $5



Kids Under 10 year Free

For More Info.

Gurcharan Brar 780-265-3752 ✦ Sukhdev Dhanoa 780-700-5022 ✦ Kirtmeet Kohar 780-200-5328
Parminder Dhaliwal 780-994-1886 ✦ Tejinder Brar 780-709-7979 ✦ Rajinder Sidhu 780-469-0100
Bakhash Sangha 780-461-7528 ✦ Arvind Sekhon 780-965-9508 ✦ Kuldip Dhaliwal 780-278-0627
Manjit Bajwa 780-264-5997 ✦ Harjeet Sandhu 780-233-3100 ✦ Pavitter Dhaliwal 780-909-3315
Manpreet Bhathal 780-964-0380

Media-Sponsors

ਨਵੀਂ ਦੁਨੀਆ ★ ਦੇਸ ਪ੍ਰਦੇਸ ਟਾਈਮਜ਼ ★ ਲੋਕ ਅਵਾਜ ★ ਦੇਸ਼ ਵਿਦੇਸ਼ ਟਾਇਮਜ ★ ਰੇਡੀਉ ਪੰਜਾਬ ★ ਰੇਡੀਉ ਸੁਰ ਸੰਗਮ
ਦੇਸ਼ ਪੰਜਾਬ ਰੇਡੀਉ ★ ਏਸ਼ੀਅਨ ਟਾਈਮਜ਼ ★ ਏਸ਼ੀਅਨ ਟ੍ਰਿਬਿਊਨ ★ ਸ਼ਾਨ-ਏ-ਪੰਜਾਬ ★ ਵਤਨ ਟੀ.ਵੀ. ★ ਦੀ ਇੰਡੋ ਕਨੇਡੀਅਨ
ਰੋਜ਼ਾਨਾ ਅਜੀਤ ਜਲੰਧਰ ★ ਪਰਿਵਰਤਨ

# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**
Biggest Brokers Team, designed to serve Canadians' with solutions for your personal and professional insurance needs.

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

### Quick Quotes When You Need Them



### What we Offer

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ ਮੋਟਰਸਾਈਕਲ ਇੰਸ਼ੌਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੌਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੌਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੌਰੈਂਸ

**MON - FRI : 9:00 a.m -- 5:00 pm**
**SAT till 2:00 p.m by appointments only**
**Closed on Sunday & Stat Holidays.**

**Discounts up to 60%**

**Payment Options available**

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ**
**We Provide Service In English, Punjabi, Gujrati, Hindi & Urdu**

**Edmonton: 780-465-6900**
ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson (Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## HARRY'S EXCAVATING

Ph 780-918-2252

Specialist in : Digging Basements & All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

## C.J. Auto & Transmission Repair Ltd. & Body Shop

Specialize in Propane Repair & Body Shop



Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9

* Import & Domestic Repairs * Insurance Claims

## KOPY CENTRE & PRINTING

"On Time ~ Every Time"

Digital Printing & Photo Copy

• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...

*We do Art Work as well...*

Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

## Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

## A & V Collision LTD.

27 Years of Journey Man Experience



AUTO BODY & PAINT

Frame Repair
All Insurance Claims
Domestic & Imports Specialists

Quality Service With Best Market Price

Terry Sumka, *Manager*

ਆਪਣੀਆਂ ਗੱਡੀਆਂ ਨੂੰ ਦੋਬਾਰਾ ਤੋਂ ਨਵੀਆਂ ਬਣਾਉਣ ਲਈ ਸਾਡੇ ਕੋਲ ਆਓ

Cell: 780 984 9982 Ph: 780 988 2886 Fax: 780 988 2896

3918-91 Street NW Edmonton, AB T6E 5K7

*www.avcollision.ca*
*avcollision@shaw.ca*

## MORTGAGE ALLIANCE

Walk In Centre

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ **Mortgage Renew** ਹੋਣ ਵਾਲੀ ਹੈ?
ਕੀ ਤੁਹਾਡੇ **Credit Cards** ਭਰੇ ਹੋਏ ਹਨ?
ਕੀ ਤੁਸੀਂ ਬੈਕਾਂ ਨਾਲੋਂ ਸਸਤੀ **Mortgage** ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ **Line of Credit** ਲੈਣੀ ਚਾਹੁੰਦੇ ਹੋ?

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ **Mortgage** ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਕੌਣ ਆਖੇ ਰਾਣੀਏ.....

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 18 ਸਤੰਬਰ ਨੂੰ ਹੋ ਗਈਆਂ ਹਨ। ਇਸ ਵਾਰ ਦੀਆਂ ਚੋਣਾਂ 'ਚ ਸਹਿਜਧਾਰੀ ਪੋਲਿੰਗ ਵਿਚ ਹਿੱਸਾ ਨਹੀਂ ਲੈ ਸਕਦੇ ਸਨ। ਸਹਿਜਧਾਰੀ



ਸਿੱਖਾਂ ਦੇ ਵੋਟਰ ਬਣ ਜਾਂ ਨਾ ਬਣ ਸਕਣ ਦੇ ਮਾਮਲੇ ਦੀ ਸੁਣਵਾਈ ਅਜੇ ਹਾਈਕੋਰਟ ਵਿਚ ਬਕਾਇਆ ਪਈ ਹੈ, ਪਰ ਭਾਰੀ ਗਿਣਤੀ ਵਿਚ ਦਾੜ੍ਹੀ-ਮੁੱਛ ਕਤਰਨ ਤੇ ਘੋਨ ਮੋਨ ਸਿਰਾਂ ਵਾਲਿਆਂ ਨੇ ਵੋਟ ਦਾ ਪ੍ਰਯੋਗ ਕੀਤਾ। ਵੋਟਾਂ ਪਾਉਣ ਲਈ ਲੱਗੀਆਂ ਕਤਾਰਾਂ 'ਚ ਕਈ ਥਾਈਂ ਕੋਈ ਵਿਰਲਾ ਟਾਵਾਂ ਹੀ ਸਾਬਤ ਸਬੂਤਾ ਸਿੱਖ ਦਿਖਾਈ ਦਿੰਦਾ ਸੀ। ਪਰਵਾਸੀ ਮਜ਼ਦੂਰਾਂ ਵਲੋਂ ਵੀ ਵੋਟਾਂ ਪਾਈਆਂ ਗਈਆਂ। 19 ਸਤੰਬਰ ਦੀਆਂ ਅਖ਼ਬਾਰਾਂ ਵਿਚ ਇਕ ਅਜਿਹੇ ਪਰਵਾਸੀ ਮਜ਼ਦੂਰ ਦੀ ਤਸਵੀਰ ਵੀ ਪ੍ਰਕਾਸ਼ਿਤ ਹੋਈ ਜਿਸ ਨੇ ਇਕ ਹੱਥ ਵਿਚ ਜਰਦੇ ਦੀ ਪੁੜੀ ਤੇ ਦੂਜੇ ਹੱਥ ਵਿਚ ਵੋਟ ਪਰਚੀ ਫੜੀ ਹੋਈ ਸੀ। ਇਹ ਸਭ ਵੋਟਾਂ ਰਾਜ ਸਰਕਾਰ ਦੇ ਪ੍ਰਬੰਧ ਹੇਠ (ਜਿਸ ਸਰਕਾਰ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਜੇਤੂ ਰਹੀ ਪਾਰਟੀ ਕੋਲ ਹੈ) ਭੁਗਤੀਆਂ, ਜਾਹਿਰ ਹੈ ਕਿ ਇਸ ਦੇ ਪੱਖ 'ਚ ਭੁਗਤੀਆਂ ਹੋਣਗੀਆਂ। ਸਰਕਾਰ ਨੇ ਚੋਣਾਵੀਂ ਪ੍ਰਬੰਧ ਆਪਣੇ ਹੱਥ ਹੇਠ ਹੋਣ ਦਾ ਇੰਨਾ ਜ਼ਿਆਦਾ ਲਾਭ ਉਠਾਇਆ ਕਿ ਨਤੀਜਿਆਂ ਦਾ ਐਲਾਨ ਅਧਿਕਾਰਤ ਤੌਰ 'ਤੇ 22 ਸਤੰਬਰ ਨੂੰ ਕੀਤਾ ਜਾਣਾ ਸੀ, ਪਰ ਸਰਕਾਰ ਚਲਾ ਰਹੀ ਸਿਆਸੀ ਪਾਰਟੀ ਨੇ 18 ਸਤੰਬਰ ਨੂੰ ਹੀ ਵੋਟਾਂ ਦੀ ਗਿਣਤੀ ਹੁੰਦਿਆਂ ਸਾਰ ਅਣਅਧਿਕਾਰਤ ਤੌਰ 'ਤੇ ਆਪਣੇ ਹੈੱਡਕੁਆਟਰ ਤੋਂ ਨਤੀਜਿਆਂ ਦੇ ਅਨਾਰ ਚਲਾਉਣੇ ਸ਼ੁਰੂ ਕਰ ਦਿਤੇ, ਇਖਲਾਕੀ ਫਰਜ਼ ਵਜੋਂ ਹੀ ਨਤੀਜਿਆਂ ਨੂੰ 22 ਸਤੰਬਰ ਤਕ ਰੋਕ ਰੱਖਣਾ ਮੁਨਾਸਬ ਨਾ ਸਮਝਿਆ ਗਿਆ। ਅਜਿਹਾ ਕਰਨ ਦਾ ਮਨੋਰਥ ਕੇਵਲ ਇਹ ਸੀ ਕਿ ਝਟਪਟ ਨਤੀਜੇ ਐਲਾਨ ਕੇ ਇਹ ਪ੍ਰਭਾਵ ਪਾਇਆ ਜਾ ਸਕੇ ਕਿ ਅਕਾਲੀ ਦਲ (ਬ) ਦੀ ਪੰਜਾਬ ਵਿਚ ਪੂਰੀ ਚੜ੍ਹਤ ਹੈ। ਲੋਕਤੰਤਰੀ ਪ੍ਰਕਿਰਿਆ ਤੇ ਕਦਰਾਂ ਕੀਮਤਾਂ ਦਾ ਘਾਣ ਕਰਨ ਵਿਚ ਭਾਵੇਂ ਪੰਜਾਬ ਦੀ ਵੱਡੀ ਹਾਕਮ ਪਾਰਟੀ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਫਿਰ ਵੀ ਕਿਸੇ ਦੂਜੀ ਸਿਆਸੀ ਪਾਰਟੀ ਨੇ ਬਾਦਲ ਨੂੰ ਕੋਈ ਬਹੁਤਾ ਨਹੀਂ ਕੋਸਿਆ, ਬਸ ਰਸਮੀ ਬਿਆਨ ਹੀ ਜਾਰੀ ਹੋਏ। ਪੰਥ ਅੰਦਰੋਂ ਵੀ ਕੋਈ ਸਾਰਥਕ ਪ੍ਰਤੀਕਰਮ ਨਹੀਂ ਆਇਆ। ਕਿਸੇ ਨੇ ਵੀ ਰਾਣੀ ਨੂੰ ਅੱਗਾ ਢੱਕਣ ਲਈ ਨਹੀਂ ਕਿਹਾ, ਸਭ ਜਲੂਸ ਵੇਖਦੇ ਰਹੇ।

### ਵਾਹ ਪਏ ਤਾਂ ਜਾਣੀਏ....

ਕਾਂਗਰਸ ਪਾਰਟੀ ਦੇ 'ਗਰੀਬੀ ਹਟਾਉ' ਦੇ ਨਾਅਰੇ ਤੋਂ ਮਗਰੋਂ ਜੇਕਰ ਕਿਸੇ ਨਾਅਰੇ ਨੇ ਬੜੀ ਤੇਜ਼ੀ ਨਾਲ ਅਰਥ ਬਦਲੇ ਹਨ ਤਾਂ ਉਹ ਹੈ ਅਕਾਲੀਆਂ ਦਾ ਪਿਛਲੀਆਂ ਚੋਣਾਂ ਸਮੇਂ ਦਿਤਾ ਨਾਅਰਾ 'ਰਾਜ ਨਹੀਂ, ਸੇਵਾ'। ਗਰੀਬੀ ਹਟਾਉ ਦਾ ਨਾਅਰਾ ਲਾ ਕੇ ਸੱਤਾ 'ਚ ਆਈ ਕਾਂਗਰਸ ਕੋਲੋਂ ਜਦੋਂ ਗਰੀਬਾਂ ਨੂੰ ਕੁਝ ਵੀ ਮਿਲਦਾ ਦਿਖਾਈ ਨਾ ਦਿਤਾ ਤਾਂ ਇਹ ਕਿਹਾ ਜਾਣ ਲੱਗ ਪਿਆ ਕਿ ਨਾਅਰੇ ਨੂੰ ਸਮਝਣ ਵਿਚ ਗਲਤੀ ਲੱਗੀ ਹੈ। ਨਾਅਰੇ ਦੇ ਅਸਲ ਅਰਥਾਂ ਨੂੰ ਵੀ ਮੁੜ ਤੋਂ ਸਮਝਿਆ ਗਿਆ ਹੈ। ਲੋਕਾਂ ਨੇ ਹੈਰਾਨੀ ਨਾਲ ਹੁਣ ਸੋਚਿਆ ਹੈ ਕਿ ਕੁਟਾਪੇ ਦੀ ਗੱਲ ਤਾਂ ਨਹੀਂ ਸੀ ਇਸ ਨਾਅਰੇ ਜ਼ਰੀਏ ਕਹੀ? ਠੀਕ ਵੀ ਜਾਪਦਾ ਹੈ ਕਿਉਂਕਿ ਬਾਦਲਾਂ ਦੀ ਹਰ ਰੈਲੀ, ਪਿਉ ਦੀ ਹੋਵੇ, ਪੁੱਤਰ ਦੀ ਹੋਵੇ ਜਾਂ ਨੂੰਹ ਦੀ, ਵਿਚ ਨੌਕਰੀਆਂ ਜਾਂ ਵਾਜਬ ਤਨਖ਼ਾਹਾਂ ਮੰਗਣ ਲਈ ਆਇਆਂ ਨੂੰ ਛੱਲੀਆਂ ਵਾਂਗ ਪੁਲਿਸ ਵਲੋਂ ਕੁਟਾਪਾ ਚਾੜ੍ਹਿਆ ਜਾ ਰਿਹਾ ਹੈ। ਬਸ ਇਹੋ ਹੈ ਬਾਦਲਾਂ ਦਾ ਸੇਵਾ-ਰਾਜ, ਪਰ ਵਾਹ ਪਏ ਤਾਂ ਹੀ ਪਤਾ ਲਗਦਾ ਹੈ --- ਉਂਜ ਲੋਕਾਂ ਨੂੰ ਪਤਾ ਉਦੋਂ ਲਗਦਾ ਹੈ ਜਦੋਂ ਪਾਣੀ ਪੁੱਲਾਂ ਤੋਂ ਗੁਜ਼ਰ ਜਾਂਦਾ ਹੈ।

### ਲੋਕ ਤਾਂ ਫਿਰ ਵੀ.....

ਲੋਕ ਤਾਂ ਲੋਕ ਹੁੰਦੇ ਹਨ, ਕੁਝ ਵੀ ਹੋਵੇ ਬੜੇ ਮਾਸੂਮ ਹੁੰਦੇ ਹਨ। ਲੋਕਾਂ ਨੇ ਖੁਦ ਤਾਂ ਦੇਸ਼ ਤੋਂ ਅੱਡ ਕੀ ਹੋਣਾ, ਜੇਕਰ ਕੁਦਰਤ ਵੀ ਉਨ੍ਹਾਂ ਨੂੰ ਮੁਲਕ ਤੋਂ ਅੱਡ ਕਰੇ, ਉਹ ਤਾਂ ਵੀ ਮੁਲਕ ਨਾਲ ਜੁੜਦੇ ਰਹਿਣਗੇ। ਭਾਰਤ-ਪਾਕਿ ਸਰਹੱਦ 'ਤੇ ਹੁਸੈਨੀਵਾਲਾ ਦੇ ਨੇੜੇ ਪਿੰਡ ਹਜ਼ਾਰਾ ਸਿੰਘ ਅਤੇ ਗੱਟੀ ਰਾਜੋ ਕੇ ਦੇ ਨੇੜਲੇ 20



ਪਿੰਡਾਂ ਨੂੰ ਮੁਲਕ ਨਾਲ ਜੋੜਨ ਵਾਲਾ ਸਤਿਲੁਜ ਤੇ ਬਣਿਆ ਪੁਲ ਮੌਨਸੂਨ ਦੀ ਪਹਿਲੀ ਬਾਰਸ਼ ਵਿਚ ਹੀ ਵਹਿ ਗਿਆ। ਇਨ੍ਹਾਂ ਵੀਹਾਂ ਪਿੰਡ ਨੂੰ ਦੇਸ਼ ਨਾਲ ਜੋੜਨ ਵਾਲਾ ਇਹ ਇਕੋ ਇਕ ਪੁੱਲ ਪੂਰੀ ਵਰਖਾ ਰੁੱਤ ਬੀਤ ਜਾਣ 'ਤੇ ਵੀ ਬਣਾਇਆ ਨਹੀਂ ਗਿਆ। ਪੁੱਲ ਦੀ ਥਾਂ ਇਕ ਆਰਜ਼ੀ ਲਾਂਘਾ ਬੁੱਤਾ ਸਾਰਨ ਲਈ ਬਣਾਇਆ ਗਿਆ ਹੈ, ਉਹ ਵੀ ਤਾਂ ਕਿਉਂਕਿ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਨੇ ਲੋਕਾਂ ਨੂੰ ਲਾਰੇ ਲਾਉਣ ਲਈ ਕਦੀ ਕਦਾਈਂ ਇਨ੍ਹਾਂ ਪਿੰਡਾਂ ਦਾ ਗੇੜਾ ਮਾਰਨਾ ਹੁੰਦਾ ਹੈ। ਹੁਣ ਜਦੋਂ ਸਰਕਾਰ ਦੀ ਤਰਫੋਂ ਪੁਲ ਨਿਰਮਾਣ ਲਈ ਕੋਈ ਯਤਨ ਅਰੰਭੇ ਨਹੀਂ ਜਾ ਰਹੇ ਹਨ ਤਾਂ ਦੁਖੀ ਹੋਏ ਲੋਕਾਂ ਨੇ ਖੁਦ ਹੀ ਪੈਸੇ ਇਕੱਠੇ ਕਰਕੇ ਪੁੱਲ ਬਣਾਉਣ ਦਾ ਬੀੜਾ ਚੁੱਕ ਲਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਸਰਕਾਰ (ਸੂਬਾ) ਸ਼ਾਇਦ ਉਨ੍ਹਾਂ ਨੂੰ ਆਪਣੇ ਸੂਬੇ ਨਾਲ ਜੋੜ ਕੇ ਰੱਖਣ 'ਚ ਖੁਸ਼ ਨਹੀਂ, ਪਰ ਅਸੀਂ ਤਾਂ ਪੱਲਿਓਂ ਪੈਸੇ ਖਰਚ ਕੇ ਵੀ ਆਪਣੇ ਦੇਸ਼ ਨਾਲ ਜੁੜੇ ਰਹਾਂਗੇ!

### ਬਿਜਲੀ ਬੋਰਡ ਨੂੰ ਰਾਸ ਨਹੀਂ ਆਇਆ ਨਿੱਜੀਕਰਨ ਦਾ ਰਾਹ...



ਪੰਜਾਬ ਰਾਜ ਬਿਜਲੀ ਬੋਰਡ ਦਾ ਨਿਗਮੀਕਰਨ ਕਰਨ ਲੱਗਿਆਂ ਪੰਜਾਬ ਦੀ ਕੁਲੀਸ਼ਨ ਸਰਕਾਰ ਵਲੋਂ ਬਿਜਲੀ ਕਰਮਚਾਰੀਆਂ ਅਤੇ ਖਪਤਕਾਰਾਂ ਦੇ ਤੌਖਲੇ ਦੂਰ ਕਰਨ ਲਈ ਕਈ ਤਰ੍ਹਾਂ ਦੇ ਭਰੋਸੇ ਦਿਤੇ ਗਏ ਸਨ। ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਨਿੱਜੀਕਰਨ ਨਾਲ ਪਾਵਰ ਸੈਕਟਰ ਦੀ ਨਿੱਘਰੀ ਹੋਈ ਵਿੱਤੀ ਹਾਲਤ ਸੁਧਰ ਜਾਵੇਗੀ। ਪਰ ਸਥਿਤੀ ਹੁਣ ਪਹਿਲਾਂ ਨਾਲੋਂ ਵੀ ਮਾੜੀ ਹੈ। ਪਾਵਰਕਾਮ ਨੂੰ ਰਾਹਤ ਦੇਣ ਲਈ ਪੰਜਾਬ ਸਰਕਾਰ ਨੇ ਇਸ ਨੂੰ ਸਾਰੀ ਸਬਸਿਡੀ ਵੀ ਜਾਰੀ ਕਰ ਦਿਤੀ ਹੈ। 142 ਕਰੋੜ ਰੁਪਏ ਪਾਵਰਕਾਮ ਨੂੰ ਜਾਰੀ ਕੀਤੇ ਗਏ ਹਨ, ਇਸ ਤੋਂ ਇਲਾਵਾ ਸਰਕਾਰ ਨੇ ਪਾਵਰਕਾਮ ਤੋਂ ਬਿਜਲੀ ਡਿਊਟੀ ਵੀ ਨਹੀਂ ਚਾਰਜ ਕੀਤੀ। ਇਹ ਡਿਊਟੀ ਵੀ 1400 ਕਰੋੜ ਰੁਪਏ ਦੀ ਬਣਦੀ ਹੈ। ਫਿਰ ਵੀ ਪਾਵਰਕਾਮ ਦੇ ਅਧਿਕਾਰੀ ਸਤੰਬਰ ਤੇ ਅਕਤੂਬਰ ਮਹੀਨਿਆਂ ਨੂੰ ਭਾਰੀ ਵਿੱਤੀ ਸੰਕਟ ਵਾਲੇ ਮਹੀਨੇ ਕਹਿ ਰਹੇ ਹਨ ਕਿਉਂਕਿ ਬਾਹਰੋਂ ਖਰੀਦੀ ਜਾਣ ਵਾਲੀ ਬਿਜਲੀ ਲਈ ਭਾਰੀ ਰਕਮਾਂ ਅਦਾ ਕਰਨੀਆਂ ਪੈ ਰਹੀਆਂ ਹਨ। ਬਿਜਲੀ ਉਤਪਾਦਨ ਵੀ ਪੂਰਾ ਨਹੀਂ ਹੋ ਰਿਹਾ। ਸਨਅਤੀ ਕੱਟ ਲਾਗੂ ਕਰ ਦਿਤੇ ਗਏ ਹਨ। ਦੂਜੇ ਪਾਸੇ ਛੋਟੇ ਬਾਦਲ ਸਰਪਲੱਸ ਬਿਜਲੀ ਦੀ ਮੁਹਾਰਨੀ ਰਟੀ ਜਾ ਰਹੇ ਹਨ, ਜੇਕਰ ਚੋਣਾਂ ਦੇ ਮਹੀਨਿਆਂ 'ਚ ਬਿਜਲੀ ਕੱਟ ਲਾਉਣ ਦੀ ਨੌਬਤ ਆ ਗਈ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਸਰਪਲੱਸ ਬਿਜਲੀ ਪੈਦਾ ਕਰਨ ਦਾ ਦਾਅਵਾ ਬਿਲਕੁਲ ਖੋਖਲਾ ਹੈ।

### ਛੇਕੜਲੀ ਗੱਲ

ਸੁਖਬੀਰ ਬਾਦਲ ਭਾਸ਼ਨ ਕਲਾ 'ਚ ਬਹੁਤੀ ਮੁਹਾਰਤ ਨਹੀਂ ਰੱਖਦਾ। ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ 'ਤੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਉਹ ਆਪਣੇ ਪਿਤਾ ਸ੍ਰੀ ਦੀ ਵਡਿਆਈ ਕਰਨ ਲਈ ਕਈ ਵਾਰ ਕਹਿ ਗਿਆ, "ਮੇਰੇ ਪਿਤਾ 'ਸਮਾਨ' ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ.... ਨੇ.....।" ਉਹ ਸ਼ਾਇਦ ਅਣਜਾਣੇ 'ਚ ਅਜਿਹਾ ਬੋਲ ਗਿਆ ਪਰ ਗੱਲ ਖਟਕਦੀ ਰਹੀ। ਉਸ ਤੋਂ ਮਗਰੋਂ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਭਾਸ਼ਨ ਦੇਣ ਲਈ ਉਠੇ ਤਾਂ ਉਨ੍ਹਾਂ ਪਹਿਲੀ ਗੱਲ ਹੀ ਇਹ ਕਹੀ, "ਕਾਕਾ ਮੈਂ ਤੇਰੇ ਪਿਤਾ 'ਸਮਾਨ' ਨਹੀਂ, ਪਿਤਾ ਹੀ ਹਾਂ।" ਸੁਣ ਕੇ ਪੰਡਾਲ ਖਿੜ ਖਿੜਾ ਗਿਆ।

## ਅਣਵਰਤੇ ਪਏ ਹਨ ਮਜ਼ਦੂਰ ਭਲਾਈ ਫੰਡ ਦੇ 127 ਕਰੋੜ ਰੁਪਏ

### ਅਫਸਰਾਂ ਨੇ ਫੰਡ 'ਚੋਂ 25 ਗੱਡੀਆਂ ਤੇ 20 ਲੱਖ ਦੇ ਕੰਪਿਊਟਰ ਖਰੀਦੇ

ਚੰਡੀਗੜ੍ਹ (ਨਦਬ) : ਭਲਾਈ ਬੋਰਡ ਪੰਜਾਬ ਦਾ ਪੈਸਾ ਮਜ਼ਦੂਰਾਂ ਤੋਂ ਵੱਧ ਅਫਸਰਾਂ ਦੀ ਭਲਾਈ 'ਤੇ ਲੱਗ ਰਿਹਾ ਜਾਪਦਾ ਹੈ। 'ਮਜ਼ਦੂਰ ਭਲਾਈ' ਦੇ ਪੈਸੇ ਨੂੰ ਕਿਰਤ ਵਿਭਾਗ ਦੇ ਅਫਸਰ ਆਪਣੇ ਲਈ ਵੱਧ ਵਰਤ ਰਹੇ ਹਨ। ਦੋ ਵਰ੍ਹਿਆਂ 'ਚ ਮਜ਼ਦੂਰਾਂ ਦੀ ਭਲਾਈ 'ਤੇ 11.08 ਲੱਖ ਰੁਪਏ ਖਰਚ ਹੋਏ ਹਨ ਜਦੋਂ ਕਿ ਅਫਸਰਾਂ ਅਤੇ ਉਨ੍ਹਾਂ ਦੇ ਦਫ਼ਤਰਾਂ 'ਤੇ 2.08 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਮਜ਼ਦੂਰਾਂ ਦੀ ਭਲਾਈ ਲਈ 129.85 ਕਰੋੜ ਰੁਪਏ ਖ਼ਜ਼ਾਨੇ 'ਚ ਪਏ ਹਨ ਪ੍ਰੰਤੂ ਇਸ 'ਚੋਂ ਕਿਰਤ ਭਲਾਈ ਸਕੀਮਾਂ 'ਤੇ ਕੇਵਲ 11.08 ਲੱਖ ਹੀ ਖਰਚੇ ਗਏ ਹਨ।

ਪੰਜਾਬ ਸਰਕਾਰ ਵੱਲੋਂ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈਲਫੇਅਰ ਬੋਰਡ ਐਕਟ 1996 ਤਹਿਤ 30 ਅਪਰੈਲ 2009 ਨੂੰ ਪੰਜਾਬ ਉਸਾਰੀ ਵਰਕਰਜ਼ ਭਲਾਈ ਬੋਰਡ ਦਾ ਗਠਨ ਕੀਤਾ ਗਿਆ ਸੀ। ਇਸ ਦਾ ਮਕਸਦ ਉਸਾਰੀ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਾਲੀ ਮਦਦ ਕਰਨਾ ਹੈ।

ਬੋਰਡ ਐਕਟ 1996 ਦੀ ਧਾਰਾ 3 ਅਨੁਸਾਰ ਉਸਾਰੀ ਕੰਪਨੀਆਂ ਅਤੇ ਠੇਕੇਦਾਰਾਂ ਤੋਂ ਇੱਕ ਫੀਸਦੀ ਸੈੱਸ ਲੈਣ ਦੀ ਵਿਵਸਥਾ ਹੈ ਅਤੇ ਇਸ ਸੈੱਸ ਦੇ ਰੂਪ ਵਿਚ 31 ਮਾਰਚ 2011 ਤੱਕ ਭਲਾਈ ਬੋਰਡ ਕੋਲ 129.85 ਕਰੋੜ ਰੁਪਏ ਇਕੱਠੇ ਹੋ ਚੁੱਕੇ ਹਨ। ਕਿਰਤ ਵਿਭਾਗ ਨੇ 'ਮਜ਼ਦੂਰ ਭਲਾਈ' ਵਾਲੇ ਪੈਸੇ 'ਚੋਂ 1.19 ਕਰੋੜ ਰੁਪਏ ਦੀਆਂ ਕਰੀਬ 25 ਗੱਡੀਆਂ ਖਰੀਦ ਲਈਆਂ ਹਨ। ਇਨ੍ਹਾਂ ਵਿਚੋਂ 23 ਸੂਮੋ ਗੱਡੀਆਂ ਪੰਜਾਬ ਵਿਚਲੇ 23 ਸਹਾਇਕ ਕਿਰਤ ਕਮਿਸ਼ਨਰਾਂ ਨੂੰ ਦੇ ਦਿੱਤੀਆਂ ਗਈਆਂ ਹਨ ਜਦੋਂ ਕਿ ਦੋ ਗੱਡੀਆਂ ਮੁੱਖ ਦਫ਼ਤਰ ਦੇ ਅਫਸਰਾਂ ਨੇ ਰੱਖ ਲਈਆਂ ਹਨ।

ਕਿਰਤ ਕਮਿਸ਼ਨਰ ਪੰਜਾਬ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਜੋ ਦਿੱਤੀ ਜਾਣਕਾਰੀ ਅਨੁਸਾਰ 2.81 ਲੱਖ ਰੁਪਏ ਨਾਲ ਇਨ੍ਹਾਂ ਗੱਡੀਆਂ ਦਾ ਬੀਮਾ ਕਰਾਇਆ ਗਿਆ ਹੈ ਜਦੋਂ ਕਿ 2.05 ਲੱਖ ਰੁਪਏ ਇਨ੍ਹਾਂ ਗੱਡੀਆਂ ਦੀ ਰਜਿਸਟ੍ਰੇਸ਼ਨ 'ਤੇ ਖਰਚ ਕੀਤੇ ਗਏ ਹਨ। ਇਨ੍ਹਾਂ ਗੱਡੀਆਂ ਦਾ ਡੀਜ਼ਲ ਖਰਚਾ ਵੀ 61,400 ਰੁਪਏ ਦੱਸਿਆ ਗਿਆ ਹੈ।

ਇਸੇ ਤਰ੍ਹਾਂ 19.99 ਲੱਖ ਰੁਪਏ ਦੇ ਕੰਪਿਊਟਰ ਖ਼ਰੀਦੇ ਗਏ ਹਨ ਜਿਨ੍ਹਾਂ 'ਚੋਂ ਹਰ ਸਹਾਇਕ ਕਿਰਤ ਕਮਿਸ਼ਨਰ ਦੇ ਦਫ਼ਤਰ ਨੂੰ ਇੱਕ ਕੰਪਿਊਟਰ ਦਿੱਤਾ ਗਿਆ ਹੈ। ਮਜ਼ਦੂਰ ਭਲਾਈ ਲਈ ਇਕੱਠੇ ਹੋਏ ਸੈੱਸ 'ਚੋਂ ਹੀ 57791 ਰੁਪਏ ਟੀ.ਏ. ਵਜੋਂ ਦਿੱਤੇ ਗਏ ਹਨ ਅਤੇ 55,500 ਰੁਪਏ ਦਾ ਟਿਕਟਾਂ ਦਾ ਖਰਚ ਦਿਖਾਇਆ ਗਿਆ ਹੈ। ਤਨਖਾਹ ਦਾ ਖਰਚਾ ਵੀ 49.79 ਲੱਖ ਰੁਪਏ ਦੱਸਿਆ ਗਿਆ ਹੈ। 1.94 ਲੱਖ ਰੁਪਏ ਦੇ ਫੁਟਕਲ ਖਰਚੇ ਕੀਤੇ ਗਏ ਹਨ। ਇਵੇਂ ਹੀ 3.39 ਲੱਖ ਰੁਪਏ ਇਸ਼ਤਿਹਾਰਾਂ ਦਾ ਖਰਚਾ ਹੋਇਆ ਹੈ ਜਦੋਂ ਕਿ 75 ਹਜ਼ਾਰ ਰੁਪਏ ਆਨਰੇਰੀਅਮ ਲੇਖੇ ਦੇ ਹਨ।

ਭਲਾਈ ਬੋਰਡ ਦੇ ਗਠਨ ਤੋਂ ਪਹਿਲਾਂ ਸਹਾਇਕ ਕਿਰਤ ਕਮਿਸ਼ਨਰਾਂ ਕੋਲ ਸਰਕਾਰੀ ਗੱਡੀਆਂ ਨਹੀਂ ਸਨ। ਸਹਾਇਕ ਕਿਰਤ ਕਮਿਸ਼ਨਰਾਂ ਤੋਂ ਜੋ ਵੱਖਰੀ ਸੂਚਨਾ ਮਿਲੀ ਹੈ, ਉਸ ਅਨੁਸਾਰ ਪੰਜਾਬ ਦੇ 17 ਜ਼ਿਲ੍ਹਿਆਂ 'ਚ ਮਜ਼ਦੂਰਾਂ ਦੀ ਭਲਾਈ 'ਤੇ ਇੱਕ ਪਾਈ ਵੀ ਖਰਚ ਨਹੀਂ ਕੀਤੀ ਗਈ ਹੈ ਜਦੋਂ ਕਿ ਇਨ੍ਹਾਂ ਜ਼ਿਲ੍ਹਿਆਂ 'ਚੋਂ ਸੈੱਸ ਦੇ ਰੂਪ ਵਿੱਚ ਕਰੋੜਾਂ ਰੁਪਏ ਇਕੱਠੇ ਹੋਏ ਹਨ। ਜ਼ਿਲ੍ਹਾ ਅੰਮ੍ਰਿਤਸਰ 'ਚੋਂ 8.35 ਕਰੋੜ ਰੁਪਏ ਦਾ ਸੈੱਸ ਇਕੱਠਾ ਹੋਇਆ ਹੈ ਪ੍ਰੰਤੂ ਇਸ ਜ਼ਿਲ੍ਹੇ 'ਚ ਮਜ਼ਦੂਰ ਦੀ ਭਲਾਈ 'ਤੇ ਕੋਈ ਪੈਸਾ ਖਰਚ ਨਹੀਂ ਕੀਤਾ ਗਿਆ।

ਬਠਿੰਡਾ ਤੇ ਮਾਨਸਾ ਜ਼ਿਲਿਆਂ 'ਚੋਂ ਸਭ ਤੋਂ ਵੱਧ 10 ਕਰੋੜ ਰੁਪਏ ਦਾ ਸੈੱਸ ਇਕੱਠਾ ਹੋਇਆ ਹੈ। ਇਨ੍ਹਾਂ ਜ਼ਿਲ੍ਹਿਆਂ 'ਚ 3912 ਉਸਾਰੀ ਮਜ਼ਦੂਰ ਰਜਿਸਟਰਡ ਵੀ ਹੋਏ ਹਨ ਪ੍ਰੰਤੂ ਕੇਵਲ ਇੱਕੋ ਹੀ ਮਜ਼ਦੂਰ ਨੂੰ 50 ਹਜ਼ਾਰ ਰੁਪਏ ਦੀ ਐਕਸਗਰੇਸ਼ੀਆ ਗਰਾਂਟ ਦਿੱਤੀ ਗਈ। ਹੁਸ਼ਿਆਰਪੁਰ ਜ਼ਿਲ੍ਹੇ 'ਚ ਮਜ਼ਦੂਰ ਭਲਾਈ ਸੈੱਸ ਤਾਂ 5.29 ਕਰੋੜ ਰੁਪਏ ਇਕੱਠਾ ਹੋਇਆ ਹੈ ਪ੍ਰੰਤੂ ਇਸ 'ਚੋਂ ਮਜ਼ਦੂਰ ਭਲਾਈ ਲਈ ਕੇਵਲ 6 ਹਜ਼ਾਰ ਰੁਪਏ ਵੰਡੇ ਗਏ। ਪਟਿਆਲਾ ਜ਼ਿਲ੍ਹੇ 'ਚ 1143 ਰਜਿਸਟਰਡ ਮਜ਼ਦੂਰਾਂ 'ਚੋਂ ਸਿਰਫ਼ 17 ਕਿਰਤੀਆਂ ਦੇ ਬੱਚਿਆਂ ਨੂੰ 26,400 ਰੁਪਏ ਦਾ ਵਜ਼ੀਫ਼ਾ ਵੰਡਿਆ ਗਿਆ ਹੈ।

## ਸਕੂਲ ਫੀਸ ਦੀ ਪੀ ਲਈ ਸ਼ਰਾਬ ਤੇ ਫੀਸ ਦੇਣ ਲਈ ਕੀਤੀ ਚੋਰੀ

### ਸਕੂਲੀ ਵਿਦਿਆਰਥੀ ਹੀ ਨਿਕਲੇ ਮਨੀ ਚੇਂਜਰ ਦੇ ਚੋਰ



ਜਲੰਧਰ (ਨਦਬ) : ਮਨੀ ਚੇਂਜਰ ਵਿਚ ਹੋਈ ਚੋਰੀ ਦੀ ਵਾਰਦਾਤ ਨੂੰ ਪੁਲਸ ਨੇ ਸਿਰਫ 3 ਦਿਨਾਂ ਵਿਚ ਹੱਲ ਕਰ ਲਿਆ। ਪੁਲਸ ਨੇ ਚੋਰੀ ਕਰਨ ਵਾਲੇ 2 ਸਕੂਲੀ ਵਿਦਿਆਰਥੀਆਂ ਨੂੰ ਕਾਬੂ ਕਰ ਲਿਆ ਹੈ, ਜਿਨ੍ਹਾਂ ਤੋਂ ਚੋਰੀ ਦਾ ਸਾਮਾਨ ਵੀ ਬਰਾਮਦ ਹੋ ਗਿਆ ਹੈ, ਜਿਹੜਾ ਉਨ੍ਹਾਂ ਨੇ ਆਪਣੇ ਸਾਥੀ ਨੂੰ ਵੇਚਿਆ ਸੀ, ਜਿਸ ਨੂੰ ਵੀ ਪੁਲਸ ਨੇ ਹਿਰਾਸਤ ਵਿਚ ਲੈ ਲਿਆ। ਸਾਰੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਚੋਰੀ ਕਰਨ ਵਾਲੇ ਸਕੂਲੀ ਵਿਦਿਆਰਥੀ ਲਖਬੀਰ ਨੇ ਸਕੂਲ ਦੀ ਫੀਸ ਦੇਣ ਲਈ ਚੋਰੀ ਕੀਤੀ ਸੀ ਕਿਉਂਕਿ ਉਹ ਸਕੂਲ ਦੀ ਫੀਸ ਦੇ 5 ਹਜ਼ਾਰ ਰੁਪਏ ਸ਼ਰਾਬ ਵਿਚ ਉਡਾ ਚੁੱਕਾ ਸੀ ਅਤੇ ਹੁਣ ਸਕੂਲ ਫੀਸ ਦੇਣ ਲਈ ਉਸ ਕੋਲ ਪੈਸੇ ਨਹੀਂ ਸਨ। ਦੋਵੇਂ ਵਿਦਿਆਰਥੀ ਸ਼ਰਾਬ ਦੇ ਆਦੀ ਦੱਸੇ ਜਾ ਰਹੇ ਹਨ। ਫੜੇ ਗਏ ਨੌਜਵਾਨਾਂ ਦੀ ਪਛਾਣ ਲਖਬੀਰ ਸਿੰਘ ਲੱਖੀ 12ਵੀਂ ਅਤੇ ਅਮਿਤ 10ਵੀਂ ਕਲਾਸ ਦਾ ਵਿਦਿਆਰਥੀ ਹੈ। ਉਨ੍ਹਾਂ ਕੋਲੋਂ ਚੋਰੀ ਦਾ ਸਾਮਾਨ ਖਰੀਦਣ ਵਾਲੇ ਨੌਜਵਾਨ ਦੀ ਪਛਾਣ ਅਮਨਦੀਪ ਸਿੰਘ ਓਮੀ ਪੁੱਤਰ ਸਾਈਂ ਪ੍ਰਕਾਸ਼ ਦੇ ਰੂਪ ਵਿਚ ਹੋਈ ਹੈ ਜੋ ਕਿ ਪੇਂਟ ਦਾ ਕੰਮ ਕਰਦਾ ਹੈ। ਫੜੇ ਗਏ ਨੌਜਵਾਨਾਂ ਨੇ ਦੱਸਿਆ ਕਿ ਚੋਰੀ ਦਾ ਸਾਮਾਨ ਉਨ੍ਹਾਂ ਨੇ ਇਲਾਕੇ ਦੇ ਨੌਜਵਾਨ ਅਮਨਦੀਪ ਨੂੰ ਵੇਚਿਆ ਹੈ, ਜਿਸ ਨੂੰ ਵੀ ਪੁਲਸ ਨੇ ਕਾਬੂ ਕਰ ਲਿਆ। ਏ. ਸੀ. ਪੀ. ਨੇ ਦੱਸਿਆ ਕਿ ਫੜੇ ਗਏ ਨੌਜਵਾਨ ਲਖਬੀਰ ਨੇ ਦੱਸਿਆ ਕਿ ਉਸਨੇ ਸਕੂਲ ਦੀ 5 ਹਜ਼ਾਰ ਰੁਪਏ ਫੀਸ ਦੀ ਆਪਣੇ ਦੋਸਤ ਨਾਲ ਮਿਲ ਕੇ ਸ਼ਰਾਬ ਪੀ ਲਈ ਸੀ ਅਤੇ ਸਕੂਲ ਦੀ ਫੀਸ ਦੇਣ ਲਈ ਉਸਨੇ ਚੋਰੀ ਕੀਤੀ ਤਾਂ ਜੋ ਚੋਰੀ ਦਾ ਸਾਮਾਨ ਵੇਚ ਕੇ ਫੀਸ ਦੇ ਸਕੇ। ਇਸਦੇ ਨਾਲ ਹੀ ਫੜੇ ਗਏ ਚੋਰਾਂ ਨੇ 3 ਲੋਕਾਂ ਤੋਂ ਰਾਤ ਸਮੇਂ ਮੋਬਾਈਲ ਖੋਹਣ ਦੀਆਂ ਵਾਰਦਾਤਾਂ ਨੂੰ ਵੀ ਕਬੂਲਿਆ। ਲੁੱਟੇ ਹੋਏ ਮੋਬਾਈਲ ਉਨ੍ਹਾਂ ਮੋਬਾਈਲਾਂ ਦੀ ਦੁਕਾਨ 'ਤੇ ਵੇਚ ਦਿੱਤੇ ਸਨ। ਪੁਲਸ ਉਕਤ ਮੋਬਾਈਲ ਖਰੀਦਣ ਵਾਲੇ ਦੁਕਾਨਦਾਰਾਂ ਦੀ ਭਾਲ ਕਰ ਰਹੀ ਹੈ।

# ਵਿਕਸਤ ਦੇਸ਼ਾਂ 'ਚ ਸ਼ਾਮਲ ਸਭ ਤੋਂ ਮੋਹਰੀ ਦੇਸ਼ ਹੀ ਸਭ ਤੋਂ ਵੱਧ ਕਰਜ਼ਦਾਰ

ਨਵੀਂ ਦਿੱਲੀ, (ਨਦਬ) : ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਦੁਨੀਆ ਦੇ ਸਾਰਿਆਂ ਨਾਲੋਂ ਵਿਕਸਤ ਦੇਸ਼ਾਂ ਵਿਚ ਸ਼ਾਮਲ ਦੇਸ਼ ਹੀ ਦੁਨੀਆ ਦੇ ਪੰਜ ਸਭ ਤੋਂ ਕਰਜ਼ਦਾਰ ਦੇਸ਼ਾਂ ਹਨ। ਦਰਅਸਲ ਇਨ੍ਹਾਂ ਦੇਸ਼ਾਂ ਦੀ ਅਰਥਵਿਵਸਥਾ ਨੇ ਕਰਜ਼ੇ ਦਾ ਪਰਦਾ ਓਢਿਆ ਹੋਇਆ ਹੈ ਅਤੇ ਹੁਣ ਜਦੋਂ ਇਹ ਪਰਦਾ ਪਾਟਣ ਲੱਗ ਪਿਆ ਹੈ ਤਾਂ ਇਸ ਵਿਚੋਂ ਇਨ੍ਹਾਂ ਦੀ ਕੰਗਾਲੀ ਦੀ ਤਸਵੀਰ ਦਿਖਾਈ ਦੇਣ ਲੱਗ ਪਈ ਹੈ। ਇਨ੍ਹਾਂ ਵਿਚੋਂ ਪੰਜ ਸਭ ਤੋਂ ਜ਼ਿਆਦਾ ਕਰਜ਼ਦਾਰ ਦੇਸ਼ ਇਹ ਹਨ :

## ਯੂਨਾਈਟਿਡ ਸਟੇਟ ਆਫ ਅਮਰੀਕਾ



ਕੁਲ ਕਰਜ਼ਾ :
14.590 ਟ੍ਰੀਲੀਅਨ ਡਾਲਰ
ਪ੍ਰਤੀ ਵਿਅਕਤੀ ਕਰਜ਼ :
46,929 ਡਾਲਰ
ਕੁਲ ਜੀ.ਡੀ.ਪੀ. ਦਾ ਫੀਸਦੀ ਕਰਜ਼ਾ :
94 ਫੀਸਦੀ

ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੁਨੀਆ ਦਾ ਸਭ ਤੋਂ ਕਰਜ਼ਦਾਰ ਦੇਸ਼ ਹੈ, ਜੋ ਇਸ ਦੀ ਕੁਲ ਜੀ.ਡੀ.ਪੀ. ਦਾ 94 ਫੀਸਦੀ ਹੈ। ਅਮਰੀਕਾ ਦਾ ਕਰਜ਼ਾ ਖ਼ਤਰਨਾਕ ਪੱਧਰ ਤੱਕ ਵੱਧ ਗਿਆ ਹੈ। ਅਮਰੀਕਾ 'ਤੇ ਸਭ ਤੋਂ ਜ਼ਿਆਦਾ ਵਿਦੇਸ਼ੀ ਕਰਜ਼ਾ ਹੈ।

## ਬਰਤਾਨੀਆ



ਕੁਲ ਕਰਜ਼ਾ :
8.981 ਟ੍ਰੀਲੀਅਨ ਡਾਲਰ
ਪ੍ਰਤੀ ਵਿਅਕਤੀ ਕਰਜ਼ :
144,338 ਡਾਲਰ
ਕੁਲ ਜੀ.ਡੀ.ਪੀ. ਦਾ ਫੀਸਦੀ ਕਰਜ਼ਾ :
400 ਫੀਸਦੀ

ਬਰਤਾਨੀਆ ਦੀ ਅਰਥਵਿਵਸਥਾ ਇਕ ਡੂੰਘੀ ਆਰਥਕ ਖਾਈ ਵਿਚ ਫਸਦੀ ਜਾ ਰਹੀ ਹੈ। ਦੇਸ਼ ਦਾ ਬਜਟ ਘਾਟਾ 156 ਅਰਬ ਪੌਂਡ ਤਕ ਵੱਧ ਚੁੱਕਿਆ ਹੈ। ਆਰਥਕ ਮਾਹਰਾਂ ਅਨੁਸਾਰ ਬ੍ਰਿਟੇਨ ਦੀ ਅਰਥਵਿਵਸਥਾ ਵਿਚ ਹੋਰ ਗਿਰਾਵਟ ਦੇ ਅਸਾਰ ਹਨ।

## ਜਰਮਨੀ



ਕੁਲ ਕਰਜ਼ਾ :
4.713 ਟ੍ਰੀਲੀਅਨ ਡਾਲਰ
ਪ੍ਰਤੀ ਵਿਅਕਤੀ ਕਰਜ਼ :
57,755 ਡਾਲਰ
ਕੁਲ ਜੀ.ਡੀ.ਪੀ. ਦਾ ਫੀਸਦੀ ਕਰਜ਼ਾ :
142 ਫੀਸਦੀ

ਅਮੀਰ ਦੇਸ਼ਾਂ ਵਿਚ ਗਿਣੇ ਜਾਣ ਵਾਲੇ ਜਰਮਨੀ ਦੀ ਹਾਲਤ ਵੀ ਅਮਰੀਕਾ ਦੀ ਤਰ੍ਹਾਂ ਪਤਲੀ ਹੈ। ਜਰਮਨੀ ਦਾ ਬਜਟ ਘਾਟਾ 2.3 ਫੀਸਦੀ ਤਕ ਵੱਧ ਚੁੱਕਾ ਹੈ। ਯੂਰੋ ਜੋਨ ਦੇ ਦੇਸ਼ਾਂ ਵਿਚ ਜਰਮਨੀ ਦੀ ਆਰਥਕ ਹਾਲਤ ਚਿੰਤਾਜਨਕ ਬਣੀ ਹੋਈ ਹੈ।

## ਫਰਾਂਸ



ਕੁਲ ਕਰਜ਼ਾ :
4.698 ਟ੍ਰੀਲੀਅਨ ਡਾਲਰ
ਪ੍ਰਤੀ ਵਿਅਕਤੀ ਕਰਜ਼ :
74,619 ਡਾਲਰ
ਕੁਲ ਜੀ.ਡੀ.ਪੀ. ਦਾ ਫੀਸਦੀ ਕਰਜ਼ਾ :
182 ਫੀਸਦੀ

ਫਰਾਂਸ ਦੀ ਆਰਥਕ ਸਮੱਸਿਆ ਹਰ ਰੋਜ਼ ਵੱਧਦੀ ਜਾ ਰਹੀ ਹੈ। ਫਰਾਂਸ ਦਾ ਬਜਟ ਘਾਟਾ 6 ਫੀਸਦੀ ਦੇ ਖਤਰਨਾਕ ਪੱਧਰ 'ਤੇ ਪਹੁੰਚ ਚੁੱਕਾ ਹੈ ਅਤੇ ਇਥੇ ਬੇਰੁਜ਼ਗਾਰ ਅਤੇ ਬੇਘਰੇ ਲੋਕਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

## ਨੀਦਰਲੈਂਡ



ਕੁਲ ਕਰਜ਼ਾ :
3.733 ਟ੍ਰੀਲੀਅਨ ਡਾਲਰ
ਪ੍ਰਤੀ ਵਿਅਕਤੀ ਕਰਜ਼ :
225,814 ਡਾਲਰ
ਕੁਲ ਜੀ.ਡੀ.ਪੀ. ਦਾ ਫੀਸਦੀ ਕਰਜ਼ਾ :
471 ਫੀਸਦੀ

2008 ਵਿਚ ਆਈ ਆਰਥਕ ਮੰਦੀ ਨੇ ਇਨ੍ਹਾਂ ਦੇਸ਼ਾਂ ਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿਤਾ ਹੈ। ਅਜੇ ਤਕ ਇਹ ਉਸ 'ਚੋਂ ਉਭਰੇ ਹੀ ਨਹੀਂ ਸਨ ਕਿ ਇਕ ਵਾਰ ਫਿਰ ਆਰਥਕ ਪ੍ਰੇਸ਼ਾਨੀ ਇਨ੍ਹਾਂ ਸਾਹਮਣੇ ਆ ਖੜੀ ਹੋਈ। ਇਸ ਨਾਲ ਦੋ ਹੱਥ ਕਰਨ ਲਈ ਇਨ੍ਹਾਂ ਦੇਸ਼ਾਂ ਨੂੰ ਕਈ ਸਖਤ ਕਦਮ ਚੁੱਕਣੇ ਪੈਣਗੇ।


**Best Truck Wash**
*Your Mobile Wash Professionals Edmonton & Area*

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck **anywhere in** Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161






**REXALL BRAND**
Facial Tissue
3 Ply 96's
Offer expires October 31, 2011. Limit 2 per person. While supplies last.




**HALLS® Brand**
Cough Lozenges
Assorted Flavors
Offer expires October 31, 2011. Limit 2 per person. While supplies last.

The Medicine Shoppe® PHARMACY




Accu-Pak™ Packaging
Immunization Services Available
FREE Medication Reviews
FREE Prescription Delivery

# Your health. Our priority.



**Worried about catching the flu this season?**

*We can help.*

**The Medicine Shoppe Pharmacy offers the latest updates on this years flu vaccination clinics.**

**Call for details.**

127 Millbourne Road East · Edmonton
(780) 461-8648
www.medicineshoppe.ca



(780) 461-8648
127 Millbourne Road East
Edmonton, AB T6K 1P6

Hours of Operation
Monday - Friday: 10:00 am - 7:00 pm
Saturday: 10:00 am - 3:00 pm
Sunday & Holidays: Closed

Jasbir Bhui, B.Sc. Pharm.
Pharmacist/Owner

1011INI106_MS170

# ਇਕ ਯੋਧੇ ਨੂੰ ਯਾਦ ਕਰਦਿਆਂ

ਗੁਰਪ੍ਰੀਤ ਸਿੰਘ
gurpreet_71@hotmail.com

ਅਮਰੀਕਾ ਵਿਚ ਭਾਵੇਂ ਲੋਕਾਂ ਨੇ 9/11 ਮਗਰੋਂ ਦਹਿਸ਼ਤਵਾਦ ਨੂੰ ਮਹਿਸੂਸ ਕੀਤਾ ਹੈ ਪਰ ਭਾਰਤ ਵਿਚ ਕਰੀਬ ਤਿੰਨ ਦਹਾਕੇ ਪਹਿਲਾਂ 300 ਤੋਂ ਵਧੇਰੇ ਖੱਬੇਪੱਖੀਆਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ। ਇਨ੍ਹਾਂ ਵਿਚੋਂ ਇਕ ਨਾਂ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦਾ ਵੀ ਆਉਂਦਾ ਹੈ। ਦਰਸ਼ਨ ਸਿੰਘ ਕੈਨੇਡੀਅਨ ਪੰਜਾਬ ਦਾ ਵੱਡਾ ਕਮਿਊਨਿਸਟ ਆਗੂ ਸੀ ਜਿਸ ਨੇ 10 ਸਾਲ ਕੈਨੇਡਾ ਵਿਚ ਵੀ ਬਿਤਾਏ। ਉਨ੍ਹਾਂ ਦਾ ਨਾਂ ਦਰਸ਼ਨ ਸਿੰਘ ਸੰਘਾ ਸੀ ਪਰ 1947 ਵਿਚ ਕੈਨੇਡਾ ਤੋਂ ਵਾਪਸ ਭਾਰਤ ਜਾਣ ਤੋਂ ਬਾਅਦ ਵੀ ਲੋਕਾਂ ਨੇ ਉਨ੍ਹਾਂ ਕੈਨੇਡੀਅਨ ਕਹਿਣਾ ਸ਼ੁਰੂ ਕਰ ਦਿੱਤਾ ਸੀ। ਕੁਝ ਧਾਰਮਕ ਜਨੂਨੀਆਂ ਨੇ 25 ਸਤੰਬਰ 1986 ਨੂੰ ਉਨ੍ਹਾਂ ਦਾ ਕਤਲ ਕਰ ਦਿੱਤਾ ਸੀ। ਉਨ੍ਹਾਂ ਨੇ ਵੱਖਵਾਦੀਆਂ, ਜੋ ਪੰਜਾਬ ਵਿਚ 'ਖਾਲਿਸਤਾਨ' ਬਣਾਉਣਾ ਚਾਹੁੰਦੇ ਸਨ, ਦੀ ਵਿਚਾਰਧਾਰਾ ਨੂੰ ਚੁਣੌਤੀ ਦਿੱਤੀ। ਪੰਜਾਬ ਹਿੰਦ-ਪਾਕਿ ਸਰਹੱਦ 'ਤੇ ਹੋਣ ਕਾਰਨ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਜਿਸ ਨੂੰ ਅਮਰੀਕਾ ਦੀ ਸੀ.ਆਈ.ਏ. ਵਲੋਂ ਪੂਰਾ ਥਾਪੜਾ ਮਿਲਦਾ ਸੀ, ਵਲੋਂ ਵੱਖਵਾਦੀਆਂ ਨੂੰ ਪੂਰੀ ਸਹਾਇਤਾ ਦਿੱਤੀ ਗਈ। ਸਪਸ਼ਟ ਸੀ ਕਿ ਇਹ ਸਰਹੱਦੋਂ ਪਾਰ ਭਾਰਤ ਖਿਲਾਫ਼ ਜੰਗ ਸੀ। ਇਥੇ ਅਤਿਵਾਦੀਆਂ ਨੂੰ ਹਤਿਆਰੇ ਬਣਾਉਣ ਲਈ ਸਿਖਲਾਈ ਕੈਂਪ ਬਣਾਏ ਗਏ। ਅਮਰੀਕਾ ਤੇ ਪਾਕਿਸਤਾਨ ਦੇ ਹੋਰ ਭਾਈਵਾਲਾਂ ਨੇ ਇਸ ਵਲੋਂ ਪੂਰੀ ਤਰ੍ਹਾਂ ਅੱਖਾਂ ਬੰਦ ਕਰੀ ਰੱਖੀਆਂ।

ਦਿਲਚਸਪ ਗੱਲ ਹੈ ਕਿ ਹੁਣ ਪਾਕਿਸਤਾਨ ਤੇ ਅਮਰੀਕਾ ਦੋਵੇਂ ਇਸਲਾਮਿਕ ਅਤਿਵਾਦੀਆਂ ਨਾਲ ਜੰਗ ਵਿਚ ਉਲਝੇ ਹੋਏ ਹਨ ਜਿਨ੍ਹਾਂ ਨੂੰ ਪਾਕਿਸਤਾਨ ਦੀ ਸਰਜ਼ਮੀਨ ਉਪਰ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਅਮਰੀਕਾ ਨੂੰ ਨਿਊ ਯਾਰਕ ਵਿਚ 11 ਸਤੰਬਰ ਨੂੰ ਹੋਏ ਹਮਲੇ ਮਗਰੋਂ ਹੀ ਦਹਿਸ਼ਤਵਾਦ ਖਿਲਾਫ਼ ਲੜਨ ਦੀ ਸੂਰਤ ਆਈ। ਖਾਲਿਸਤਾਨ ਪੱਖੀ ਲਹਿਰ ਦੌਰਾਨ ਦਹਿਸ਼ਤਵਾਦ ਦਾ ਵਿਰੋਧ ਕਰਨ ਵਾਲੇ 300 ਕਮਿਊਨਿਸਟਾਂ ਨੂੰ ਯੋਜਨਾਬੱਧ ਢੰਗ ਨਾਲ ਮਾਰਿਆ ਗਿਆ।

ਦਰਸ਼ਨ ਸਿੰਘ ਕੈਨੇਡੀਅਨ ਹੋਰਨਾਂ ਆਮ ਪਰਵਾਸੀਆਂ ਵਾਂਗ ਹੀ ਜ਼ਿੰਦਗੀ ਦੀ ਗੱਡੀ ਤੋਰਨ ਲਈ ਕੈਨੇਡਾ ਆਏ ਸਨ। ਕੈਨੇਡਾ ਵਿਚ ਬਿਤਾਏ ਆਪਣੇ ਸਮੇਂ ਦੌਰਾਨ ਉਨ੍ਹਾਂ ਨੇ ਨਾ ਸਿਰਫ਼ ਬੀ.ਸੀ. ਵਿਚ ਭਾਰਤੀਆਂ ਨੂੰ ਵੋਟਾਂ ਦਾ ਹੱਕ ਮੰਗਣ ਵਿਚ ਮਦਦ ਕੀਤੀ ਸਗੋਂ ਆਜ਼ਾਦੀ ਦੀ ਲੜਾਈ ਵਿਚ ਵੀ ਯੋਗਦਾਨ ਪਾਇਆ। ਆਖ਼ਰ ਉਨ੍ਹਾਂ ਨੂੰ ਕਰਾਤੀਕਾਰੀਆਂ ਦੀ ਗੁੜਤੀ ਆਪਣੇ ਪੰਜਾਬ ਤੋਂ ਹੀ ਤਾਂ ਮਿਲੀ ਸੀ। ਉਨ੍ਹਾਂ ਨੇ ਮਜ਼ਦੂਰ ਲਹਿਰ ਲਈ ਇੰਡੋ-ਕੈਨੇਡੀਅਨ ਭਾਈਚਾਰੇ 'ਚੋਂ ਭਰਤੀਆਂ ਕਰਾਉਣ ਲਈ ਛਿੜੀ ਮੁਹਿੰਮ ਵਿਚ ਅਹਿਮ ਰੋਲ ਨਿਭਾਇਆ। ਜਦੋਂ ਉਹ ਕੈਨੇਡਾ ਵਿਚ ਸਨ ਤਾਂ ਉਹ ਯੰਗ ਕਮਿਊਨਿਸਟ ਲੀਗ ਅਤੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਆਪਣੇ ਦੇਸ਼ ਪਰਤਣ ਮਗਰੋਂ ਉਹ ਭਾਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਫੇਰ ਪੰਜਾਬ ਵਿਧਾਨ ਸਭਾ ਅਸੈਂਬਲੀ ਲਈ ਚੁਣੇ ਗਏ।

ਕੈਨੇਡਾ ਵਿਚ ਉਨ੍ਹਾਂ ਦੇ ਪੁਰਾਣੇ ਸਾਥੀ ਉਨ੍ਹਾਂ ਨੂੰ ਇਕ ਮਜ਼ਾਕੀਆ ਸ਼ਖਸੀਅਤ ਵਜੋਂ ਜਾਣਦੇ ਹਨ। ਉਹ ਸਦਨ ਵਿਚ ਅਕਸਰ ਆਮ ਲੋਕਾਂ ਦੀ ਆਵਾਜ਼ ਉਠਾਉਂਦੇ ਸਨ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਹ ਦਹਿਸ਼ਤਵਾਦ ਦੀ ਜੰਮ ਕੇ ਆਲੋਚਨਾ ਕਰਦੇ ਸਨ। ਕਾਲੇ ਦਿਨਾਂ ਦੌਰਾਨ ਉਹ ਪੰਜਾਬ ਵਿਚ ਬੇਫ਼ਿਕਰ ਵਿਚਰਦੇ ਸਨ ਤੇ ਡੱਟ ਕੇ ਦਹਿਸ਼ਤਪਸੰਦਾਂ ਦਾ ਵਿਰੋਧ ਕਰਦੇ ਸਨ। ਕੁਝ ਨਰਮ ਖਿਆਲੀ ਸਿੱਖ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਸਿੱਖ ਦਾਰਸ਼ਨਿਕਤਾ ਬਾਰੇ ਸਮਝ ਸਹੀ ਸੀ ਜਦਕਿ ਕੁਝ ਕੱਟੜਪੰਥੀਆਂ ਨੇ ਸਿੱਖਵਾਦ ਦੀ ਧਰਮ ਨਿਰਪੱਖ ਸੋਚ ਤੇ ਖੁੱਲ੍ਹੇ ਵਿਚਾਰਾਂ ਵਾਲੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਢਾਹ ਲਾਈ।

ਕੈਨੇਡੀਅਨ ਨੇ ਧਾਰਮਕ ਕੱਟੜਤਾ ਨੂੰ ਚੁਣੌਤੀ ਦੇਣ ਵਾਲੇ ਕੁਝ ਲੇਖ ਵੀ ਲਿਖੇ। ਉਹ ਆਪਣੇ ਲੇਖਾਂ ਰਾਹੀਂ ਉਨ੍ਹਾਂ ਨੂੰ ਭੰਡਦੇ ਸਨ। ਉਹ ਦਹਿਸ਼ਤੀ ਤਾਕਤਾਂ ਪਿਛੇ ਪਾਕਿਸਤਾਨ ਤੇ ਅਮਰੀਕਾ ਦੀ ਭੂਮਿਕਾ ਨੂੰ ਖੁੱਲ੍ਹ ਕੇ ਪ੍ਰਚਾਰਦੇ ਸਨ।

ਜੇਕਰ ਉਹ ਚਾਹੁੰਦੇ ਤਾਂ ਕੈਨੇਡਾ ਵਿਚ ਹੋਰਨਾਂ ਵਾਂਗ ਰਹਿ ਕੇ ਇਕ ਚੰਗੀ ਜ਼ਿੰਦਗੀ ਜਿਉ ਸਕਦੇ ਸਨ ਪਰ ਉਨ੍ਹਾਂ ਨੇ ਗਰੀਬਾਂ ਤੇ ਹਾਸ਼ੀਏ ਤੋਂ ਪਰ੍ਹੇ ਰਹਿ ਰਹੇ ਲੋਕਾਂ ਤੇ ਦੇਸ਼ ਦੀ ਸੇਵਾ ਕਰਨ ਨੂੰ ਤਰਜੀਹ ਦਿੱਤੀ। ਉਨ੍ਹਾਂ ਸਾਰੀ ਜ਼ਿੰਦਗੀ ਆਪਣੇ ਅਸੂਲਾਂ ਨਾਲ ਨਿਭਾਈ। ਅੰਤ ਵਿਚ ਇਹੀ ਕਹਾਂਗੇ ਕਿ ਉਨ੍ਹਾਂ ਨੇ ਦਹਿਸ਼ਤਵਾਦ ਖਿਲਾਫ਼ ਸਹੀ ਜੰਗ ਲੜੀ।

# ਏਅਰਪੋਰਟ ਦੇ ਨਾਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ 'ਚ ਖਿਚੋਤਾਣ

ਚੰਡੀਗੜ੍ਹ (ਨਦਬ) : ਅੰਤਰਰਾਸ਼ਟਰੀ ਏਅਰਪੋਰਟ ਮੋਹਾਲੀ ਦੇ ਨਾਂ ਨੂੰ ਲੈ ਕੇ ਹੁਣ ਪੰਜਾਬ ਤੇ ਹਰਿਆਣਾ 'ਚ ਵਿਵਾਦ ਇੰਨਾ ਵਧ ਗਿਆ ਹੈ ਕਿ ਹੁਣ ਇਹ ਮਾਮਲਾ ਕੇਂਦਰੀ ਹਵਾਬਾਜ਼ੀ ਮੰਤਰਾਲੇ ਦੇ ਕੋਲ ਪਹੁੰਚ ਗਿਆ ਹੈ। ਹਰਿਆਣਾ ਸਰਕਾਰ ਨੂੰ ਅੰਤਰਰਾਸ਼ਟਰੀ ਏਅਰਪੋਰਟ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੈ ਪਰ ਉਹ ਇਸ ਦੇ ਨਾਲ ਮੋਹਾਲੀ ਦਾ ਨਾਂ ਜੋੜਨ ਨੂੰ ਰਾਜ਼ੀ ਨਹੀਂ ਹੋ ਰਹੀ ਹੈ। ਇਸ ਲਈ ਹੁਣ ਇਹ ਮਾਮਲਾ ਕਾਫੀ ਗੰਭੀਰ ਰੂਪ ਧਾਰਨ ਕਰ ਚੁੱਕਾ ਹੈ।

## ਕੇਂਦਰ ਨੇ ਹੀ ਖੜ੍ਹਾ ਕੀਤਾ ਵਿਵਾਦ :

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਯਤਨਾਂ ਨਾਲ ਮੋਹਾਲੀ 'ਚ ਅੰਤਰਰਾਸ਼ਟਰੀ ਏਅਰਪੋਰਟ ਬਣਨ ਜਾ ਰਿਹਾ ਸੀ ਪਰ ਐਨ ਮੌਕੇ 'ਤੇ ਹਰਿਆਣਾ ਨੇ ਇਸ 'ਚ ਆਪਣੀ ਟੰਗ ਅੜਾ ਦਿੱਤੀ ਤੇ ਇਸ 'ਚ ਆਪਣਾ ਹਿੱਸਾ ਪਾਉਣ ਲਈ ਕੇਂਦਰੀ ਹਵਾਬਾਜ਼ੀ ਮੰਤਰੀ 'ਤੇ ਦਬਾਅ ਪਾਇਆ। ਐਨ ਮੌਕੇ 'ਤੇ ਜਦ ਐਮ. ਓ. ਯੂ. ਸਾਈਨ ਹੋਣ ਲੱਗਾ ਤਾਂ ਇਸ 'ਚ ਹਰਿਆਣਾ ਨੂੰ ਵੀ ਸ਼ਾਮਲ ਕਰ ਲਿਆ ਗਿਆ। ਅੰਤਰਰਾਸ਼ਟਰੀ ਏਅਰਪੋਰਟ ਲਈ ਮੋਹਾਲੀ 'ਚ ਰਾਜ ਸਰਕਾਰ ਵਲੋਂ ਜ਼ਮੀਨ ਐਕਵਾਇਰ ਕੀਤੀ ਗਈ ਹੈ ਕਿਉਂਕਿ ਹੁਣ ਇਹ ਏਅਰਪੋਰਟ ਮੋਹਾਲੀ 'ਚ ਬਣ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਏਅਰਪੋਰਟ ਮੋਹਾਲੀ 'ਚ ਬਣ ਰਿਹਾ ਹੈ ਤੇ ਇਸ ਲਈ ਇਸ ਦਾ ਨਾਂ ਵੀ ਮੋਹਾਲੀ ਹੀ ਚੱਲੇਗਾ। ਦੂਜੇ ਪਾਸੇ ਇਸ 'ਚ ਚੰਡੀਗੜ੍ਹ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਲਈ ਹਰਿਆਣਾ ਦਾ ਕਹਿਣਾ ਹੈ ਕਿ ਇਹ ਚੰਡੀਗੜ੍ਹ ਏਅਰਪੋਰਟ ਦਾ ਹੀ ਵਿਸਥਾਰ ਹੈ। ਇਸ ਲਈ ਇਸ ਨਾਂ ਦੇ ਨਾਲ ਮੋਹਾਲੀ ਨਹੀਂ ਆਉਣਾ ਚਾਹੀਦਾ।

## ਕੇਂਦਰ ਨੂੰ ਹੀ ਸੁਲਝਾਉਣਾ ਪੈ ਰਿਹਾ ਹੈ ਵਿਵਾਦ :

ਹੁਣ ਮੋਹਾਲੀ ਦੇ ਨਾਂ ਨੂੰ ਲੈ ਕੇ ਖਿਚੋਤਾਣ ਏਨੀ ਵਧ ਗਈ ਹੈ ਕਿ ਹਰਿਆਣਾ ਨੇ ਇਹ ਮਾਮਲਾ ਕੇਂਦਰੀ ਹਵਾਬਾਜ਼ੀ ਮੰਤਰਾਲੇ ਦੇ ਧਿਆਨ 'ਚ ਲਿਆਂਦਾ ਹੈ, ਜਿਸ ਦੇ ਬਾਅਦ ਮੰਤਰਾਲੇ ਨੇ ਪੰਜਾਬ ਸਰਕਾਰ ਤੋਂ ਇਸ ਸਬੰਧੀ ਸੁਝਾਅ ਮੰਗਿਆ ਹੈ। ਰਾਜ ਸਰਕਾਰ ਨੇ ਆਪਣੇ ਸੁਝਾਅ 'ਚ ਸਪੱਸ਼ਟ ਦਾਅਵਾ ਕੀਤਾ ਕਿ ਏਅਰਪੋਰਟ ਮੋਹਾਲੀ ਦੀ ਜ਼ਮੀਨ 'ਤੇ ਬਣ ਰਿਹਾ ਹੈ। ਇਸ ਲਈ ਇਸ ਦੇ ਨਾਂ ਨਾਲ ਮੋਹਾਲੀ ਹੀ ਲੱਗੇਗਾ ਜਦਕਿ ਹਰਿਆਣਾ ਵਲੋਂ ਵਿਵਾਦ ਖੜ੍ਹਾ ਕਰਨਾ ਨਿਰਅਧਾਰ ਹੈ। ਇਸ ਦੇ ਚਲਦੇ ਹੁਣ ਇਸ ਏਅਰਪੋਰਟ ਦੇ ਉਦਘਾਟਨ ਦਾ ਮਾਮਲਾ ਵੀ ਖਟਾਈ 'ਚ ਪੈ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਇਸ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਨੂੰ ਸੱਦਾ ਦਿੱਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਹ ਏਅਰਪੋਰਟ ਏਅਰ ਅਥਾਰਟੀ ਆਫ ਇੰਡੀਆ ਵਲੋਂ ਬਣਾਇਆ ਜਾ ਰਿਹਾ ਹੈ। ਇਸ ਲਈ ਟੈਂਡਰ ਵੀ ਉਸ ਵਲੋਂ ਹੀ ਮੰਗੇ ਜਾਣਗੇ। ਇਸ ਲਈ ਹੁਣ ਮੰਤਰਾਲਾ ਹੀ ਇਹ ਫੈਸਲਾ ਕਰੇਗਾ ਕਿ ਉਦਘਾਟਨ ਕੌਣ ਕਰੇਗਾ। ਇਸ ਏਅਰਪੋਰਟ ਨੂੰ ਬਣਨ ਲਈ 2 ਸਾਲ ਦਾ ਸਮਾਂ ਲੱਗ ਜਾਏਗਾ।

## ਪੰਜਾਬ ਨੇ ਕੀਤੀ ਹਰਿਆਣੇ ਨੂੰ ਰਸਤਾ ਦੇਣ ਤੋਂ ਨਾਂਹ :

ਉਧਰ ਇਸ ਏਅਰਪੋਰਟ ਲਈ ਹਰਿਆਣਾ ਵਲੋਂ ਪੰਜਾਬ ਸਰਕਾਰ ਨੂੰ ਕਿਹਾ ਜਾ ਰਿਹਾ ਹੈ ਕਿ ਉਸ ਨੂੰ ਲਿੰਕ ਰੋਡ ਲਈ ਜਗਾ ਦਿੱਤੀ ਜਾਏ। ਉਧਰ ਰਾਜ ਸਰਕਾਰ ਦਾ ਕਹਿਣਾ ਹੈ ਕਿ ਉਹ ਕਿਵੇਂ ਹਰਿਆਣਾ ਨੂੰ ਲਿੰਕ ਰੋਡ ਦੇ ਸਕਦੀ ਹੈ ਕਿਉਂਕਿ ਇਹ ਜਗ੍ਹਾ ਡਿਫੈਂਸ ਮੰਤਰਾਲੇ ਦੇ ਅਧੀਨ ਆਉਂਦੀ ਹੈ। ਇਸ ਲਈ ਰਾਜ ਸਰਕਾਰ ਇਸ 'ਚ ਕੁਝ ਨਹੀਂ ਕਰ ਸਕਦੀ। ਇਸ ਮਾਮਲੇ 'ਚ ਹਰਿਆਣਾ ਮੰਤਰਾਲੇ ਦੇ ਸਾਹਮਣੇ ਮਾਮਲਾ ਉਠਾਏ। ਇਹ ਮਾਮਲਾ ਮੰਤਰਾਲੇ ਨਾਲ ਜੁੜਿਆ ਹੋਇਆ ਹੈ। ਹਰਿਆਣਾ ਵਲੋਂ ਜ਼ੀਰਕਪੁਰ ਵਲੋਂ ਏਅਰਪੋਰਟ ਲਈ ਲਿੰਕ ਰੋਡ ਲਈ ਰਸਤਾ ਦੇਣ ਲਈ ਪੰਜਾਬ 'ਤੇ ਦਬਾਅ ਪਾਇਆ ਜਾ ਰਿਹਾ ਹੈ। ਲੇਕਿਨ ਪੰਜਾਬ ਨੇ ਪੂਰੀ ਤਰ੍ਹਾਂ ਨਾਲ ਹੱਥ ਖੜ੍ਹੇ ਕਰ ਦਿੱਤੇ ਹਨ।


Asian Western Grocery Store
8324 - 160 Ave. Edmonton, AB. T5Z 3P1

NOW OPEN

All indian, Fijian, South African Grocery

ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਖਿੰਡਰੀ ਲੋਕ ਸ਼ਕਤੀ ਦਾ ਜੋੜ ਹੀ ਪੰਜਾਬ ਦੀ ਭਲਾਈ ਦਾ ਜਾਮਨ

ਪੰਜਾਬ ਵਿਧਾਨ ਸਭਾ ਦਾ ਆਖ਼ਰੀ ਸਮਾਗਮ ਵੀ ਨਿਬੇੜ ਦਿੱਤਾ ਗਿਆ ਹੈ। ਪਿਛਲੇ ਸਮਾਗਮਾਂ ਵਾਂਗ ਨਿਕਲਣਾ ਇਹਦੇ ਵਿਚੋਂ ਵੀ ਕੁਝ ਨਹੀਂ ਸੀ। ਨਿਕਲਣਾ ਵੀ ਕੀ ਸੀ? ਅਕਾਲੀ-ਭਾਜਪਾ ਗਠਜੋੜ ਨੇ ਇਸ ਸਮਾਗਮ ਨੂੰ ਵਿਉਂਤਿਆ ਹੀ ਇਵੇਂ ਸੀ ਕਿ ਮਾੜਾ-ਮੋਟਾ ਰੌਲਾ-ਰੱਪਾ ਪੈ ਕੇ ਇਹਦਾ ਭੋਗ ਪੈ ਜਾਵੇ। ਵਿਰੋਧੀ ਕਾਂਗਰਸ ਪਾਰਟੀ ਦੀ ਨੀਅਤ ਵਿਚ ਵੀ ਖੋਟ ਹੀ ਦਿਖਾਈ ਦਿੱਤਾ ਹੈ। ਲੋਕਾਂ ਦੀ ਮਹਾਂ ਪੰਚਾਇਤ ਵਿਚ ਬੈਠੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਲਾ ਹੈ ਕੌਣ?

ਉਂਝ ਵੀ ਜਿਵੇਂ ਪੰਜਾਬ ਵਿਚ ਲੁੱਟ ਮੱਚੀ ਹੋਈ ਹੈ, ਉਸ ਤੋਂ ਤਾਂ ਇਹੀ ਸਾਬਤ ਹੋ ਰਿਹਾ ਹੈ ਕਿ ਇਕ ਧਿਰ ਨੂੰ ਸਤਾ ਤੋਂ ਬੇਦਖ਼ਲ ਕਰਕੇ ਦੂਜੀ ਧਿਰ ਕੁਰਸੀ 'ਤੇ ਬੈਠਣ ਲਈ ਇਸ ਕਰਕੇ ਕਾਹਲੀ ਨਹੀਂ ਹੈ ਕਿ ਉਹਨੇ ਪੰਜਾਬੀਆਂ ਦੀ ਤਕਦੀਰ ਬਦਲ ਦੇਣੀ ਹੈ, ਸਗੋਂ ਕਾਹਲ ਇਸ ਗੱਲ ਦੀ ਹੈ ਕਿ ਬੇਰੋਕ ਲੁੱਟ ਦੀਆਂ ਕੁੰਜੀਆਂ ਉਨ੍ਹਾਂ ਨੂੰ ਹਾਸਲ ਹੋ ਜਾਣ। ਇਹ ਇਸ ਕਰਕੇ ਕਿਹਾ ਜਾ ਰਿਹਾ ਹੈ ਕਿਉਂਕਿ ਪੰਜਾਬੀਆਂ ਦੀ ਹੱਕ-ਸੱਚ ਦੀ ਆਵਾਜ਼ ਕੁਚਲਣ ਲਈ ਸਾਲ ਕੁ ਪਹਿਲਾਂ ਜਿਹੜੇ ਦੋ ਬਿਲ ਪਾਸ ਕੀਤੇ ਗਏ, ਉਨ੍ਹਾਂ ਨੂੰ ਪਾਸ ਹੋਣ ਤੋਂ ਰੋਕਣ ਲਈ ਕਾਂਗਰਸ ਪਾਰਟੀ ਨੇ ਵੀ ਸਿਰਫ਼ ਦੱਬਵੀਂ ਸੁਰ ਵਿਚ ਹੀ ਵਿਰੋਧ ਕੀਤਾ ਸੀ, ਇਸ ਮੱਠੇ ਵਿਰੋਧ ਦਾ ਭਾਵ ਇਹ ਸੀ ਕਿ ਇਹ ਬਿਲ ਪਾਸ ਹੋ ਕੇ ਕਾਨੂੰਨ ਬਣ ਜਾਣਗੇ ਤਾਂ ਜਦੋਂ ਕਾਂਗਰਸ ਪਾਰਟੀ ਦੀ ਹਕੂਮਤ ਆਏਗੀ ਤਾਂ ਇਹਦੇ ਪਰਦੇ ਹੇਠ ਉਹ ਵੀ ਉਹ ਕੁਝ ਕਰ ਸਕਣ ਦੀ ਖੁੱਲ੍ਹ ਲੈ ਲੈਣਗੇ, ਜਿਹੜੀ ਮੌਜੂਦਾ ਸਰਕਾਰ ਨੂੰ ਮਿਲਣੀ ਹੈ। ਇਹ ਦੋ ਬਿਲ- 'ਦੀ ਪੰਜਾਬ ਪ੍ਰੀਵੈਂਸ਼ਨ ਆਫ ਡੈਮੇਜ ਟੂ ਪਬਲਿਕ ਐਂਡ ਪ੍ਰਾਈਵੇਟ ਪ੍ਰਾਪਰਟੀ ਬਿਲ 2010' ਅਤੇ 'ਸਪੈਸ਼ਲ ਪੁਲੀਸ ਫੋਰਸ ਐਕਟ' ਹਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਬਿਲਾਂ ਨੂੰ ਹਾਲੇ ਪੰਜਾਬ ਦੇ ਰਾਜਪਾਲ ਅਤੇ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ, ਕਿਉਂਕਿ ਆਮ ਜਨਤਾ ਦਾ ਵਿਰੋਧ ਬੇਹੱਦ ਤਿੱਖਾ ਰਿਹਾ ਹੈ। 34 ਲੋਕ ਜਥੇਬੰਦੀਆਂ ਨੇ ਇਨ੍ਹਾਂ ਬਿਲਾਂ ਦਾ ਸੜਕਾਂ 'ਤੇ ਵਿਰੋਧ ਕਰਦਿਆਂ ਇਹ ਸਾਫ਼ ਕੀਤਾ ਹੈ ਕਿ ਇਹ ਬਿਲ ਜੇ ਕਾਨੂੰਨ ਬਣ ਗਏ ਤਾਂ ਅਵਾਮ ਦਾ ਲਿਖਣ-ਬੋਲਣ ਦੀ ਆਜ਼ਾਦੀ ਦਾ ਹੱਕ ਵੀ ਲਗਭਗ ਖ਼ਤਮ ਹੋ ਜਾਣਾ ਹੈ ਤੇ ਭਾਰਤੀ ਸੰਵਿਧਾਨ ਦੀ ਭਾਵਨਾ ਦੇ ਇਹ ਬਿਲਕੁਲ ਉਲਟ ਹਨ। ਕਿਉਂਕਿ ਜੇ ਇਹ ਕਾਨੂੰਨ ਬਣ ਗਏ ਤਾਂ ਆਮ ਲੋਕਾਂ ਨੂੰ ਅਮਨ ਪੂਰਵਕ ਰੈਲੀ ਮੁਜ਼ਾਹਰਾ ਕਰਨ ਲਈ ਵੀ ਪੁਲੀਸ ਪ੍ਰਸ਼ਾਸਨ ਦੇ ਤਰਲੇ ਕੱਢ-ਕੱਢ ਕੇ ਆਗਿਆ ਲੈਣੀ ਪਵੇਗੀ।

ਦੂਸਰਾ, ਅੱਜ ਜਿਵੇਂ ਪੰਜਾਬ ਦੇ ਹਰ ਖੇਤਰ ਵਿਚ ਲੁੱਟ ਮੱਚੀ ਹੋਈ ਹੈ, ਇਹਦਾ ਵਿਰੋਧ ਵੀ ਕਾਂਗਰਸ ਪਾਰਟੀ ਦੇ ਆਗੂਆਂ ਵਲੋਂ ਸਿਰਫ਼ ਅਖ਼ਬਾਰੀ ਪੱਧਰ 'ਤੇ ਹੀ ਕੀਤਾ ਜਾ ਰਿਹਾ ਹੈ, ਉਹ ਵੀ ਹੁਣ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਐਨ ਨੇੜੇ ਆ ਜਾਣ ਕਾਰਨ। ਪੰਜਾਬ ਵਿਚ ਰੇਤੇ ਬਜਰੀ ਦੇ ਠੇਕੇ ਹੋਣ ਜਾਂ ਪੰਜਾਬ ਦੀ ਸਰਕਾਰੀ ਟਰਾਂਸਪੋਰਟ ਦਾ ਭੱਠਾ ਬਿਠਾ ਕੇ ਆਪਣੇ ਘਰਦਿਆਂ ਨੂੰ ਏ.ਸੀ. ਅਤੇ ਲਗਜ਼ਰੀ ਬੱਸਾਂ ਦੇ ਰੂਟ ਪਰਮਿਟ ਦੇਣੇ ਹੋਣ, ਇਹ ਜਿਹਦੀ ਸਰਕਾਰ ਰਹੀ ਹੈ, ਉਹਦੇ ਮੁਤਾਬਕ ਹੀ ਹੁੰਦਾ ਆਇਆ ਹੈ। ਇਹ ਠੀਕ ਹੈ ਕਿ ਇਸ ਵਾਰ ਪੰਜਾਬ ਦੀ ਟਰਾਂਸਪੋਰਟ ਨੀਤੀ ਨੂੰ ਇਸ ਤਰ੍ਹਾਂ ਘੜਿਆ ਗਿਆ ਕਿ ਨਿੱਜੀ ਬੱਸਾਂ ਦੇ ਬਹੁਤੇ ਰੂਟ ਪਰਮਿਟ ਹਾਕਮ ਧਿਰ ਖਾਸ ਕਰਕੇ ਬਾਦਲ ਪਰਿਵਾਰੱ ਦੇ ਨੇੜਲੇ ਲੋਕ ਹਥਿਆ ਕੇ ਲੈ ਗਏ ਹਨ ਅਤੇ ਇਕ-ਇਕ ਰੂਟ 'ਤੇ 20-20 ਬੱਸਾਂ ਦੌੜਾਈਆਂ ਜਾ ਰਹੀਆਂ ਹਨ ਪਰ ਇਹ ਵੀ ਸੱਚ ਹੈ ਕਿ ਕਾਂਗਰਸ ਪਾਰਟੀ ਦੇ ਵੱਡੇ ਆਗੂਆਂ ਦਾ ਟਰਾਂਸਪੋਰਟ ਬਿਜ਼ਨਸ ਵੀ ਘੱਟ ਨਹੀਂ ਹੈ। ਰੇਤੇ ਬਜਰੀ ਦੇ ਠੇਕਿਆਂ ਦਾ ਵੀ ਸੱਚ ਇਹੀ ਹੈ ਕਿ ਹਕੂਮਤ ਬਦਲਦਿਆਂ ਹੀ ਠੇਕੇਦਾਰ ਬਦਲ ਜਾਂਦੇ ਹਨ ਤੇ ਸੱਚ ਸ਼ਰਾਬ ਦੇ ਠੇਕਿਆਂ ਦਾ ਵੀ ਇਹੀ ਹੈ। ਬੱਸ, ਇਨ੍ਹਾਂ ਲੁੱਟ ਦੇ ਸਰੋਤਾਂ 'ਤੇ ਕਬਜ਼ਾ ਹੀ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੀ ਅਸਲ ਲੜਾਈ ਹੈ। ਕੈਪਟਨ ਅਮਰਿੰਦਰ ਸਿੰਘ ਵਲੋਂ ਬਾਦਲਾਂ 'ਤੇ ਇਕ ਖਾਸ ਟੀ.ਵੀ. ਚੈਨਲ ਦੀ ਮਾਲਕੀ ਅਤੇ ਕੇਬਲ ਨੈਟਵਰਕ 'ਤੇ ਕਬਜ਼ੇ ਦਾ ਮਾਮਲਾ ਜ਼ਰੂਰ ਕੁਝ ਵੱਖਰਾ ਹੈ ਪਰ ਇਹ ਵੀ ਨਵਾਂ ਨਹੀਂ ਹੈ। ਬਿਜਲਈ ਮੀਡੀਏ ਦੇ ਇਕ ਵੱਡੇ ਹਿੱਸੇ ਨੇ ਬਾਦਲ ਪਰਿਵਾਰ ਦੇ ਬੁਲਾਰੇ ਵਜੋਂ ਹੀ ਸੇਵਾ ਨਿਭਾਈ ਹੈ। ਇਕ ਲੋਕ ਚਰਚਾ ਤਾਂ ਇਹ ਵੀ ਹੈ ਕਿ ਪੰਜਾਬ ਦੀਆਂ ਮੁੱਖ ਸੜਕਾਂ 'ਤੇ ਚੱਲਦੇ ਵੱਡੇ ਢਾਬਿਆਂ 'ਤੇ ਵੀ ਸੁਖਬੀਰ ਸਿੰਘ ਬਾਦਲ ਦੇ ਝੰਡੇ ਝੁਲ ਰਹੇ ਹਨ। ਦੁੱਖ ਦੀ ਗੱਲ ਇਹੀ ਹੈ ਕਿ ਆਮ ਜਨਤਾ ਦੀ ਸੱਚਮੁੱਚ ਹੀ ਬਾਂਹ ਫੜਨ ਵਾਲੀਆਂ ਧਿਰਾਂ ਦੀ ਸ਼ਕਤੀ ਹੈ ਤਾਂ ਸਹੀ ਪਰ ਉਹ ਖਿੰਡੀ ਹੋਈ ਹੈ। ਪਰ ਇਹ ਵੀ ਸੱਚ ਹੈ ਕਿ ਜਦੋਂ ਜਦੋਂ ਇਹ ਧਿਰਾਂ ਇਕ ਸਾਂਝੇ ਮੰਚ 'ਤੇ ਰੂਪਮਾਨ ਹੁੰਦੀਆਂ ਹਨ, ਤਾਂ ਬੜੇ ਸਾਰਥਕ ਸਿੱਟੇ ਨਿਕਲਦੇ ਰਹੇ ਹਨ, ਜਿਹਦੀ ਮਿਸਾਲ ਉਪਰ ਜ਼ਿਕਰ ਕੀਤੇ ਗਏ ਉਹ ਦੋ ਬਿਲ ਹਨ, ਜਿਨ੍ਹਾਂ ਨੂੰ 34 ਲੋਕ ਜਥੇਬੰਦੀਆਂ ਦੇ ਸਾਂਝੇ ਅਤੇ ਪੁਰਜ਼ੋਰ ਵਿਰੋਧ ਕਾਰਨ ਹਾਲੇ ਕਾਨੂੰਨ ਬਣਾਉਣ ਦੀ ਹਿੰਮਤ ਹਕੂਮਤ ਨਹੀਂ ਕਰ ਸਕੀ ਤੇ ਦੂਸਰੀ ਮਿਸਾਲ ਮਾਨਸਾ ਨੇੜੇ ਗੋਬਿੰਦਪੁਰਾ ਪਿੰਡ ਦੀ ਹੈ, ਜਿਥੋਂ ਦੀ ਉਪਜਾਊ ਜ਼ਮੀਨ ਐਕੁਆਇਰ ਕਰਨ ਦੇ ਮਾਮਲੇ 'ਤੇ 17 ਜਥੇਬੰਦੀਆਂ ਦਾ ਸੰਘਰਸ਼ ਸਰਕਾਰ ਨੂੰ ਵਖ਼ਤ ਪਾ ਰਿਹਾ ਹੈ। ਓਧਰ ਚੋਣ ਸਿਆਸਤ ਵਿਚ ਮਨਪ੍ਰੀਤ ਬਾਦਲ ਦੀ ਆਮਦ ਵੀ ਹਾਲੇ ਆਸ ਮੁਤਾਬਕ ਸਿੱਟੇ ਕੱਢਦੀ ਨਜ਼ਰ ਨਹੀਂ ਆ ਰਹੀ, ਕਿਉਂਕਿ ਉਹਦੀ ਲੀਡਰਸ਼ਿਪ ਵੀ ਉਸੇ 'ਸਿਆਸੀ ਸਭਿਆਚਾਰ' ਦੀ ਰਹਿੰਦ-ਖੂੰਹਦ ਹੀ ਹੈ ਜਿਹੜੇ 'ਸਿਆਸੀ ਸਭਿਆਚਾਰ' ਨੂੰ ਪ੍ਰਣਾਈਆਂ ਧਿਰਾਂ ਬਦਲ ਬਦਲ ਕੇ ਪੰਜਾਬ 'ਤੇ ਹਕੂਮਤ ਕਰਦੀਆਂ ਆ ਰਹੀਆਂ ਹਨ। ਸੋ, ਪੰਜਾਬੀਆਂ ਨੂੰ ਆਪਣੀ ਟੇਕ ਉਸ ਖਿੰਡਰੀ ਹੋਈ ਲੋਕ ਪੱਖੀ ਧਿਰ 'ਤੇ ਹੀ ਰੱਖਣੀ ਪੈਣੀ ਹੈ ਜਿਹੜੀ ਜਦੋਂ ਇਕੱਠੀ ਹੁੰਦੀ ਹੈ ਤਾਂ ਲੋਕ-ਪੱਖੀ ਸਿੱਟੇ ਕੱਢਣ ਵਿਚ ਕਾਮਯਾਬ ਹੋ ਜਾਂਦੀ ਹੈ। ਨਾਲ ਹੀ ਇਸ ਖਿੰਡਰੀ ਸ਼ਕਤੀ ਦੇ ਆਗੂਆਂ ਨੂੰ ਵੀ ਨਿੱਜੀ ਹਊਮੇ ਤਿਆਗ ਕੇ ਸਿਰ ਜੋੜ ਕੇ ਬੈਠਣਾ ਹੀ ਪਵੇਗਾ, ਇਹ ਹੀ ਵਕਤ ਦੀ ਉਨ੍ਹਾਂ ਕੋਲੋਂ ਪਹਿਲੀ ਅਤੇ ਆਖ਼ਰੀ ਮੰਗ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

# ਤੂੜੀ-ਤੰਦ ਸਾਂਭਣ ਹਾੜੀ ਵੇਚਣ ਮਗਰੋਂ ਹੁਣ ਬਾਦਲ ਹੋਰੀਂ....



ਪ੍ਰੋ. ਰਾਕੇਸ਼ ਰਮਨ
raman.mlp@gmail.com

ਤੂੜੀ ਤੰਦ ਸਾਂਭਣ ਹਾੜੀ ਵੇਚ-ਵੱਟਣ ਮਗਰੋਂ ਦਾ ਕੁਝ ਸਮਾਂ ਕਿਸਾਨ ਲਈ ਬੜਾ ਹੁਲਾਸਮਈ ਹੁੰਦਾ ਹੈ। ਆਪਣੀ ਖੱਟੀ-ਕਮਾਈ ਤੋਂ ਉਸ ਨੂੰ ਸੰਤੁਸ਼ਟੀ ਮਿਲਦੀ ਹੈ। 'ਲੰਬੜਾਂ' ਤੇ 'ਸਾਹਾਂ' ਦਾ ਹਿਸਾਬ ਨਿਬੇੜਣ ਤੋਂ ਵੀ ਰਾਹਤ ਹਾਸਲ ਹੁੰਦੀ ਹੈ। ਮਨ ਸਰੂਰ ਨਾਲ ਭਰਦਾ ਹੈ, ਇਸ ਸਰੂਰ ਵਿਚ ਉਸ ਦੇ ਸਰੀਰਕ ਬਲ ਤੇ ਸਿਦਕ ਦਾ ਹਲਕਾ ਗਰੂਰ ਵੀ ਸ਼ਾਮਲ ਹੁੰਦਾ ਹੈ। ਇਸ ਮਨੋਅਵਸਥਾ ਵਿਚ ਉਹ ਆਪਣੀ ਇਕ ਫਸਲੀ ਮਿਆਦ ਪੂਰੀ ਕਰਕੇ ਦਮਾਮੇ ਮਾਰਦਾ ਮੇਲੇ 'ਚ ਆਉਂਦਾ ਹੈ, ਖ਼ੂਬ ਅਨੰਦ ਮਾਣਦਾ ਹੈ। ਉਹ ਸਵੈ-ਇੱਛਾ ਨਾਲ ਆਪਣੇ ਜੀਵਨ ਦੇ ਆਮ ਪ੍ਰਵਾਹ ਵਿਚੋਂ ਬਾਹਰ ਨਿਕਲਦਾ ਹੈ ਤੇ ਬਾਹਰ ਨਿਕਲਣ ਵੇਲੇ ਉਹ ਖੁਸ਼ ਅਤੇ ਸਹਿਜ ਹੁੰਦਾ ਹੈ। ਖੁਸ਼ੀ ਤੇ ਸਹਿਜਤਾ ਨਾਲ ਹੀ ਉਹ ਪਿੱਛੇ ਕੰਮ-ਧੰਦਾ ਸਾਂਭਣ ਨੂੰ 'ਬੰਦਾ' ਛੱਡ ਕੇ ਜਾਂਦਾ ਹੈ। ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਵੀ ਆਪਣੀ ਫਸਲੀ ਮਿਆਦ ਲਗਭਗ ਪੂਰੀ ਕਰ ਲਈ ਹੈ। ਬਾਦਲਾਂ ਨੇ ਆਪਣੀ ਹਾੜੀ ਵੇਚ-ਵੱਟ ਲਈ ਹੈ। ਪਰ ਜਾਣ ਵੇਲੇ ਉਹ ਕਿਸੇ ਕਿਸਾਨ ਦੇ ਮੇਲੇ ਜਾਣ (ਫੁਰਸਤ ਦੇ ਪਲ ਬਿਤਾਉਣ) ਵਾਂਗ ਖੁਸ਼ ਤੇ ਸਹਿਜ ਨਹੀਂ ਦਿਖ ਰਹੇ, ਉਹ ਕੁਝ ਕੰਮ ਵਿਸ਼ੇਸ਼ ਰੂਪ ਵਿਚ ਅਜਿਹੇ ਕਰ ਹਰੇ ਹਨ, ਜਿਹੜੇ ਉਨ੍ਹਾਂ ਦੀਆਂ ਚੋਣਾਵੀਂ ਤੇ ਚੋਣਾਂ ਮਗਰੋਂ ਦੀਆਂ ਚਿੰਤਾਵਾਂ ਨੂੰ ਪ੍ਰਤੀਬਿੰਬਤ ਕਰ ਰਹੇ ਹਨ।

ਬਾਦਲਾਂ ਲਈ 2007 ਦੀ ਵਿਧਾਨ ਸਭਾ ਚੋਣ ਬਹੁਤ ਵੱਕਾਰੀ ਸੀ। ਮੌਜੂਦਾ ਹੁਕਮਰਾਨ ਗਠਜੋੜ ਅਤੇ ਪ੍ਰਮੁੱਖ ਵਿਰੋਧੀ ਧਿਰ ਦਰਮਿਆਨ ਟੱਕਰ ਵੀ ਬਹੁਤ ਫਸਵੀਂ ਹੋਈ। ਬਾਦਲਾਂ ਨੂੰ ਜੇਕਰ ਕਿਹਾ ਜਾਵੇ ਕਿ ਇਹ ਜਿੱਤ ਕਿਸਮਤ ਨਾਲ ਹੀ ਮਿਲੀ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਆਪਣਾ ਰਵਾਇਤੀ ਗੜ੍ਹ ਮਾਲਵਾ ਇਸ ਦੇ ਹੱਥੋਂ ਨਿਕਲ ਗਿਆ, ਦੁਆਬੇ ਤੇ ਮਾਝੇ 'ਚੋਂ ਇਨ੍ਹਾਂ ਨੂੰ ਸਰਕਾਰ ਗਠਤ ਕਰਨ ਲਈ ਲੋੜੀਂਦੀਆਂ ਸੀਟਾਂ ਮਿਲ ਗਈਆਂ। ਬਾਦਲਾਂ ਨੂੰ ਇਸ ਜਿੱਤ ਦੀ ਇਸ ਲਈ ਜ਼ਰੂਰਤ ਸੀ ਕਿਉਂਕਿ ਇਨ੍ਹਾਂ ਵਿਰੁਧ ਅਦਾਲਤਾਂ ਵਿਚ ਕੇਸ ਚੱਲ ਰਹੇ ਸਨ ਤੇ ਸਿਆਸੀ ਤਾਕਤ ਤੋਂ ਬਗੈਰ ਇਨ੍ਹਾਂ ਕੇਸਾਂ ਨੂੰ ਬਾਦਲ ਆਪਣੇ ਪੱਖ ਵਿਚ ਨਹੀਂ ਨਿਪਟਾ ਸਕਦੇ ਸਨ। ਇਵੇਂ ਹੀ ਵਾਪਰਿਆ ਤੇ ਬਾਦਲਾਂ ਨੇ ਆਪਣੀ ਤਾਕਤ ਦੇ ਵਿਖਾਵੇ ਨਾਲ ਹੀ ਸਾਰੇ ਗਵਾਹ ਇਸ ਤਰ੍ਹਾਂ ਪ੍ਰਭਾਵਿਤ ਕੀਤੇ ਕਿ ਕੇਸਾਂ ਦਾ ਅਦਾਲਤਾਂ ਦੁਆਰਾ ਖਾਰਜ ਕਰ ਦਿਤਾ ਜਾਣਾ ਲਗਭਗ ਸਰਕਾਰ ਬਣਨ ਦੇ ਮੁਢਲੇ ਪੜਾਅ 'ਤੇ ਹੀ ਤੈਅ ਹੋ ਗਿਆ। ਅਦਾਲਤ ਨੇ ਆਮਦਨ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤੋਂ ਬਾਦਲਾਂ ਨੂੰ ਬਰੀ ਕਰ ਦਿਤਾ ਤੇ ਇਉਂ ਇਸ ਸਰਕਾਰ ਦੇ ਗਠਨਕਾਰਾਂ ਦਾ ਸਭ ਤੋਂ ਵੱਡਾ ਮਨੋਰਥ ਪੂਰਾ ਹੋ ਗਿਆ।

ਪਰਿਵਾਰ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਸੁਰਖਰੂ ਹੋਣ ਮਗਰੋਂ, ਬਾਦਲਾਂ ਨੇ ਆਪਣੀ ਪਰਿਵਾਰਕ ਰਾਜਨੀਤੀ ਨੂੰ ਪ੍ਰਫੁੱਲਤ ਕਰਨ ਦਾ ਸਿਲਸਿਲਾ ਜਾਰੀ ਰੱਖਿਆ। ਸ. ਸੁਖਬੀਰ ਸਿੰਘ ਬਾਦਲ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦੇ ਜਾਨਸ਼ੀਨ ਮੁੱਖ ਮੰਤਰੀ ਵਜੋਂ ਉਭਾਰਿਆ ਗਿਆ। ਉਸ ਨੂੰ ਮੌਜੂਦਾ ਸਰਕਾਰ ਵਿਚ ਸਭ ਤੋਂ ਸ਼ਕਤੀਸ਼ਾਲੀ ਥਾਂ ਦਿਤੀ ਗਈ। ਉਸ ਦੀ ਪਤਨੀ ਨੂੰ ਮੈਂਬਰ ਪਾਰਲੀਮੈਂਟ ਬਣਾਇਆ ਗਿਆ। ਬਾਦਲ ਪਰਿਵਾਰ ਦੇ ਹੋਰ ਅਨੇਕਾਂ ਸਕੇ ਸਬੰਧੀ ਸੱਤਾ ਦੇ ਢਾਂਚੇ ਵਿਚ ਥਾਂ ਥਾਂ ਫਿੱਟ ਕੀਤੇ ਗਏ। ਇਉਂ ਇਕ ਪਰਿਵਾਰ ਦੀ ਜਕੜ ਵਿਚ ਪੂਰੇ ਪੰਜਾਬ ਨੂੰ ਕਰਨ ਦਾ ਭਰਪੂਰ ਉਪਰਾਲਾ ਕੀਤਾ ਗਿਆ। ਇਸ ਸਮੇਂ ਪੰਜਾਬ ਵਿਚ ਇਹ ਪ੍ਰਭਾਵ ਬਣਿਆ ਹੋਇਆ ਹੈ ਕਿ ਅਕਾਲੀ ਸੁਪਰੀਮੋ ਨੇ ਆਪਣੀ ਸਰਕਾਰ ਦੇ ਪੌਣੇ ਪੰਜ ਸਾਲ ਪਰਿਵਾਰਕ ਰਾਜਨੀਤੀ ਨੂੰ ਪੱਕੇ ਪੈਰੀਂ ਕਰਨ ਦੇ ਲੇਖੇ ਹੀਲਾ ਦਿਤੇ ਹਨ। ਵਿਕਾਸ ਦੇ ਜੋ ਦਾਅਵੇ ਕੀਤੇ ਵੀ ਜਾ ਰਹੇ ਹਨ, ਉਨ੍ਹਾਂ ਵਿਚ ਸਰਕਾਰੀ ਹਿੱਸੇਦਾਰੀ ਨਾਮਾਤਰ ਹੀ ਹੈ। ਸਰਕਾਰ ਨੇ ਇਸ ਵਿਚ ਕੇਵਲ ਇਹ ਯੋਗਦਾਨ ਪਾਇਆ ਹੈ ਕਿ ਕਈ ਥਾਵਾਂ 'ਤੇ ਕਿਸਾਨਾਂ ਦੀਆਂ ਵਾਹੀਯੋਗ ਜ਼ਮੀਨਾਂ ਐਕਵਾਇਰ ਕਰਕੇ ਮਲਟੀਨੈਸ਼ਨਲ ਕੰਪਨੀਆਂ ਦੇ ਹਵਾਲੇ ਕਰ ਦਿਤੀਆਂ ਹਨ। ਮੌਜੂਦਾ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਵਿਰੋਧ ਕਰਦਿਆਂ ਪੁਲਿਸ ਤਸ਼ੱਦਦ ਕਾਰਨ ਕਈ ਕਿਸਾਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਇਸ ਸਰਕਾਰ ਕੋਲੋਂ ਨੌਕਰੀਆਂ ਮੰਗਣ ਵਾਲੇ ਨੌਜਵਾਨਾਂ 'ਤੇ ਜੋ ਡਾਂਗ ਪੁਲਿਸ ਨੇ ਵਾਹੀ ਉਸ ਨੇ ਸਭਨਾਂ ਪੰਜਾਬ ਵਾਸੀਆਂ ਨੂੰ ਬਾਦਲਾਂ ਦੇ ਨਾਅਰੇ 'ਰਾਜ ਨਹੀਂ, ਸੇਵਾ' ਦੀ ਅਸਲੀਅਤ ਤੋਂ ਵੀ ਭਲੀ-ਭਾਂਤ ਜਾਣੂ ਕਰਵਾ ਦਿਤਾ ਹੈ।

ਸਰਕਾਰਾਂ ਜਦੋਂ ਗ਼ਲਤ ਨੀਤੀਆਂ 'ਤੇ ਚਲਦਿਆਂ, ਮਨਮਾਨੀਆਂ ਕਰਦੀਆਂ ਹਨ ਜਾਂ ਲੋਕ ਹਿੱਤਾਂ ਨੂੰ ਅਣਡਿੱਠ ਕਰਕੇ, ਆਪਣੇ ਵਿਚ ਸ਼ਾਮਲ ਵਿਅਕਤੀਆਂ ਦੇ ਹਿੱਤਾਂ ਨੂੰ ਹੀ ਮੁੱਖ ਰਖਦੀਆਂ ਹਨ ਤਾਂ ਇਨ੍ਹਾਂ ਨੂੰ ਲੋਕ ਰੋਹ ਦਾ ਸਾਹਮਣਾ ਕਰਨਾ ਪੈਂਦਾ ਹੀ ਹੈ। ਫਿਰ ਸਰਕਾਰ ਦਾ ਵਿਹਾਰ ਲੋਕਾਂ ਪ੍ਰਤੀ ਹੋਰ ਵੀ ਸਖਤ ਹੋ ਜਾਂਦਾ ਹੈ। ਪੰਜਾਬ ਸਰਕਾਰ ਦਾ ਨਵਾਂ ਪੰਜਾਬ ਪੁਲੀਸ ਐਕਟ 2010 ਇਸੇ ਦੀ ਹੀ ਪੁਸ਼ਟੀ ਕਰਦਾ ਹੈ। ਇਸ ਐਕਟ ਦੀਆਂ ਧਾਰਾਵਾਂ ਨਾ ਕੇਵਲ ਕਾਫੀ ਸਖ਼ਤ ਹੀ ਹਨ, ਸਗੋਂ ਗੈਰਜਮਹੂਰੀ ਵੀ ਹਨ, ਜਿਨ੍ਹਾਂ ਦੀ ਮੀਡੀਆ 'ਚ ਕਾਫੀ ਚਰਚਾ ਤੇ ਜ਼ੋਰਦਾਰ ਵਿਰੋਧ ਵੀ ਹੋ ਚੁੱਕਾ ਹੈ। ਪੰਜਾਬ ਦੇ ਲਗਭਗ ਸਾਰੇ ਵਰਗਾਂ ਵਿਚ ਪਾਏ ਜਾ ਰਹੇ ਭਾਰੀ ਵਿਰੋਧ ਅਤੇ ਰੋਹ ਦਾ ਸਾਹਮਣਾ ਮੌਜੂਦਾ ਸਰਕਾਰ 2012 ਦੀਆਂ ਚੋਣਾਂ ਵਿਚ ਕਰ ਨਹੀਂ ਸਕੇਗੀ ਤੇ ਇਸ ਦੇ ਪਤਨ ਦੀ ਸੰਭਾਵਨਾ ਦਾ ਖੁਦ ਹੁਕਮਰਾਨ ਗਠਜੋੜ ਨੂੰ ਪਤਾ ਹੈ। ਇਸ ਸਰਕਾਰ ਨੇ ਜਾਣਾ ਹੀ ਜਾਣਾ ਹੈ, ਕੀ ਇਹ ਚੰਗਾ ਨਹੀਂ ਕਿ ਕੋਈ ਸਰਕਾਰ ਇਉਂ ਕੰਮ ਕਰੇ ਜਿਵੇਂ ਕੋਈ ਕਿਸਾਨ ਕੰਮ ਕਰਦਾ ਹੈ, ਜਦੋਂ ਕੰਮ ਤੋਂ ਵਿਹਲਾ ਹੁੰਦਾ ਹੈ ਤਾਂ ਫੁਰਸਤ ਦੇ ਪਲਾਂ 'ਚ ਸਭ ਚਿੰਤਾਵਾਂ ਤੋਂ ਮੁਕਤ ਹੋ ਕੇ ਮੇਲੇ ਜਾਂਦਾ ਹੈ।

ਬਾਦਲ ਆਪਣੀਆਂ ਸਰਕਾਰ ਦੇ ਪਤਨ ਤੋਂ ਬਾਅਦ ਦੀਆਂ ਚਿੰਤਾਵਾਂ ਨੂੰ ਮੁੱਖ ਰੱਖ ਕੇ ਆਪਣੀ ਸਰਕਾਰ ਦੇ ਦਬਦਬੇ ਹੇਠ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾ ਚੱਲੇ ਹਨ। ਪਰਿਵਾਰ ਦੇ ਸਭ ਤੋਂ ਵੱਧ ਵਫਾਦਾਰਾਂ ਨੂੰ ਇਸ ਕਮੇਟੀ ਵਿਚ ਥਾਂ ਦੇ ਦਿਤੀ ਗਈ ਹੈ। ਪੂਰੀ ਕਮੇਟੀ ਇਕ ਵਾਰ ਫਿਰ ਬਾਦਲ ਪਰਿਵਾਰ ਦੀ ਗ੍ਰਿਫ਼ਤ ਵਿਚ ਹੈ। ਹੁਕਮਰਾਨ ਗਠਜੋੜ ਦੇ ਸੱਤਾ ਵਿਚ ਬਾਹਰ ਹੋਣ ਉਪਰੰਤ ਸ਼੍ਰੋਮਣੀ ਕਮੇਟੀ, ਆਪਣੇ ਅੰਦਰ ਸ਼ਾਮਲ ਘਾਗ ਤੇ ਬਾਦਲ-ਵਫਾਦਾਰ ਸਿਆਸਤਦਾਨਾਂ ਕਾਰਨ, ਬਾਦਲ ਪਰਿਵਾਰ ਦੀ ਮੁੱਖ ਸਿਆਸੀ ਟੇਕ ਬਣੀ ਰਹੇਗੀ। ਸ਼ੋਮਣੀ ਅਕਾਲੀ ਦਲ ਦੇ ਵੱਡੇ ਕਹੇ ਜਾਂਦੇ ਸਿਆਸੀ ਨੇਤਾਵਾਂ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਲੈ ਕੇ ਆਉਣਾ, ਸ. ਪ੍ਰਕਾਸ਼ ਸਿੰਘ ਬਾਦਲ ਦੀ ਇਕ ਬੇਹੱਦ ਸੋਚੀ ਸਮਝੀ ਰਣਨੀਤੀ ਹੈ।

ਇਸੇ ਸੋਚੀ ਸਮਝੀ ਰਣਨੀਤੀ ਦੇ ਤਹਿਤ ਹੀ ਪਿਛਲੇ ਦਿਨੀਂ ਪੰਜਾਬ ਸਰਕਾਰ ਵਲੋਂ ਪੰਜਾਬ ਪੁਲੀਸ ਦੇ ਕਰਮਚਾਰੀਆਂ ਨੂੰ ਵੱਡੀ ਪੱਧਰ 'ਤੇ ਤਰੱਕੀਆਂ ਅਤੇ ਕਈ ਹੋਰ ਵਿੱਤੀ ਲਾਭਾਂ ਨਾਲ ਨਿਵਾਜਿਆ ਗਿਆ। ਕੋਈ ਵੀ ਸਰਕਾਰ ਆਪਣੇ ਕਰਮਚਾਰੀਆਂ ਨੂੰ ਬਣਦੇ ਲਾਭ ਦੇਣ ਲਈ ਵਚਨਬੱਧ ਹੁੰਦੀ ਹੈ, ਪ੍ਰੰਤੂ ਸਭ ਵਰਗਾਂ ਦੇ ਕਰਮਚਾਰੀਆਂ ਨੂੰ ਤਕਰੀਬਨ ਅਣਡਿੱਠ ਕਰਕੇ ਕੇਵਲ ਪੰਜਾਬ ਪੁਲੀਸ ਉਪਰ ਸ. ਬਾਦਲ ਦਾ ਮਿਹਰਬਾਨ ਹੋਣਾ ਇਸ ਫੈਸਲੇ ਦੇ ਲੁਕਵੇਂ ਮਨੋਰਥਾਂ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ। ਬਾਦਲਾਂ ਨੇ ਆਪਣੇ ਕਾਰਜਕਾਲ ਦੌਰਾਨ ਜਿਹੜੀ ਸਿਆਸੀ ਹਾੜ੍ਹੀ ਵੇਚੀ ਵੱਟੀ ਹੈ, ਉਹ ਉਨ੍ਹਾਂ ਦੇ ਪਰਿਵਾਰਕ ਹਿੱਤਾਂ ਦੀ ਸੁਰੱਖਿਆ ਅਤੇ ਸੰਤੁਸ਼ਟੀ ਦੇ ਹੀ ਕੰਮ ਆਈ ਹੈ। ਇਸੇ ਸੱਚ ਨੂੰ ਜਾਣਦਿਆਂ ਹੋਇਆਂ ਹੀ ਉਹ ਸਿਆਸੀ ਪਿੜ ਵਿਚ ਆਪਣੀ ਹੋਂਦ ਬਚਾਈ ਰਖੱਣ ਲਈ ਯਤਨ ਕਰ ਹਰੇ ਹਨ, ਕਿਉਂਕਿ ਆਪਣੀ ਹਾਰ ਤਾਂ ਉਨ੍ਹਾਂ ਨੂੰ ਵੀ ਸਪੱਸ਼ਟ ਨਜ਼ਰ ਆ ਰਹੀ ਹੈ।



# ਕਲੇਸ਼, ਸੁਲ੍ਹਾ ਤੇ ਜਵਾਬਦੇਹੀ

ਪੁਸ਼ਪੇਸ਼ ਪੰਤ

ਪਿਛਲੇ ਕੁਝ ਦਿਨਾਂ ਤੋਂ ਯੂ.ਪੀ.ਏ. ਸਰਕਾਰ ਦੇ ਘਰ ਦੀ ਫੁੱਟ ਸੁਰਖੀਆਂ ਵਿਚ ਛਾਈ ਰਹੀ ਹੈ। ਫਿਲਹਾਲ ਚਿਦੰਬਰਮ ਅਤੇ ਪ੍ਰਣਬ ਬਾਬੂ ਦੇ ਗਲੇ ਮਿਲਣ ਨਾਲ ਇਹ ਵਹਿਮ ਪੈਦਾ ਹੋਣ ਲੱਗਾ ਹੈ ਕਿ ਸੁਲਾਹ-ਸਮਝੌਤੇ ਮਗਰੋਂ ਹੁਣ ਸਭ ਠੀਕ ਹੋ ਜਾਵੇਗਾ। ਅਸੀਂ ਸਾਰੇ ਦੇਸ਼ ਦੇ ਭਲੇ ਲਈ ਇਹ ਚਾਹੁੰਦੇ ਹਾਂ ਕਿ ਅਜਿਹਾ ਹੀ ਹੋਵੇ।



ਅਸੀਂ ਬੇਹੱਦ ਨਿਮਰਤਾ ਨਾਲ ਇਹ ਸੁਝਾਅ ਦੇਣਾ ਚਾਹੁੰਦੇ ਹਾਂ ਕਿ ਦੋ ਸੀਨੀਅਰ ਮੰਤਰੀਆਂ ਦੀ ਖਿਚੋਤਾਣ ਨਾਲ ਆਮ ਆਦਮੀ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਇਕ ਤਰ੍ਹਾਂ ਦੀ ਨੂਰਾਕੁਸ਼ਤੀ ਹੈ ਜੋ ਆਪਣੀ-ਆਪਣੀ ਹਸਤੀ ਅਤੇ ਹੈਸੀਅਤ ਦੀ ਬੇਸ਼ਰਮ ਨੁਮਾਇਸ਼ ਲਈ ਜਾ ਰਹੀ ਹੈ। ਮੈਡਮ ਸੋਨੀਆ ਦੀ ਇਕ ਝਿੜਕ ਨੇ ਹੀ ਲੜਦੇ ਬੱਚਿਆਂ ਨੂੰ ਇਕਦਮ ਚੁੱਪ ਕਰਾ ਦਿੱਤਾ ਹੈ। ਹਮੇਸ਼ਾ ਵਾਂਗ ਮਨਮੋਹਨ ਮੌਨਵਰਤ ਧਾਰਨ ਕੀਤੇ ਹੋਏ ਹਨ। ਖ਼ੈਰ ਸਾਡੇ ਸਮਾਜ ਵਿਚ ਇਸ ਮੰਦੀ ਦੇ ਮੌਸਮ ਵਿਚ ਜੋ ਅਸਲੀ ਮੁੱਦੇ, ਅਸਲੀ ਸੁਰਖੀਆਂ ਬਣਾਉਣ ਦੇ ਹੱਕਦਾਰ ਸਨ, ਭੁਲਾ ਦਿੱਤੇ ਗਏ ਹਨ। ਤੇਲੰਗਾਨਾ ਦਾ ਅੰਦੋਲਨ, ਦਹਿਸ਼ਤਗਰਦੀ, ਫਿਰਕੂ ਦੰਗੇ, ਜ਼ਮੀਨ ਨਾਲ ਜੁੜੇ ਕਾਨੂੰਨ, ਘਟਦੀ ਵਿਕਾਸ ਦਰ ਅਤੇ ਆਸਮਾਨ ਛੂੰਹਦੀ ਮਹਿੰਗਾਈ, ਸਾਰੇ ਪਿਛਲੇ ਦਰਵਾਜ਼ੇ 'ਤੇ ਹੀ ਰਹੇ।

ਇਨ੍ਹੀਂ ਦਿਨੀਂ ਯੋਜਨਾ ਕਮਿਸ਼ਨ ਨੇ ਗਰੀਬੀ ਦੀ ਸੀਮਾ ਰੇਖਾ ਦੇ ਹੇਠਾਂ ਰਹਿਣ ਵਾਲਿਆਂ ਦੀ ਜੋ ਨਵੀਂ ਪ੍ਰੀਭਾਸ਼ਾ ਪੇਸ਼ ਕੀਤੀ ਹੈ, ਉਸ ਨੇ ਸਾਰੇ ਜਾਗਰੂਕ ਨਾਗਰਿਕਾਂ ਨੂੰ ਉਤੇਜਿਤ ਕੀਤਾ ਹੈ ਤੇ ਇਸ ਸਰਕਾਰ ਦੀ ਭਰੋਸੇਯੋਗਤਾ ਨੂੰ ਖ਼ਤਮ ਕੀਤਾ ਹੈ। ਜ਼ਿਆਦਾਤਰ ਲੋਕਾਂ ਨੂੰ ਇਹ ਲਗ ਰਿਹਾ ਹੈ ਕਿ ਯੂ.ਪੀ.ਏ.-2 ਬੁਰੀ ਤਰ੍ਹਾਂ ਲਾਚਾਰ ਅਤੇ ਲਕਵਾਗ੍ਰਸਤ ਹੈ ਤੇ ਜਿਵੇਂ-ਕਿਵੇਂ ਆਪਣੇ ਦਿਨ ਪੂਰੇ ਕਰ ਰਹੀ ਹੈ। ਉਸ ਨੂੰ ਬੱਸ ਇਹੀ ਡੁੱਬਦੇ ਦਾ ਤਿਨਕਾ, ਆਖ਼ਰੀ ਉਮੀਦ ਨਜ਼ਰ ਆ ਰਿਹਾ ਹੈ ਕਿ ਸ਼ਾਇਦ ਯੂ.ਪੀ. ਚੋਣਾਂ ਵਿਚ ਜਿੱਤ ਮਗਰੋਂ ਉਸ ਦਾ ਨਸੀਬ ਸੁਧਰੇਗਾ। ਜੋ ਜਾਦੂ ਦੀ ਛੜੀ ਮਨਮੋਹਨ ਕੋਲ ਨਹੀਂ, ਉਹ ਸੋਨੀਆ ਕੋਲ ਹੈ, ਰਾਹੁਲ ਦੀ ਸ਼ਕਲ ਵਿਚ। ਅਫਸੋਸ ਇਹੀ ਹੈ ਕਿ ਰਾਹੁਲ ਨੇ ਆਪਣੀ ਪਾਰਟੀ ਵਿਚ ਨਵੀਂ ਜਵਾਨੀ ਅਤੇ ਜੋਸ਼ ਪੈਦਾ ਕਰਾਉਣ ਲਈ ਜੋ ਰਣਨੀਤੀ ਸੋਚੀ ਹੈ, ਉਸ ਦਾ ਕੋਈ ਇਲਮ ਕਿਸੇ ਹੋਰ ਨੂੰ ਨਹੀਂ, ਉਨ੍ਹਾਂ ਦੇ ਚੋਣਵੇਂ ਨਵਰਤਨਾਂ ਤੋਂ ਇਲਾਵਾ। 'ਏਕਲਾ ਚਲੋ ਰੇ' ਹੁਣ ਤਕ ਉਨ੍ਹਾਂ ਨੂੰ ਅਤੇ ਕਾਂਗਰਸ ਨੂੰ ਬਹੁਤ ਦੂਰ ਨਹੀਂ ਲਿਜਾ ਸਕੇ ਹਨ। ਨਾ ਹੀ ਪ੍ਰਧਾਨ ਮੰਤਰੀ ਨੇ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਖਿਲਾਫ਼ ਸੰਘਰਸ਼ ਵਿਚ ਕੋਈ ਅਜਿਹਾ ਸੁਝਾਅ ਦੇਣਾ ਜ਼ਰੂਰੀ ਸਮਝਿਆ ਹੈ ਜਿਸ ਵਿਚ ਦੇਸ਼ ਦਾ ਆਮ ਆਦਮੀ ਹਿੱਸੇਦਾਰੀ ਕਰ ਸਕੇ।

ਇਕ ਹੋਰ ਚੀਜ਼ ਜੋ ਲੋਕਾਂ ਨੂੰ ਬੇਹੱਦ ਪ੍ਰੇਸ਼ਾਨ ਕਰ ਰਹੀ ਹੈ ਕਿ ਸਿਆਸੀ ਬਹਿਸ ਵਿਚ ਰੋਜ਼ਮਰਾ ਦੀ ਜ਼ਿੰਦਗੀ ਦੀ ਦਿਕਤ ਸਭ ਨੇ ਭੁਲਾ ਦਿੱਤੀ ਹੈ। ਖਾਣ-ਪੀਣ ਦੀਆਂ ਚੀਜ਼ਾਂ, ਗੈਸ ਅਤੇ ਤੇਲ ਦੀਆਂ ਕੀਮਤਾਂ ਨੇ ਸਾਰਿਆਂ ਦੀ ਹਾਲਤ ਖਸਤਾ ਕਰ ਦਿੱਤੀ ਹੈ। ਸਰਕਾਰ ਦੂਸਰੀਆਂ ਚੁਣੌਤੀਆਂ ਅਤੇ ਸੰਵਿਧਾਨਕ ਸੰਕਟ ਦਾ ਬਹਾਨਾ ਬਣਾ ਕੇ ਆਪਣੇ ਹੱਥ ਮਹਿੰਗਾਈ ਨਾਲ ਨਹੀਂ ਝਾੜ ਸਕਦਾ। ਹਰ ਆਦਮੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਦੁੱਭਰ ਬਣਾਉਣ ਵਾਲੀ ਮਹਿੰਗਾਈ ਦਾ ਸਿੱਧਾ ਨਾਤਾ ਵਿਆਪਕ ਭ੍ਰਿਸ਼ਟਾਚਾਰ ਨਾਲ ਹੈ। ਹਾਲੇ ਹਾਲ ਹੀ ਵਿਚ ਜਦੋਂ ਭ੍ਰਿਸ਼ਟਾਚਾਰ ਖਿਲਾਫ਼ ਅੰਨਾ ਹਜ਼ਾਰੇ ਦਾ ਅੰਦੋਲਨ ਤੇਜ਼ ਹੋਇਆ ਸੀ ਤਾਂ ਉਸ ਦੀ ਆਂਚ ਦੀਆਂ ਲਪਟਾਂ ਦੀ ਝੁਲਸ ਘੱਟ ਕਰਨ ਲਈ ਸਿੱਬਲ, ਚਿਦੰਬਰਮ ਆਦਿ ਨੇ ਇਹ ਨਾਅਰਾ ਬੁਲੰਦ ਕੀਤਾ ਸੀ ਕਿ ਸਿਵਲ ਸੁਸਾਇਟੀ ਦੀ ਇਸ ਤਰ੍ਹਾਂ ਦੀ ਗੈਰ ਜ਼ਿੰਮੇਵਾਰ ਹਰਕਤਾਂ ਅਰਾਜਕਤਾ ਨੂੰ ਹੀ ਹੱਲਾਸ਼ੇਰੀ ਦੇ ਸਕਦੀਆਂ ਹਨ। ਸੰਸਦ ਦੀ ਮਰਿਆਦਾ ਸਭ ਨੂੰ ਸਨਮਾਨ ਕਰਨਾ ਚਾਹੀਦਾ ਹੈ। ਭ੍ਰਿਸ਼ਟਾਚਾਰ ਖਿਲਾਫ ਜਿੰਨੇ ਵੀ ਦੋਸ਼ ਇਸ ਸਰਕਾਰ 'ਤੇ ਲੱਗੇ ਹਨ, ਉਨ੍ਹਾਂ ਸਾਰਿਆਂ ਦਾ ਜਵਾਬ ਇਸ ਕੋਲ ਹੈ। ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ, ਇਸ ਲਈ ਕੁਝ ਕਹਿਣਾ ਉਚਿਤ ਨਹੀਂ ਹੋਵੇਗਾ ਜਾਂ ਫਿਰ ਸੰਸਦ ਦੀ ਕੋਈ ਕਮੇਟੀ ਇਸ ਜਾਂਚ ਕਰ ਰਹੀ ਹੈ ਜਿਸ ਦੇ ਮੁਖੀ ਵਿਰੋਧੀ ਧਿਰ ਦੇ ਆਗੂ ਹਨ ਜਾਂ ਮਾਮਲਾ ਬੇਹੱਦ ਗੁੰਝਲਦਾਰ ਹੈ ਜਿਸ ਨੂੰ ਸਿਰਫ਼ ਮੀਡੀਆ ਨੇ ਸਨਸਨੀਖੇਜ਼ ਬਣਾਇਆ ਹੈ ਆਪਣੀ ਟੀ.ਆਰ.ਪੀ. ਵਧਾਉਣ ਲਈ। ਜਿਥੋਂ ਤਕ ਨਿਆਂਪਾਲਿਕਾ ਦਾ ਸਵਾਲ ਹੈ, ਜਦੋਂ ਹੱਡੀ ਗਲੇ ਵਿਚ ਅਟਕਦੀ ਹੈ ਤਾਂ ਇਸੇ ਅਦਾਲਤ ਨੂੰ ਲਕਸ਼ਮਣ ਰੇਖਾ ਦੀ ਉਲੰਘਣਾ ਨਾ ਕਰਨ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਤੇ ਸਦਨ ਦੀ ਕਮੇਟੀ ਦੀ ਕਾਰਵਾਈ ਵਿਚ ਰੁਕਾਵਟ ਪਾਉਣ ਦਾ ਕੋਈ ਮੌਕਾ ਸੱਤਾਧਾਰੀ ਦਲ ਨੇ ਛੱਡਿਆ ਨਹੀਂ ਹੈ। ਏਨਾ ਹੀ ਨਹੀਂ ਪੀ.ਏ.ਸੀ. ਅਤੇ ਸੀ.ਏ.ਜੀ. ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਕਦਰ ਘਟਾਉਣ ਦੀ ਕੋਸ਼ਿਸ਼ ਵੀ ਕਿਸੇ ਤੋਂ ਲੁਕੀ ਨਹੀਂ ਹੈ। ਸੰਸਦ ਦੀ ਮਰਿਆਦਾ ਵਾਲੇ ਤਰਕ ਨੂੰ ਵੱਡੇ ਨੇਤਾ ਪਹਿਲਾਂ ਹੀ ਖਾਰਜ ਕਰ ਚੁੱਕੇ ਹਨ। ਬਚਿਆ ਰਹਿੰਦਾ ਹੈ ਮੀਡੀਆ। ਮੌਜੂਦਾ ਸਰਕਾਰ ਇਕ ਤੋਂ ਵੱਧ ਵਾਰ ਇਹ ਚਿਤਾਵਨੀ ਦੇ ਚੁੱਕੀ ਹੈ ਕਿ ਜੇਕਰ ਉਚ ਪੱਧਰੀ ਮੀਡੀਆ ਨੇ ਆਤਮ ਸੰਜਮ ਅਤੇ ਆਤਮ ਅਨੁਸ਼ਾਸਨ ਵਾਲਾ ਰਸਤਾ ਨਾ ਅਖ਼ਤਿਆਰ ਕੀਤਾ ਤਾਂ ਫਿਰ ਸਰਕਾਰ ਨੂੰ ਆਮ ਆਦਮੀ ਦੀ ਆਜ਼ਾਦੀ ਦੀ ਹੱਦ ਸਪਸ਼ਟ ਨਿਸ਼ਚਤ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਦੁੱਖ ਇਹ ਹੈ ਕਿ ਜੋ ਸਰਕਾਰ ਸੂਚਨਾ ਦੇ ਅਧਿਕਾਰ ਦੇ ਤੋਹਫ਼ੇ ਨੂੰ ਲੈ ਕੇ ਏਨਾ ਰੌਲਾ ਪਾਉਂਦੀ, ਉਹ ਮੀਡੀਆ ਨੂੰ ਏਨੀ ਜਲਦੀ ਆਪਣਾ ਦੁਸ਼ਮਣ ਅਤੇ ਵਿਰੋਧੀ ਧਿਰ ਦਾ ਸਾਥੀ ਸਮਝਣ ਲੱਗਦੀ ਹੈ। ਅਸਲੀ ਗੱਲ ਇਹ ਹੈ ਕਿ ਚਾਰੇ ਪਾਸਿਓਂ ਘਿਰੀ ਸਰਕਾਰ ਦੀ ਹਾਲਤ ਖਿਸਿਆਨੇ ਬਿੱਲੇ ਵਰਗੀ ਹੈ ਜੋ ਹਰ ਉਸ ਖੰਭੇ ਨੂੰ ਖਿਚਣ ਲਗਦਾ ਹੈ ਜੋ ਨਜ਼ਰ ਆਉਂਦਾ।

ਭਲਾ ਤਾਂ ਇਸ ਵਿਚ ਹੁੰਦਾ ਸਰਕਾਰ ਦਾ ਵੀ ਅਤੇ ਸਾਡਾ ਸਾਰਿਆਂ ਦਾ, ਕਿ ਯੂ.ਪੀ.ਏ. ਦੀ ਇਹ ਸਰਕਾਰ ਜਿਨ੍ਹਾਂ ਗੱਲਾਂ ਨੂੰ ਬਿਲਕੁਲ ਬੇਬੁਨਿਆਦ ਦੋਸ਼ ਸਮਝਦੀ ਹੈ, ਉਨ੍ਹਾਂ ਦਾ ਏਨਾ ਵਿਸਤਾਰ ਨਾਲ ਜਵਾਬ ਦੇਣ ਦੇ ਚੱਕਰ ਵਿਚ ਆਪਣੇ ਹੀ ਬੁਣੇ ਮੱਕੜਜਾਲ ਵਿਚ ਨਾ ਫਸਦੀ ਜਾਂਦੀ। ਆਪਣਾ ਸਮਾਂ ਉਨ੍ਹਾਂ ਸਮੱਸਿਆਵਾਂ ਦਾ ਹੱਲ ਲਭਣ ਵਿਚ ਲਾਉਂਦੀ.ਲੋ ਉਸ ਦੇ ਕੰਟਰੋਲ ਵਿਚ ਹੈ। ਏਨਾ ਕਹਿਣਾ ਹੀ ਜਵਾਬਦੇਹੀ ਦਾ ਪਾਲਣ ਨਹੀਂ ਹੁੰਦਾ ਕਿ ਮਹਿੰਗਾਈ ਤਾਂ ਦੁਨੀਆ ਭਰ ਵਿਚ ਵਧ ਰਹੀ ਹੈ। ਸਾਡਾ ਹਾਲ ਯੂਰਪ ਵਿਚ ਗਰੀਸ ਨਾਲੋਂ ਬੇਹਤਰ ਹੈ ਅਤੇ ਸਾਡੀ ਵਿਕਾਸ ਦਰ ਅਮਰੀਕਾ ਨਾਲੋਂ ਬੇਹਤਰ ਹੈ। ਕੋਰੀ ਲਫੱਾਜੀ ਨਾਲ ਅੱਜ ਕੰਮ ਨਹੀਂ ਚਲ ਸਕਦਾ। ਹਰ ਮੋਰਚੇ 'ਤੇ ਮਨਮੋਹਨ ਸਰਕਾਰ ਦੀ ਹਾਰ ਨਾ ਕਾਬਿਲੇ ਬਰਦਾਸ਼ਤ ਬਣ ਚੁੱਕੀ ਹੈ।

ਸਾਨੂੰ ਤਾਂ ਹੈਰਾਨੀ ਇਸ ਗੱਲ 'ਤੇ ਹੈ ਕਿ ਚਿਦੰਬਰਮ ਅਤੇ ਮੁਖਰਜੀ ਨੂੰ ਕਿਉਂ ਨਹੀਂ ਇਸ ਗੱਲ ਲਈ ਕਟਹਿਰੇ ਵਿਚ ਖੜਾ ਕੀਤਾ ਜਾ ਰਿਹਾ ਹੈ ਕਿ ਆਪਣੇ ਆਪਣੇ ਮੰਤਰਾਲਿਆਂ ਵਿਚ ਉਨ੍ਹਾਂ ਦਾ ਪ੍ਰਦਰਸ਼ਨ ਬੇਹਦ ਨਿਰਾਸ਼ਾਜਨਕ ਰਿਹਾ ਹੈ। ਨਕਸਲੀ ਹਿੰਸਾ ਹੋਵੇ ਜਾਂ ਦਹਿਸ਼ਤਵਾਦ ਜਾਂ ਫਿਰ ਅੰਤਰਜਾਤੀ ਅਪਰਾਧ ਦੀ ਰੋਕਥਾਮ ਵਿਚ ਅਸਮਰਥਤਾ ਚਿਦੰਬਰਮ ਦੀ ਦਿਖ ਫਿੱਕੀ ਪੈ ਚੁੱਕੀ ਹੈ। ਦੇਸ਼ ਨੂੰ ਇਹ ਜਾਣਨ ਵਿਚ ਜ਼ਿਆਦਾ ਰੁਚੀ ਨਹੀਂ ਕਿ ਵਿੱਤ ਮੰਤਰੀ ਦੀ ਮੇਜ਼ 'ਤੇ ਚਿੰਗਮ ਕਿਸ ਨੇ ਚਿਪਕਾਈ ਸੀ? ਉਹ ਇਹ ਜਵਾਬ ਤਲਬ ਕਰਨਾ ਚਾਹੁੰਦੀ ਹੈ ਕਿ ਕੀ ਮਹਿੰਗਾਈ ਘਟਾਉਣ ਦਾ ਜਾਂ ਆਮ ਆਦਮੀ ਨੂੰ ਰਾਹਤ ਪਹੁੰਚਾਉਣ ਦਾ ਸੋਚ ਰਹੇ ਹਨ ਜਾਂ ਇਸ ਦੀ ਕੋਈ ਫੁਰਸਤ ਉਨ੍ਹਾਂ ਨੂੰ ਨਹੀਂ। ਇਥੇ ਵੀ ਪ੍ਰਣਬ ਬਾਬੂ ਦੇ ਸਾਹਮਣੇ ਇਹ ਰਸਤਾ ਹੈ ਕਿ ਖੇਤੀ ਖੇਤਰ ਦੀ ਮੰਦੀ ਲਈ ਸ਼ਰਦ ਪਵਾਰ ਵਲੋਂ ਅਤੇ ਤੇਲ ਕੀਮਤਾਂ ਵਿਚ ਵਾਧੇ ਲਈ ਜੈਪਾਲ ਰੈਡੀ ਵੱਲ ਉਂਗਲੀ ਉਠਾ ਦੇਣ। ਸਮੂਹਕ ਜ਼ਿੰਮੇਵਾਰੀ ਤੋਂ ਤਾਂ ਇਸ ਸਰਕਾਰ ਪੂਰੀ ਤਰ੍ਹਾਂ ਕਤਰਾ ਗਈ ਹੈ। ਸਲਤਨਤੇ ਮੁਗ਼ਲਿਆ ਦੇ ਆਖ਼ਰੀ ਦਿਨਾਂ ਵਾਂਗ ਕੇਂਦਰੀ ਮੰਤਰਾਲੇ ਜਾਗੀਰਾਂ ਵਿਚ ਵੰਡੇ ਜਾ ਚੁੱਕੇ ਹਨ ਅਤੇ ਜਿਨ੍ਹਾਂ ਸੂਬਿਆਂ ਵਿਚ ਕਾਂਗਰਸ ਦਾ ਰਾਜ ਬਚਿਆ-ਖੁਚਿਆ ਵੀ ਹੈ, ਉਨ੍ਹਾਂ ਦਾ ਹਾਲ ਸੂਬੇਦਾਰੀਆਂ ਵਰਗਾ ਹੈ। ਅਜਿਹੇ ਸਮੇਂ ਇਹ ਉਮੀਦ ਕਰਨਾ ਬਿਲਕੁਲ ਬੇਕਾਰ ਲੱਗਣ ਲੱਗਾ ਹੈ ਕਿ ਉਤਰ ਪ੍ਰਦੇਸ਼ ਦੇ ਚੋਣਾਂ ਤੋਂ ਬਾਅਦ ਵੀ ਕੋਈ ਵੱਡੀ ਤਬਦੀਲੀ ਹਿੰਦੁਸਤਾਨ ਦੀ ਸਿਆਸਤ ਵਿਚ ਦੇਖਣ ਨੂੰ ਮਿਲ ਸਕਦਾ ਹੈ। ਨਿਸ਼ਚਤ ਹੀ ਆਜ਼ਾਦੀ ਤੋਂ ਬਾਂਦ ਤੋਂ ਅੱਜ ਤਕ ਦਾ ਇਹ ਸਾਡੇ ਜੀਵਨ ਦਾ ਸਭ ਤੋਂ ਨਾਜ਼ੁਕ ਦੌਰ ਹੈ।

# ਉਧਾਰ ਦੀ ਔਕਾਤ 'ਤੇ ਲੋਕਤੰਤਰ ਨਾਲ ਲੜਾਈ

ਕੁਲ ਮਿਲਾਕੇ ਦੋ ਵਾਰ। ਪਹਿਲੀ ਵਾਰ ਇੱਕ ਲੱਖ ਬਹੱਤਰ ਹਜ਼ਾਰ ਡਾਲਰ ਅਤੇ ਦੂਜੀ ਵਾਰ ਇੱਕ ਲੱਖ ਸੱਤਾਨਵੇ ਹਜ਼ਾਰ ਡਾਲਰ। ਦੋਨਾਂ ਨੂੰ ਜੋੜਕੇ ਵੇਖੋ ਤਾਂ ਕੁਲ ਮਿਲਾਕੇ ਤਿੰਨ ਲੱਖ ਉਨੱਤਰ ਹਜ਼ਾਰ ਡਾਲਰ। ਇੱਕ ਡਾਲਰ ਯਾਨੀ ਅੱਜ ਦੀ ਤਾਰੀਕ ਵਿੱਚ ਭਾਰਤ ਦੇ 46 ਰੁਪਏ। 3 ਲੱਖ 69 ਹਜਾਰ ਡਾਲਰ ਨੂੰ ਭਾਰਤੀ ਮੁਦਰਾ ਵਿੱਚ ਅਜੋਕੇ ਹਿਸਾਬ ਵਲੋਂ ਤਬਦੀਲ ਕਰਕੇ ਵੇਖੋ ਤਾਂ ਕੁਲ ਇੱਕ ਕਰੋੜ 69 ਲੱਖ 74 ਹਜ਼ਾਰ ਰੁਪਏ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਚੁਣੌਤੀ ਦੇਣ ਵਾਲੇ ਅੰਦੋਲਨ ਤੋਂ ਬਾਅਦ, ਤੁਹਾਡੀ ਜਾਣਕਾਰੀ ਲਈ, ਘੱਟੋ-ਘੱਟ ਹੁਣ ਤਾਂ ਇਹ ਦੱਸਣਾ ਜਰੂਰੀ ਹੋ ਗਿਆ ਹੈ ਕਿ ਈਮਾਨਦਾਰੀ ਦੀ ਮੂਰਤੀ ਅਤੇ ਅੰਦੋਲਨ ਦੇ ਭਦੱਰਪੁਰਸ਼ ਦੇ ਰੂਪ ਵਿੱਚ ਅਚਾਨਕ ਉੱਭਰ ਕੇ ਸਾਹਮਣੇ ਆਏ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦਿਆ ਨੂੰ ਇਹ ਕਰੀਬ ਪੌਣੇ ਚਾਰ ਲੱਖ ਡਾਲਰ ਤਾਂ ਅਮਰੀਕਾ ਵਲੋਂ ਹੀ ਸਹਾਇਤਾ ਦੇ ਰੂਪ ਵਿੱਚ ਹਾਸਲ ਹੋਏ ਹਨ। ਇਹ ਤਾਂ ਹੋਈ ਅਧਿਕਾਰਕ ਰੂਪ 'ਚ ਵਿਦੇਸ਼ੀ ਸਹਾਇਤਾ ਦੀ ਗੱਲ। ਪਤਾ ਨਹੀ, ਕਿੱਥੋ ਕਿੰਨ, ਕੀ-ਕੀ ਗੈਰ-ਕਨੂੰਨੀ ਰੂਪ 'ਚ ਮਿਲਿਆ ਵੀ ਜਾਂ ਨਹੀ ਮਿਲਿਆ, ਇਹ ਤਾਂ ਅਸੀਂ ਨਹੀ ਜਾਣਦੇ। ਪਰ ਇੰਨਾ ਜਰੂਰ ਜਾਣਦੇ ਹਾਂ ਕਿ ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਸਾਰਥਕ ਸਾਮਾਜਕ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਵੀ ਆਪਣੇ ਹੀ ਦੇਸ਼ ਵਿੱਚ ਸਹਾਇਤਾ ਇਕੱਠੀ ਕਰਨ ਵਿੱਚ ਹਜ਼ਾਰ ਕਿੱਸਮ ਦੀਆਂ ਔਕੜਾਂ ਆਉਂਦੀਆਂ ਹਨ ਪਰ ਇਹ ਦੋਵੇਂ 'ਪੱਠੇ' ਠੇਠ ਅਮਰੀਕਾ 'ਚੋਂ ਵੀ ਇੰਨਾ ਸਾਰਾ ਮਾਲ ਕੱਢ ਲਿਆਉਂਦੇ ਹਨ! ਮਾਮਲਾ ਸ਼ੀਸ਼ੇ ਦੀ ਤਰ੍ਹਾਂ ਸਾਫ਼ ਹੈ ਕਿ ਇਨ੍ਹਾਂ ਦੋਵਾਂ ਨੂੰ ਉਹ ਸਾਰੇ ਰਸਤੇ ਪਤਾ ਹਨ ਕਿ ਕਿੱਥੋਂ ਵੜ ਕੇ, ਕੀ-ਕੀ ਕਰਕੇ, ਕਿੰਨਾ ਮਾਲ ਬਣਾਇਆ ਜਾ ਸਕਦਾ ਹੈ ।

ਪੌਣੇ ਚਾਰ ਲੱਖ ਡਾਲਰ ਕੋਈ ਛੋਟੀ ਰਕਮ ਨਹੀਂ ਹੁੰਦੀ। ਸਾਡੇ ਦੇਸ਼ ਵਿੱਚ ਕਰੋੜਾਂ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਜੇਕਰ ਤੁਸੀ ਇੱਕ ਕਰੋੜ ਦੀ ਸੰਖਿਆ ਲਿਖਣ ਨੂੰ ਕਹੋਗੇ, ਤਾਂ ਉਨ੍ਹਾਂ ਨੂੰ ਬਹੁਤ ਮੁਸ਼ਕਿਲ ਆਵੇਗੀ। ਲਿਖਣ ਤੋਂ ਪਹਿਲਾਂ ਕਈ ਕਈ ਵਾਰ ਉਂਗਲੀਆਂ ਦੇ ਪੋਟਿਆਂ ਉੱਤੇ ਇਕਾਈ, ਦਹਾਈ, ਸੈਂਕੜਾ, ਹਜ਼ਾਰ ਦੀ ਗਿਣਤੀ ਕਰਨਗੇ। ਫਿਰ ਕਿਤੇ ਜਾ ਕੇ ਲਿਖ ਸਕਣਗੇ। ਇਸ ਸਵਾਲ ਦਾ ਜਵਾਬ ਤਾਂ ਤੁਸੀਂ ਅਤੇ ਅਸੀਂ ਵੀ ਇੱਕੋ ਪਲ ਵਿੱਚ ਸ਼ਾਇਦ ਹੀ ਦੇ ਸਕੀਏ ਕਿ ਇੱਕ ਕਰੋੜ ਵਿੱਚ ਕਿੰਨੇ ਸਿਫ਼ਰ ਲੱਗਦੇ ਹਨ? ਇਸ ਤੋਂ ਵੀ ਅੱਗੇ ਜਾ ਕੇ ਕੁੱਝ ਜ਼ਿਆਦਾ ਹੀ ਸੁਣਨਾ ਹੈ ਤਾਂ ਜਰਾ ਇਹ ਸੱਚ ਵੀ ਸੁਣ ਲਓ ਕਿ ਸਾਡੇ ਦੇਸ਼ ਦੀ ਕੁਲ ਇੱਕ ਸੌ ਪੰਝੀ ਕਰੋੜ ਜਨਤਾ ਵਿੱਚੋਂ ਇੱਕ ਸੌ ਚੌਵ੍ਹੀ ਕਰੋੜ ਪੰਜਾਹ ਲੱਖ ਤੋਂ ਵੀ ਜ਼ਿਆਦਾ ਲੋਕ ਅਜਿਹੇ ਹਨ, ਜਿਨ੍ਹਾਂ ਨੇ ਇਕੱਠੇ ਇੰਨ੍ਹੇ ਸਾਰੇ ਪੈਸੇ ਇਸ ਜਨਮ ਵਿੱਚ ਤਾਂ ਕਦੇ ਨਹੀ ਵੇਖੇ ਹੋਣਗੇ। ਪਰ ਕੇਜਰੀਵਾਲ ਅਤੇ ਸਿਸੋਦਿਆ ਇੰਨ੍ਹੇ ਸਾਰੇ ਪੈਸਿਆਂ ਦੇ ਮਾਲਿਕ ਹੋ ਕੇ ਤੇ ਰੇਲਵੇ ਸਟੇਸ਼ਨਾਂ ਦੇ ਪਲੇਟਫਾਰਮ ਉੱਤੇ ਸੌਂਅ ਕੇ ਵੀ ਤੁਹਾਡੇ ਅਤੇ ਸਾਡੇ ਵਰਗਿਆਂ ਦੇ ਮੁਕਾਬਲੇ ਵਿੱਚ ਖੜਾ ਹੋਣ ਦਾ ਸਵਾਂਗ ਰਚਕੇ ਸਾਰਿਆਂ ਨੂੰ ਸਹਿਜਤਾ ਨਾਲ ਸਥਿਰ ਕਰ ਲੈਂਦੇ ਹਨ। ਇਨ੍ਹਾਂ ਦੋਵਾਂ ਦੀ 'ਕਬੀਰ' ਨਾਮ ਦੀ ਇੱਕ ਸੰਸਥਾ ਹੈ। ਬਹੁਤ ਸਾਰੇ ਲੋਕ ਤਾਂ ਸ਼ਾਇਦ ਪਹਿਲੀ ਵਾਰ 'ਕਬੀਰ' ਦਾ ਨਾਮ ਵੀ ਸੁਣ ਰਹੇ ਹੋਣਗੇ। ਉਂਜ, ਕੁੱਝ ਦਿਨ ਪਹਿਲਾਂ ਤੱਕ 'ਕਬੀਰ' ਨੂੰ ਕੋਈ ਜਾਣਦਾ ਵੀ ਨਹੀਂ ਸੀ। ਕੇਜਰੀਵਾਲ ਅਤੇ ਸਿਸੋਦਿਆ ਦੀ ਇਹ 'ਕਬੀਰ' ਸਾਡੇ ਦੇਸ਼ ਦੇ ਭੁੱਖੇ ਨੰਗਿਆਂ ਦੇ ਕਲਿਆਣ ਦਾ 'ਸਵਾਂਗ' ਕਰਦੀ ਹੈ ਅਤੇ ਉਸਦੇ ਇਹ ਦੋਵੇਂ ਕਰਤਾ-ਧਰਤਾ ਅਮਰੀਕਾ ਵਲੋਂ ਸਹਾਇਤਾ ਲੈ ਆਉਂਦੇ ਹਨ। ਅਮਰੀਕਾ ਦੁਨੀਆ ਦਾ 'ਸੇਠ' ਹੈ ਅਤੇ ਏਨਾਂ ਤਾਂ ਤੁਸੀਂ ਵੀ ਸੱਮਝਦੇ ਹੀ ਹੋ ਕਿ ਹਰ ਕੋਈ ਗਰੀਬ ਉੱਤੇ ਤਰਸ ਖਾ ਕੇ ਉਸਦੀ ਸਹਾਇਤਾ ਕਰਦਾ ਹੈ, ਅਮੀਰ ਦੀ ਨਹੀਂ। ਇਸ ਤੋਂ ਸਮਝ ਜਾਓ ਕਿ ਸਿਸੋਦਿਆ ਅਤੇ ਕੇਜਰੀਵਾਲ ਸਾਡੇ ਮਹਾਨ ਭਾਰਤ ਦਾ ਕਿੰਨਵਾਂ ਚਿਹਰਾ ਅਮਰੀਕਾ ਦੇ ਸਾਹਮਣੇ ਪੇਸ਼ ਕਰਦੇ ਹੋਣਗੇ! ਫੋਰਡ ਫਾਉਂਡੇਸ਼ਨ ਦੇ ਭਾਰਤੀ ਪ੍ਰਤਿਨਿੱਧੀ ਸਟੀਵੇਨ ਸੋਲਨਿਕ ਨੇ ਵੀ ਕਿਹਾ ਹੈ ਕਿ ਸਿਸੋਦਿਆ ਅਤੇ ਕੇਜਰੀਵਾਲ ਦੇ ਐਨ ਜੀ ਓ 'ਕਬੀਰ' ਨੂੰ ਉਨ੍ਹਾਂ ਦੀ ਪਹਿਲੀ ਸਹਿਯੋਗ ਰਾਸ਼ੀ 2005 ਵਿੱਚ 1,72,000 ਡਾਲਰ ਦਿੱਤੀ ਗਈ ਸੀ। ਜਦੋਂ ਕਿ ਦੂਜੀ ਵਾਰ 2008 ਵਿੱਚ 1,97,000 ਡਾਲਰ ਦਿੱਤੇ ਗਏ। ਜਿਸਦੀ ਆਖਰੀ ਕਿਸਤ 2010 ਵਿੱਚ ਜਾਰੀ ਕੀਤੀ ਗਈ ਸੀ। ਆਪਣੇ 'ਕਬੀਰ' ਤਾਂ ਇੱਕ ਮਹਾਨ ਫਕੀਰ ਸਨ। ਪਰ ਇਧਰ ਇਹ ਹਨ! ਪੁੱਜੇ ਹੋਏ ਫਕੀਰ ਦੇ ਨਾਮ 'ਤੇ ਆਪਣੀ ਗਰੀਬੀ ਮਿਟਾਉਣ ਦਾ ਕਮਾਲ ਸਿਸੋਦਿਆ ਅਤੇ ਕੇਜਰੀਵਾਲ ਹੀ ਕਰ ਸਕਦੇ ਸਨ, ਅਤੇ ਕੀਤਾ ਵੀ ਖ਼ੂਬ।





ਇਹ ਉਹੀ ਅਮਰੀਕਾ ਹੈ ਜੋ ਸਾਡੇ ਦੇਸ਼ ਦੀਆਂ ਸੰਸਥਾਵਾਂ ਨੂੰ ਸਹਾਇਤਾ ਦਿੰਦਾ ਹੈ ਅਤੇ ਪਾਕਿਸਤਾਨ ਨੂੰ ਵੀ ਪੈਸੇ ਦੇ ਕੇ ਸਾਡੇ ਖ਼ਿਲਾਫ਼ ਜੰਗ ਲਈ ਰਹਿ-ਰਹਿ ਕੇ ਭੜਕਾਉਂਦਾ ਰਿਹਾ ਹੈ। ਇਸ ਅਮਰੀਕਾ ਦੀ ਆਰਥਕ ਸਹਾਇਤਾ ਲੈ ਕੇ ਪਾਕਿਸਤਾਨ ਸਾਡੇ ਬਹਾਦਰ ਅਤੇ ਦੇਸ ਭਗਤ ਸੈਨਿਕਾਂ ਨੂੰ ਅਕਸਰ ਗੋਲੀਆਂ ਦਾ ਨਿਸ਼ਾਨਾ ਵੀ ਬਣਾਉਂਦਾ ਰਿਹਾ ਹੈ। ਕੋਈ ਤੁਹਾਡੇ ਖ਼ਿਲਾਫ਼ ਹਮਲੇ ਕਰਨ ਲਈ ਤੁਹਾਡੇ ਦੁਸ਼ਮਣ ਨੂੰ ਗੋਲਾ ਬਾਰੂਦ ਮੁਹੱਈਆ ਕਰਾਵਾਏ ਅਤੇ ਦੂਜੇ ਪਾਸੇ ਤੁਹਾਨੂੰ ਵੀ ਰੋਟੀ ਦੇ ਦੋ ਟੁਕੜੇ 'ਪਾ' ਕੇ ਜਿੰਦਾ ਰੱਖਣ ਦੀ ਨੌਟੰਕੀ ਕਰਦਾ ਰਹੇ, ਅਜਿਹੇ ਕਿਸੇ ਵੀ ਦੋਗਲੇ ਸ਼ਖ਼ਸ ਵਲੋਂ ਤੁਸੀ ਕੋਈ ਸਹਾਇਤਾ ਲੈਉਗੇ? ਇਸਦੇ ਲਈ ਕਿਸੇ ਵੀ ਆਦਮੀ ਦਾ ਵੀ ਦਿਲ ਕਦੇ ਗਵਾਹੀ ਨਹੀਂ ਦੇਵੇਗਾ, ਇਹ ਤੁਸੀਂ ਵੀ ਜਾਣਦੇ ਹੋ। ਪਰ ਕੇਜਰੀਵਾਲ ਅਤੇ ਸਿਸੋਦਿਆ ਇਹ ਸਭ ਜਾਨਣ ਦੇ ਬਾਵਜੂਦ ਅਮਰੀਕਾ ਦੇ ਸਾਹਮਣੇ ਰੋਣੀ ਸੂਰਤ ਬਣਾ ਕੇ ਆਪਣੇ ਕਟੋਰੇ ਵਿੱਚ ਭੀਖ ਭਰ ਲੈ ਆਉਂਦੇ ਹਨ। ਇਹ ਮਾਣ ਕਰਨ ਵਾਲੀ ਗੱਲ ਹੈ ਜਾਂ ਸ਼ਰਮ 'ਚ ਡੁੱਬ ਮਰਨ ਵਾਲੀ? ਇਹ ਤੁਸੀਂ ਤੈਅ ਕਰੋ, ਅਤੇ ਜ਼ਰਾ ਇਸ ਸੱਚ ਨੂੰ ਵੀ ਜਾਣ ਲਓ । ਗਾਂਧੀ ਅਤੇ ਜੇਪੀ ਦੇ ਮੁਕਾਬਲੇ ਪਿਛਲੇ ਦਿਨੀਂ ਅਚਾਨਕ ਪਰ ਵਿਉਂਤਬੱਧ ਤਰੀਕੇ ਨਾਲ ਖੜੇ ਕਰ ਦਿੱਤੇ ਗਏ 'ਅੰਨਾ ਹਜ਼ਾਰੇ' ਦੀ ਤੇਰਾਂ ਦਿਨ ਦੀ ਭੁੱਖ ਹੜਤਾਲ ਦੇ ਸਹਾਰੇ ਅਚਾਨਕ ਚਮਤਕਾਰ ਦੀ ਤਰ੍ਹਾਂ ਪ੍ਰਗਟ ਹੋਏ ਇਨ੍ਹਾਂ ਦੋ ਸਿਤਾਰਿਆਂ ਦੀ ਚਮਕ 'ਅਮਰੀਕਾ' ਵਲੋਂ ਆਈ ਤਰਸ ਦੀ ਭੀਖ ਦਾ ਕਮਾਲ ਹੈ, ਇਹ ਕਿਸੇ ਨੂੰ ਪਤਾ ਨਹੀ ਸੀ! ਸਿਰਫ ਸਰਕਾਰ ਨੂੰ ਚੁਣੋਤੀ ਦਿੱਤੀ ਹੁੰਦੀ ਤਾਂ ਸੱਮਝ ਵਿੱਚ ਵੀ ਆਉਂਦਾ ਸੀ। ਪਰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਅਤੇ ਉਸਦੀ ਸਮੁੱਚੀ ਲੋਕੰਤਰੀ ਪਰਕ੍ਰਿਆ ਉੱਤੇ ਹੀ ਸਵਾਲ ਖੜਾ ਕਰ ਦੇਣ ਵਾਲੇ ਇਨ੍ਹਾਂ 'ਸਿਤਾਰਿਆ' ਦੀ ਸੱਚਾਈ ਜਿਵੇਂ-ਜਿਵੇਂ ਸਾਹਮਣੇ ਆ ਰਹੀ ਹੈ, ਦੇਸ਼ ਦੇ ਲੱਖਾਂ ਨੌਜਵਾਨਾਂ ਦਾ ਉਨ੍ਹਾਂ ਉੱਤੋਂ ਵਿਸ਼ਵਾਸ ਉੱਠਦਾ ਨਜ਼ਰ ਆ ਰਿਹਾ ਹੈ। ਇਸ ਵਿਸ਼ਵਾਸ ਭੰਗ ਦੀ ਦਸ਼ਾ ਦੀ ਸਭ ਤੋਂ ਵੱਡੀ ਅਸਲੀਅਤ ਇਹ ਹੈ ਕਿ ਭਾਰਤ ਵਿੱਚ ਘਰਾਂ ਚ, ਖ਼ੁਸਰੇ ਬਿਠਾਉਣ ਦੀ ਪਰੰਪਰਾ ਨਹੀਂ ਹੈ। ਖ਼ੁਸਰਿਆਂ ਦੀ ਸਭ ਤੋਂ ਵੱਡੀ ਕਮਜੋਰੀ ਇਹੀ ਹੁੰਦੀ ਹੈ ਕਿ ਉਹ ਉਧਾਰ ਦੀ ਤਾਕਤ ਉੱਤੇ ਆਪਣਾ ਤਾਮ-ਝਾਮ ਖੜਾ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਆਪਣੀ ਕੋਈ ਨਿੱਜੀ ਤਾਕਤ ਨਹੀਂ ਹੁੰਦੀ। ਕੇਜਰੀਵਾਲ ਅਤੇ ਸਿਸੋਦਿਆ ਦੀ ਜੇਬ ਵਿੱਚ ਪੈਸਾ ਵੀ ਅਮਰੀਕਾ ਦੀ ਉਧਾਰੀ ਦਾ ਅਤੇ ਅੰਦੋਲਨ ਵਿੱਚ ਅਗਵਾਈ ਕਰਨ ਲਈ 'ਮਾਤਾ' ਵੀ ਉਧਾਰ ਦੀ। ਸਾਡਾ ਇਹ ਕਹਿਣਾ ਕਿਸੇ ਨੂੰ ਬੁਰਾ ਲੱਗਾ ਹੋਵੇ ਤਾਂ ਮੁਆਫ਼ੀ ਪਰ ਬੁਰਾ ਲੱਗਣ ਤੋਂ ਪਹਿਲਾਂ ਬੇਨਤੀ ਇਹ ਵੀ ਹੈ ਕਿ ਇਨ੍ਹਾਂ ਦੋਵਾਂ 'ਮਦਾਰੀਆਂ' ਦੀ ਇਸ ਅਸਲੀਅਤ ਉੱਤੇ ਵੀ ਤੁਸੀਂ ਜ਼ਰਾ ਈਮਾਨਦਾਰੀ ਨਾਲ ਗੌਰ ਫਰਮਾਓ ਕਿ ਕੀ ਅੰਨਾ ਨੂੰ ਅੱਗੇ ਲਗਾ ਕੇ ਹੀ ਕੇਜਰੀਵਾਲ ਅਤੇ ਸਿਸੋਦਿਆ ਨੇ ਆਪਣੇ ਆਪ ਨੂੰ ਸਮੁੱਚੇ ਦੇਸ਼ ਵਿੱਚ ਹੀਰੋ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ? ਇਹ ਗੱਲ ਜਿਸ ਕਿਸੇ ਨੂੰ ਗਲਤ ਲੱਗੇ, ਉਹ ਜਰਾ ਇਸ ਤਰਕਪੂਰਨ ਸਚਾਈ ਅਤੇ ਕੌੜੇ ਸੱਚ ਉੱਤੇ ਵੀ ਜਰੂਰ ਧਿਆਨ ਦੇਣ ਕਿ ਅੰਨਾ ਦਾ ਅੰਦੋਲਨ ਨਹੀ ਹੁੰਦਾ, ਤਾਂ ਇਸ ਦੇਸ਼ ਵਿੱਚ ਕਿੰਨੇ ਲੋਕ ਸਨ, ਜੋ ਇਨ੍ਹਾਂ ਦੋਨਾਂ 'ਮਦਾਰੀਆਂ' ਨੂੰ ਜਾਣਦੇ ਸਨ? ਅਤੇ ਦਿਲ ਉੱਤੇ ਹੱਥ ਰੱਖਕੇ ਜ਼ਰਾ ਆਪਣੇ ਆਪ ਨੂੰ ਵੀ ਪੁੱਛ ਲਓ ਕਿ ਕੀ ਤੁਸੀਂ ਵੀ ਇਨ੍ਹਾਂ ਦੋਨਾਂ ਨੂੰ ਇੰਨਾ ਜ਼ਿਆਦਾ ਜਾਣਦੇ ਸੀ?



ਨਿਰੰਜਨ ਪਰਿਹਾਰ

(ਲੇਖਕ ਰਾਜਨੀਤਕ ਵਿਸ਼ਲੇਸ਼ਕ ਅਤੇ ਸੀਨੀਅਰ ਪੱਤਰਕਾਰ ਹਨ)

# ਸਦਾ ਗਤੀਮਾਨ ਰਹੇਗੀ ਗੁਰਸ਼ਰਨ ਸਿੰਘ ਦੀ ਊਰਜਾ



*ਡੂੰਘੀਆਂ ਸੋਚਾਂ ਵਿਚ ਪਿਆ ਪੰਜਾਬੀ ਰੰਗ ਮੰਚ ਦਾ ਇਹ ਮਹਾਂ ਨਾਇਕ ਸ. ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਸਰੀਰਕ ਤੌਰ 'ਤੇ ਅੱਜ ਸਾਡੇ ਵਿਚਕਾਰ ਨਹੀਂ। ਸ. ਗੁਰਸ਼ਰਨ ਸਿੰਘ ਦੀਆਂ ਇਨ੍ਹਾਂ ਸੋਚਾਂ ਵਿਚ ਇਕ ਜਲਜਲਾ ਸੀ ਜੋ ਵਹਿੰਦੇ ਦਰਿਆਵਾਂ ਦੇ ਰੁੱਖ ਮੋੜਨ ਵਾਂਗ ਸਮਾਜਕ ਤਬਦੀਲੀ ਦਾ ਵੀ ਜਾਮਨ ਸੀ। ਇਹ ਜਲਜਲਾ ਭਾਅ ਜੀ ਗੁਰਸ਼ਰਨ ਸਿੰਘ ਦੇ ਸੁਪਨਿਆਂ ਦਿਆਂ ਹਾਣੀਆਂ ਵਿਚ ਅੱਜ ਵੀ ਉਸਲਵੱਟੇ ਲੈ ਰਿਹਾ ਹੈ। ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 28 ਸਤੰਬਰ ਨੂੰ ਭਾਅ ਜੀ ਗੁਰਸ਼ਰਨ ਸਿੰਘ ਨੂੰ ਅੰਤਮ ਵਿਦਾਇਗੀ ਦਿਤੀ ਗਈ ਪਰ ਉਨ੍ਹਾਂ ਦੇ ਅਹਿਦ ਅਤੇ ਸੰਕਲਪ ਉਦੋਂ ਤਕ ਕਾਇਮ-ਦਾਇਮ ਰਹਿਣਗੇ ਜਦੋਂ ਤਕ ਇਸ ਗਲੇ ਸੜੇ ਨਿਜ਼ਾਮ ਨੂੰ ਜੜ੍ਹ ਤੋਂ ਨਹੀਂ ਉਖਾੜ ਦਿਤਾ ਜਾਂਦਾ। ਅਦਾਰਾ 'ਨਵੀਂ ਦੁਨੀਆ' ਭਾਅ ਜੀ ਗੁਰਸ਼ਰਨ ਸਿੰਘ ਦੀ ਮਹਾਨ ਘਾਲਣਾ ਨੂੰ ਨਤਮਸਤਕ ਹੁੰਦਾ ਹੋਇਆ, ਉਨ੍ਹਾਂ ਦੇ ਜੀਵਨ ਦੀਆਂ ਕੁਝ ਖਾਸ ਝਲਕੀਆਂ ਤਸਵੀਰਾਂ ਅਤੇ ਲਿਖਤ ਰਾਹੀਂ ਪੇਸ਼ ਕਰਨ ਦਾ ਮਾਣ ਹਾਸਲ ਕਰ ਰਿਹਾ ਹੈ। -ਸੰਪਾਦਕ*

## ਸ਼ੁਸੀਲ ਦੁਸਾਂਝ

ਸ. ਗੁਰਸ਼ਰਨ ਸਿੰਘ ਜਾਂ ਭਾਈ ਮੰਨਾ ਸਿੰਘ ਨੂੰ ਆਮ ਪੰਜਾਬੀ ਬੰਦਾ ਕਿਵੇਂ ਭੁੱਲ ਸਕਦੈ! ਆਮ ਬੰਦਾ ਜਿਹਦੀ ਜ਼ੁਬਾਨ ਨੂੰ ਬੋਲ ਬਖ਼ਸ਼ੇ ਭਾਈ ਮੰਨਾ ਸਿੰਘ ਨੇ ਅਤੇ ਇਨ੍ਹਾਂ ਬੋਲਾਂ ਨੂੰ ਨਿਜ਼ਾਮ ਬਦਲਣ ਦੇ ਹੋਕੇ ਵਿਚ ਤਬਦੀਲ ਕੀਤਾ ਭਾਅ ਜੀ ਗੁਰਸ਼ਰਨ ਸਿੰਘ ਨੇ। ਨੰਗਲ ਦੇ ਥੜੇ ਤੋਂ ਸ਼ੁਰੂ ਹੋ ਕੇ ਪਿੰਡਾਂ ਵਿਚ ਗੱਡੇ ਜੋੜਦਿਆਂ, ਸ਼ਹਿਰਾਂ ਦੇ ਚੌਕਾਂ ਵਿਚੋਂ ਗੁਜ਼ਰਦਾ ਹੋਇਆ ਗੁਰਸ਼ਰਨ ਸਿੰਘ ਦਾ ਇਹ ਨਾਟਕ ਚੰਡੀਗੜ੍ਹ ਦੇ ਮਟਕਾ ਚੌਂਕ 'ਚ ਹੀ ਨਹੀਂ ਸਗੋਂ ਟੈਗੋਰ ਥੀਏਟਰ ਤੋਂ ਹੁੰਦਾ ਹੋਇਆ ਸੰਸਾਰ ਦੇ ਬਿਹਤਰੀਨ ਹਾਲਾਂ ਵਿਚ ਜੇ ਪਹੁੰਚਿਆ ਤਾਂ ਇਹੀ ਪ੍ਰਮਾਣਤ ਹੁੰਦਾ ਹੈ ਕਿ ਪੰਜਾਬੀ ਰੰਗਮੰਚ ਦਾ ਅਰਥ ਹੀ ਸ. ਗੁਰਸ਼ਰਨ ਸਿੰਘ ਹੈ। ਜੇ ਅੱਜ ਪੰਜਾਬੀ ਨਾਟਕ ਦੀ ਕਦਰ ਹੈ ਤਾਂ ਇਹ ਸ. ਗੁਰਸ਼ਰਨ ਸਿੰਘ ਦੀ ਪਿਛਲੇ 55 ਸਾਲਾਂ ਤੋਂ ਵੀ ਜ਼ਿਆਦਾ ਘਾਲਣਾ ਦਾ ਹੀ ਨਤੀਜਾ ਹੈ।

ਇਹ ਅਗਸਤ 1967 ਦੀ ਗੱਲ ਹੈ, ਬਲਰਾਜ ਸਾਹਨੀ ਨੇ ਗੁਰਸ਼ਰਨ ਸਿੰਘ ਨੂੰ ਚਿੱਠੀ ਲਿਖੀ। ਲਿਖਿਆ - ''ਮੈਂ ਕਾਫੀ ਅਰਸੇ ਤੋਂ ਇਰਾਦਾ ਕਰ ਰਿਹਾ ਸਾਂ ਕਿ ਅਕਤੂਬਰ ਮਹੀਨਾ ਪੰਜਾਬ ਵਿਚ ਗੁਜ਼ਾਰਾਂ। ਹੁਣ ਮੈਨੂੰ ਮੁਹਲਤ ਕੱਢ ਸਕਣ ਦਾ ਨਿਸ਼ਚਾ ਹੋ ਗਿਆ ਹੈ, ਐਤਕੀਂ ਮੈਂ ਤੁਹਾਡੀ ਨਾਟ ਮੰਡਲੀ ਦਾ ਸਾਥੀ ਕਲਾਕਾਰ ਬਣਨਾ ਚਾਹੁੰਦਾ ਹਾਂ।'' ਇਹ ਅੱਜ ਤੋਂ 44 ਸਾਲ ਪਹਿਲਾਂ ਦੀ ਗੱਲ ਹੈ, ਜੇ ਲਗਭਗ ਅੱਧੀ ਸਦੀ ਪਹਿਲਾਂ ਵੀ ਭਾਅ ਜੀ ਗੁਰਸ਼ਰਨ ਸਿੰਘ ਦਾ ਇਹ ਮੁਕਾਮ ਸੀ ਕਿ ਭਾਰਤ ਦਾ ਸਭ ਤੋਂ ਬਿਹਤਰੀਨ ਫਿਲਮ ਅਦਾਕਾਰ ਉਨ੍ਹਾਂ ਦੀ ਨਾਟ ਮੰਡਲੀ ਦਾ ਹਿੱਸਾ ਬਣਨਾ ਲੋਚਦਾ ਸੀ ਤਾਂ ਅੱਜ ਜਦੋਂ ਸ. ਗੁਰਸ਼ਰਨ ਸਿੰਘ ਸਦਾ ਲਈ ਤੁਰ ਗਏ ਹਨ ਤਾਂ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਰੰਗਮੰਚ ਵਿਚ ਉਨ੍ਹਾਂ ਦਾ ਕੀ ਮੁਕਾਮ ਹੈ। ਆਪਣੇ ਹਮਖ਼ਿਆਲ ਅਦਾਕਾਰ ਨਾਲ ਮਿੱਤਰਤਾ ਕਿਵੇਂ ਨਿਭਾਈ ਦੀ ਹੈ, ਇਹ ਵੀ ਸ. ਗੁਰਸ਼ਰਨ ਸਿੰਘ ਤੋਂ ਹੀ ਸਿੱਖਣ ਦੀ ਜ਼ਰੂਰਤ ਹੈ। ਸਾਲ 1971 ਵਿਚ ਬਲਰਾਜ ਸਾਹਨੀ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਸਾਹਿਤਕਾਰ ਦਾ 5 ਹਜ਼ਾਰ ਰੁਪਏ ਦਾ ਐਵਾਰਡ ਮਿਲਿਆ। ਬਲਰਾਜ ਸਾਹਨੀ ਨੇ ਇਹ ਨਕਦ ਰਾਸ਼ੀ ਵਾਲੀ ਲਾਲ ਗੁੱਥੀ ਗੁਰਸ਼ਰਨ ਸਿੰਘ ਨੂੰ ਫੜਾ ਦਿਤੀ ਤੇ ਕਿਹਾ ਕਿ ਇਸ ਨੂੰ ਪੰਜਾਬੀ ਦੇ ਉਭਰਦੇ ਲੇਖਕਾਂ ਦੇ ਉਤਸ਼ਾਹ ਵਜੋਂ ਵਰਤ ਲਈਂ। ਭਾਅ ਜੀ ਨੇ ਜਦੋਂ ਗੁੱਥੀ ਖੋਲ੍ਹੀ ਤਾਂ ਉਸ ਵਿਚੋਂ 5700 ਰੁਪਏ ਨਿਕਲੇ। ਮੁੰਬਈ-ਚੰਡੀਗੜ੍ਹ ਦੇ ਹਵਾਈ ਸਫਰ ਦਾ ਕਰਾਇਆ ਵੀ ਸੀ ਸ਼ਾਇਦ ਉਸ ਵਿਚ। ਗੁਰਸ਼ਰਨ ਸਿੰਘ ਹਾਲੇ ਉਸ ਪੈਸੇ ਬਾਰੇ ਸੋਚ ਹੀ ਰਹੇ ਸਨ ਕਿ ਬਲਰਾਜ ਸਾਹਨੀ ਅਚਾਨਕ ਗੁਜ਼ਰ ਗਏ। ਭਾਅ ਜੀ ਨੇ ਇਸੇ ਪੈਸੇ ਨਾਲ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਅਰੰਭਿਆ ਤੇ ਸਸਤੇ ਭਾਅ 'ਤੇ ਅਵਤਾਰ ਪਾਸ਼, ਸੰਤ ਸੰਧੂ, ਵਰਿਆਮ ਸੰਧੂ, ਪ੍ਰੇਮ ਗੋਰਖੀ, ਸੁਖਵੰਤ ਕੌਰ ਮਾਨ ਅਤੇ ਸੰਤ ਰਾਮ ਉਦਾਸੀ ਤੋਂ ਲੈ ਕੇ ਹਰ ਨਵੇਂ ਪ੍ਰਗਤੀਸ਼ੀਲ ਵਿਚਾਰਾਂ ਵਾਲੇ ਅਣਸਰਦੇ ਲੇਖਕਾਂ ਦੀਆਂ ਕਿਤਾਬਾਂ ਛਾਪੀਆਂ। ਛਾਪੀਆਂ ਹੀ ਨਹੀਂ ਸਗੋਂ ਇਨ੍ਹਾਂ ਨੂੰ ਜਨ-ਜਨ ਤਕ ਪਹੁੰਚਾਉਣ ਲਈ ਵੀ ਆਪਣੇ ਨਾਟਕ ਨੂੰ ਇਕ ਮੰਚ ਦੇ ਤੌਰ 'ਤੇ ਵਰਤਿਆ ਤੇ ਪਿੰਡ-ਪਿੰਡ ਨਾਟਕ ਦੇ ਨਾਲ ਨਾਲ ਕਿਤਾਬ ਵੀ ਪਹੁੰਚਦੀ ਕੀਤੀ।

ਪੰਜਾਬੀ ਰੰਗ ਮੰਚ ਦੇ ਇਸ ਮਹਾਨਾਇਕ ਨੂੰ ਇਕ ਵਾਰੀ ਮੈਂ ਤੇ ਅਵਤਾਰ ਜੰਡਿਆਲਵੀ ਨੇ ਪੁੱਛਿਆ- ''ਲੰਡਨ ਵਿਚ ਇਕ ਨਾਟਕ ਪਿਛਲੇ 58 ਸਾਲਾਂ ਤੋਂ ਚੱਲ ਰਿਹਾ ਹੈ। ਤਿੰਨ ਪੀੜ੍ਹੀਆਂ ਨੇ ਇਹ ਨਾਟਕ ਦੇਖਿਆ ਹੈ। ਕੀ ਕਦੇ ਸਾਡਾ ਨਾਟਕ ਵੀ ਐਨਾ ਹਰਮਨ ਪਿਆਰਾ ਹੋ ਸਕੇਗਾ?'' ਕਹਿਣ ਲੱਗੇ -''ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਪੰਜਾਬ ਵਿਚ ਨਾਟਕ ਹਰਮਨ ਪਿਆਰਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿਆਲਾਂ ਦੀਆਂ ਠੰਢੀਆਂ ਰਾਤਾਂ ਵਿਚ ਲੋਕ ਕੰਬਲਾਂ ਦੀਆਂ ਬੁੱਕਲਾਂ ਮਾਰਕੇ ਨਾਟਕ ਦੇਖਦੇ ਹਨ। ਪੰਜਾਬ ਵਿਚ ਅਜੇ ਕੋਈ ਮਹਾਂਨਗਰ ਨਹੀਂ, ਇਸ ਕਰ ਕੇ ਲੰਡਨ ਵਰਗੇ ਮਹਾਂਨਗਰਾਂ ਦੀਆਂ ਇਥੇ ਮਿਸਾਲਾਂ ਨਹੀਂ ਦਿਤੀਆਂ ਜਾ ਸਕਦੀਆਂ।'' ਦਰਅਸਲ ਸ. ਗੁਰਸ਼ਰਨ ਸਿੰਘ ਇਹ ਚੰਗੀ ਤਰ੍ਹਾਂ ਜਾਣਦੇ ਸਮਝਦੇ ਸਨ ਕਿ ਰੰਗਮੰਚ ਸੰਸਾਰ ਦੇ ਹਰ ਖਿੱਤੇ ਵਿਚ ਉਥੋਂ ਦੇ ਸਿਆਸੀ, ਆਰਥਕ ਅਤੇ ਸਮਾਜਕ ਹਾਲਾਤ ਮੁਤਾਬਕ ਹੀ ਦਖ਼ਲ ਦਿੰਦਾ ਹੈ। ਲੰਡਨ ਵਰਗੇ ਮਹਾਂਨਗਰ ਵਿਚ ਲੋਕ ਮਨੋਰੰਜਨ ਲਈ ਨਾਟਕ ਕੋਲ ਖੁਦ ਪਹੁੰਚ ਕਰਦੇ ਹਨ ਜਦਕਿ ਪੰਜਾਬ ਵਿਚ ਗੁਰਸ਼ਰਨ ਸਿੰਘ ਦੀ ਅਗਵਾਈ ਵਿਚ ਨਾਟਕ ਖੁਦ ਲੋਕਾਂ ਕੋਲ ਪਹੁੰਚਿਆ ਹੈ, ਉਨ੍ਹਾਂ ਦੀਆਂ ਸੱਥਾਂ 'ਚ, ਵਿਹੜਿਆਂ 'ਚ। ਇਹ ਹੀ ਗੁਰਸ਼ਰਨ ਸਿੰਘ ਦੀ ਮਹਾਨ ਹਾਸਲੀਅਤ ਹੈ ਕਿ ਉਨ੍ਹਾਂ ਨੇ ਨਾਟਕ ਨੂੰ ਲੋਕ ਸ਼ੈਲੀ 'ਚ ਲੋਕਾਂ ਦੀ ਕਚਹਿਰੀ ਵਿਚ ਰੱਖਿਆ ਹੀ ਨਹੀਂ ਸਗੋਂ ਲੋਕ ਜੀਵਨ ਵਿਚ ਆਪਣੇ ਨਾਟਕ ਰਾਹੀਂ ਸਾਰਥਕ ਦਖ਼ਲ ਵੀ ਦਿਤਾ ਹੈ। ਇਹ ਸਿਰਫ ਤੇ ਸਿਰਫ ਗੁਰਸ਼ਰਨ ਸਿੰਘ ਦਾ ਨਾਟਕ ਹੀ ਹੈ ਜੋ ਜ਼ਿੰਦਗੀ ਦੇ ਅਸਲ ਤੱਤ ਨੂੰ ਜਿਊਣ-ਜੋਗਿਆਂ ਨਾਲ ਵਿਚਾਰਦਾ ਹੈ ਤੇ ਕੇਵਲ ਵਿਚਾਰਦਾ ਹੀ ਨਹੀਂ ਸਗੋਂ ਜ਼ਿੰਦਗੀ ਨੂੰ ਸੰਵਾਰਨ ਵਿਚ ਅਹਿਮ ਭੂਮਿਕਾ ਵੀ ਨਿਭਾਉਂਦਾ ਹੈ।

ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਕਹਿੰਦੇ ਹਨ-'' ਗੁਰਸ਼ਰਨ ਸਿੰਘ ਨੇ ਅਜਿਹਾ ਇਤਿਹਾਸ ਸਿਰਜਿਆ ਹੈ, ਜੋ ਕਈ ਸੰਸਥਾਵਾਂ ਰਲ ਕੇ ਵੀ ਨਹੀਂ ਸਿਰਜ ਸਕੀਆਂ।'' ਗੁਰਸ਼ਰਨ ਸਿੰਘ ਦੇ ਸਮਕਾਲੀ ਅਤੇ ਪੇਂਡੂ ਰੰਗਮੰਚ ਨੂੰ ਹੀ ਸਮਰਪਤ ਅਜਮੇਰ ਔਲਖ ਕਹਿੰਦੇ ਹਨ - ''ਪੰਜਾਬ ਦੇ ਪਿੰਡਾਂ ਵਿਚ ਜਿਸ ਭਰਵੇਂ ਰੂਪ ਅਤੇ ਗਤੀਸ਼ੀਲਤਾ ਨਾਲ ਗੁਰਸ਼ਰਨ ਸਿੰਘ ਨੇ ਰੰਗਮੰਚ ਕੀਤਾ ਹੈ ਉਸ ਦੀ ਮਿਸਾਲ ਪੰਜਾਬੀ ਰੰਗਮੰਚ ਤਾਂ ਕੀ ਸਮੁੱਚੇ ਰੰਗਮੰਚ ਜਗਤ ਵਿਚ ਹੀ ਮਿਲਣੀ ਅਸੰਭਵ ਹੈ।'' ਸਵਾਲ ਇਹੀ ਹੈ ਕਿ ਭਾਅ ਜੀ ਗੁਰਸ਼ਰਨ ਸਿੰਘ ਦਾ ਰੰਗਮੰਚ ਇਸ ਮਹਾਨ ਮੁਕਾਮ 'ਤੇ ਪਹੁੰਚਿਆ ਕਿਵੇਂ? ਇਹ ਵਾਚਣ ਲਈ ਉਨ੍ਹਾਂ ਦੀ ਪ੍ਰਤੀਬੱਧਤਾ ਅਤੇ ਕਾਰਜਸ਼ੈਲੀ ਦੇ ਆਰ ਪਾਰ ਝਾਕਣਾ ਪਵੇਗਾ। ਪ੍ਰਤੀਬੱਧਤਾ ਦੇ ਮਾਮਲੇ ਵਿਚ ਦੁਬਿਧਾ ਨਾਂ ਕੀ ਕੋਈ ਚੀਜ਼ ਕਦੇ ਭਾਅ ਜੀ ਦੇ ਰਾਹ 'ਚ ਆਈ ਹੀ ਨਹੀਂ। ਉਨ੍ਹਾਂ ਦਾ ਇਕ ਸਤਰੀ ਪ੍ਰੋਗਰਾਮ ਰਿਹਾ ਹੈ, ਉਹ ਇਹ ਕਿ ਆਪਣੇ ਨਾਟਕ ਨੂੰ ਆਵਾਮ ਦੀ ਤਕਦੀਰ ਬਦਲਣ ਦੇ ਹਥਿਆਰ ਦੇ ਤੌਰ 'ਤੇ ਵਰਤਣਾ ਹੈ। ਜਿਹੜਾ ਸਮਾਜ ਆਮ ਬੰਦੇ ਦੇ ਰਹਿਣ ਦੇ ਕਾਬਲ ਹੀ ਨਹੀਂ ਉਸ ਸਮਾਜ ਨੂੰ ਸੁਧਾਰਨਾ ਨਹੀਂ ਹੈ, ਬਦਲਨਾ ਹੈ ਤੇ ਨਾਟਕ



9 ਸਾਲ ਦੇ ਗੁਰਸ਼ਰਨ ਸਿੰਘ ਅੰਮ੍ਰਿਤਸਰ 'ਚ ਬੰਟੇ ਖੇਡਦਿਆਂ -1938

ਇਸ ਸਮਾਜ ਨੂੰ ਬਦਲਣ ਵਿਚ ਮੋਹਰੀ ਭੂਮਿਕਾ ਨਿਭਾਵੇ, ਗੁਰਸ਼ਰਨ ਸਿੰਘ ਦਾ ਇਹੀ ਏਜੰਡਾ ਰਿਹਾ ਹੈ। ਗੁਰਸ਼ਰਨ ਸਿੰਘ ਦੀ ਜਿਹੜੀ ਨਾਟ ਸ਼ੈਲੀ ਹੈ, ਉਹ ਸਰਲ, ਲੋਕ ਜ਼ੁਬਾਨ ਤੇ ਲੋਕ ਲਹਿਜ਼ੇ ਵਾਲੀ ਹੈ। ਇਹੀ ਉਹਦੀ ਆਮ ਗੱਲਬਾਤ ਦੀ ਸ਼ੈਲੀ ਵੀ ਰਹੀ ਹੈ। ਜਦੋਂ ਇਕ ਵਾਰ ਅਸੀਂ ਉਨ੍ਹਾਂ ਨੂੰ ਪੁੱਛਿਆ-''ਤੁਹਾਨੂੰ ਲੋਕਾਂ ਨੇ ਬੇਇੰਤਹਾ ਪਿਆਰ ਦਿਤਾ ਹੈ ਜੇ ਤੁਸੀਂ ਆਪਣੇ ਇਨ੍ਹਾਂ ਲੋਕਾਂ ਤੋਂ ਕੁਝ ਮੰਗਣਾ ਹੋਵੇ ਤਾਂ ਕੀ ਮੰਗੋਂਗੇ?'' ਕਹਿਣ ਲੱਗੇ-''ਮੈਂ ਆਪਣੇ ਲੋਕਾਂ ਨੂੰ ਇਹੀ ਗੱਲ ਕਹਿਣੀ ਹੈ ਕਿ ਮੇਰੇ ਲੋਕੋ! ਮੈਨੂੰ ਕੁੱਝ ਨਹੀਂ ਚਾਹੀਦਾ, ਬੱਸ ਮੇਰੀ ਇਹੀ ਇੱਛਾ ਹੈ ਕਿ ਤੁਸੀਂ ਇਰਾਦਾ ਬਣਾਉ, ਇਰਾਦਾ। ਇਰਾਦਾ ਇਹ ਬਣਾਉ ਕਿ ਇਸ ਗਲੇ ਸੜੇ ਨਿਜ਼ਾਮ ਨੂੰ ਇਕ ਸਿਰੇ ਤੋਂ ਖ਼ਤਮ ਕਰਨਾ ਹੈ, ਖ਼ਤਮ ਕਰਨਾ ਹੈ, ਖਤਮ ਕਰਨਾ ਹੈ ਤੇ ਬੱਸ ਖਤਮ ਕਰਨਾ ਹੈ।'' ਸ. ਗੁਰਸ਼ਰਨ ਸਿੰਘ ਦੇ ਸਾਰੇ ਜੀਵਨ ਦਾ ਫਲਸਫਾ ਇਹੀ ਰਿਹਾ, ਇਸ ਨਿਜ਼ਾਮ ਨੂੰ ਬਦਲਲਾ, ਜਿਹੜਾ ਨਿਜ਼ਾਮ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਉਤੇ ਅਧਾਰਤ ਹੈ, ਜਿਹੜਾ ਨਿਜ਼ਾਮ ਸਭਨਾਂ ਨੂੰ ਬਰਾਬਰ ਮੌਕੇ ਨਹੀਂ ਦਿੰਦਾ, ਜਿਹੜਾ ਨਿਜ਼ਾਮ ਅੱਧੇ ਸੰਸਾਰ ਭਾਵ ਔਰਤ ਨੂੰ ਮਨੁੱਖ ਹੀ ਨਹੀਂ ਸਮਝਦਾ ਅਤੇ ਜਿਹੜਾ ਨਿਜ਼ਾਮ ਮਹੁੱਬਤਾਂ ਦੀ ਕਬਰ 'ਤੇ ਨਫ਼ਰਤ ਦੇ ਜਸ਼ਨ ਮਨਾਉਂਦਾ ਹੈ। ਇਸੇ ਨਿਜ਼ਾਮ ਨੂੰ ਬਦਲਣ ਦਾ ਹੋਕਾ ਸ. ਗੁਰਸ਼ਰਨ ਸਿੰਘ ਦੇ ਸਮੁੱਚੇ ਨਾਟਕਾਂ ਦਾ ਕੇਂਦਰੀ ਧੁਰਾ ਹੈ।

ਇਹ ਗੁਰਸ਼ਰਨ ਸਿੰਘ ਦੀ ਹੀ ਆਵਾਜ਼ ਹੈ ਜਿਹੜੀ ਅੱਜ ਹਰ ਉਸ ਬੰਦੇ ਵਿਚੋਂ ਬੋਲਦੀ ਹੈ, ਜਿਹੜਾ ਇਸ ਅਸਾਵੇਂ ਸਿਆਸੀ, ਸਮਾਜਕ ਅਤੇ ਆਰਥਕ ਨਿਜ਼ਾਮ ਦਾ ਸਤਾਇਆ ਹੋਇਆ ਹੈ। ਇਹ ਆਵਾਜ਼ ਹੀ ਕਰਤਾਰ ਸਿੰਘ ਦੁੱਗਲ ਦੇ 'ਦੀਵਾ ਬੁੱਝ ਗਿਆ' ਨਾਟਕ ਵਿਚ ਗੂੰਜਦੀ ਹੈ, ਜਿਹੜਾ ਗੁਰਸ਼ਰਨ ਸਿੰਘ ਨੇ ਨੰਗਲ 'ਚ 1958 ਵਿਚ ਖੇਡਿਆ ਸੀ। ਇਸੇ ਆਵਾਜ਼ ਨੇ ਹੋਰ ਹੋਰ ਤਿੱਖੀ ਸੁਰ ਫੜੀ ਭਾਅ ਜੀ ਦੇ 200 ਦੇ ਕਰੀਬ ਨਾਟਕਾਂ ਵਿਚ। ਇਹ ਨਾਟਕ ਭਾਵੇਂ 'ਧਮਕ ਨਿਗਾਰੇ ਦੀ- ਸੀਸ ਤਲੀ 'ਤੇ - ਕਿਵ ਕੂੜੇ ਤੁਟੈ ਪਾਲ -ਟੁੰਡਾ ਹੌਲਦਾਰ - ਹਿਟ ਲਿਸਟ - ਨਵਾਂ ਜਨਮ - ਤਖ਼ਤ ਲਾਹੌਰ - ਬਾਬਾ ਬੋਲਦਾ ਹੈ' ਹੋਣ ਜਾਂ ਫਿਰ ''ਇਕ ਕੁਰਸੀ ਇਕ ਮੋਰਚਾ'' 'ਤੇ 'ਬੇਗਮੋ ਦੀ ਧੀ' ਹੋਣ। ਪੰਜਾਬੀ ਰੰਗਮੰਚ ਨੂੰ ਆਪਣੀ ਨਿਵੇਕਲੀ ਲੋਕ ਸ਼ੈਲੀ ਵਿਚ ਪੇਸ਼ ਕਰਨ ਵਾਲੇ ਗੁਰਸ਼ਰਨ ਸਿੰਘ ਦਾ ਭਾਸ਼ਣ ਵੀ ਨਾਟ ਅੰਦਾਜ਼ ਵਿਚ ਹੀ ਹੁੰਦਾ ਸੀ, ਇਸੇ ਲਈ ਦਰਸ਼ਕ ਜਿਥੇ ਨੀਝ ਨਾਲ ਉਨ੍ਹਾਂ ਦਾ ਨਾਟਕ ਦੇਖਦੇ, ਉਸ ਤੋਂ ਵੀ ਵਧੇਰੇ ਦਿਲਚਸਪੀ ਅਤੇ ਜੁੜ ਕੇ ਉਨ੍ਹਾਂ ਦਾ ਭਾਸ਼ਣ ਮਾਣਦੇ ਸਨ।

ਸਮਾਜਕ ਬਰਾਬਰੀ ਦੀ ਲੜਾਈ ਸ. ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਕੇਂਦਰੀ ਧੁਰਾ ਰਹੀ ਤੇ ਸ਼ਾਇਦ ਹੀ ਪੰਜਾਬੀ ਦਾ ਕੋਈ ਨਿਰਦੇਸ਼ਕ/ਕਲਾਕਾਰ ਹੋਵੇ ਜਿਸ ਨੇ ਕਦੇ ਸ. ਗੁਰਸ਼ਰਨ ਸਿੰਘ ਦੀ ਅਗਵਾਈ ਵਿਚ ਕੰਮ ਨਾ ਕੀਤਾ ਹੋਵੇ।ਸ. ਗੁਰਸ਼ਰਨ ਸਿੰਘ ਸਮਾਜਕ ਬਰਾਬਰੀ ਦੀ ਲੜਾਈ ਦਾ ਕਾਰਜ ਆਪਣੇ ਨਾਟਕਾਂ ਨੂੰ ਹਥਿਆਰ ਬਣਾ ਕੇ ਕਰਦੇ ਰਹੇ। ਉਨ੍ਹਾਂ ਦੀ ਪੰਜਾਬੀ ਰੰਗਮੰਚ ਨੂੰ ਦਿੱਤੀ ਗਈ ਨਿਵੇਕਲੀ ਦਿਸ਼ਾ ਕਾਰਣ ਹੀ ਭਾਰਤੀ ਸੰਗੀਤ ਨਾਟਕ ਅਕਾਦਮੀ ਅਤੇ ਕਾਲੀਦਾਸ ਵਰਗੇ ਵੱਕਾਰੀ ਸਨਮਾਨਾਂ ਸਮੇਤ ਸੈਂਕੜੇ ਸਨਮਾਨ ਉਨ੍ਹਾਂ ਦੀ ਝੋਲੀ ਪਏ ।

ਮਹੀਨਾ ਕੁ ਪਹਿਲਾਂ ਜਦੋਂ ਮੈਂ ਭਾਅ ਜੀ ਨੂੰ ਮਿਲਣ ਗਿਆ ਤਾਂ ਉਹ ਬਿਮਾਰ ਅਵਸਥਾ ਵਿਚ ਵੀ ਆਪਣੇ ਸਮਾਜੀ ਅਤੇ ਸਿਆਸੀ ਸਰੋਕਾਰ ਬਿਆਨ ਕਰ ਰਹੇ ਸਨ। ਉਨ੍ਹਾਂ ਜਿਹੜੇ ਫਿਕਰ ਸਾਂਝੇ ਕੀਤੇ; ਉਹ ਹਰ ਸੋਚਵਾਨ ਬੰਦੇ ਦੇ ਫਿਕਰ ਹੋਣੇ ਚਾਹੀਦੇ ਹਨ ਪਰ ਅਜਿਹਾ ਕਿਉਂ ਨਹੀਂ ਹੈ। ਬੱਸ ਇਹ ਹੀ ਸਵਾਲ ਸ. ਗੁਰਸ਼ਰਨ ਸਿੰਘ ਨੂੰ ਬੇਹੱਦ ਬੇਚੈਨ ਕਰ ਰਿਹਾ ਸੀ। ਉਨ੍ਹਾਂ ਲਈ ਸਭ ਤੋਂ ਪਹਿਲਾ ਫਿਕਰ ਸਮਾਜਕ ਅਸਾਵਾਂਪਨ ਸੀ। ਸਮਾਜਕ ਨਾ-ਬਰਾਬਰੀ ਤੋਂ ਉਹ ਬੇਹੱਦ ਦੁਖੀ ਸਨ; ਇਸੇ ਲਈ ਉਨ੍ਹਾਂ ਦਾ ਹਰ ਨਾਟਕ ਸਮਾਜਕ ਬਰਾਬਰੀ ਦੀ ਲੜਾਈ ਨੂੰ ਲੋਕ-ਯੁੱਧ ਵਿਚ ਤਬਦੀਲ ਹੋਇਆ ਦੇਖਣਾ ਚਾਹੁੰਦਾ ਹੈ। ਇਹ ਉਨ੍ਹਾਂ ਦਾ ਸੋਚਿਆ-ਸਮਝਿਆ ਅਤੇ ਸੁਚੇਤ ਫੈਸਲਾ ਸੀ ਕਿ ਉਹ ਆਪਣੇ ਹਰ ਨਾਟਕ ਰਾਹੀਂ ਸਭਨਾਂ ਲਈ ਅੱਗੇ ਵਧਣ ਦੇ 'ਇਕ ਸਾਰ ਮੌਕੇ ਹੋਣ' ਦਾ ਹੋਕਾ ਹੀ ਨਹੀਂ ਦੇਣਗੇ ਸਗੋਂ ਲੋਕ-ਲਾਮਬੰਦੀ ਲਈ ਇਕ ਪੁਲ ਮੁੱਹਈਆ ਕਰਵਾਉਣ ਦਾ ਕੰਮ ਵੀ ਕਰਨਗੇ ਤੇ ਉਹਨਾਂ ਇਹ ਕੰਮ ਬਾਖ਼ੂਬੀ ਕੀਤਾ ਵੀ। ਹਨ। ਹੁਣ ਇਹ ਕਿਸੇ ਨੂੰ ਵੀ ਲੱਗ ਸਕਦਾ ਹੈ ਕਿ ਇਸ ਕਿਸਮ ਦੇ ਨਾਟਕਾਂ ਰਾਹੀਂ ਉਹ ਨਾਅਰੇਬਾਜ਼ੀ ਹੀ ਕਰ ਰਹੇ ਹੁੰਦੇ ਸਨ ਅਤੇ ਨਾਅਰੇਬਾਜ਼ੀ ਤਾਂ ਕੋਈ ਕਲਾ ਨਹੀਂ ਪਰ ਭਾਅ ਜੀ ਗੁਰਸ਼ਰਨ ਸਿੰਘ ਕਹਿੰਦੇ ਸਨ,- ''ਮੇਰਾ ਥੀਏਟਰੀ ਗੁਣਾਂ ਬਾਰੇ ਕੋਈ ਦਾਅਵਾ ਨਹੀਂ ਪਰ ਮੈਂ ਰੂਰਲ (ਪੇਂਡੂ) ਥੀਏਟਰ ਵਿਚ ਇਕ ਨਵਾਂ



ਭਾਅ ਜੀ ਗੁਰਸ਼ਰਨ ਸਿੰਘ ਆਪਣੇ ਪਰਮ ਮਿੱਤਰ ਬਲਰਾਜ ਸਾਹਨੀ ਅਤੇ ਕੁਝ ਹੋਰ ਦੋਸਤਾਂ ਨਾਲ - 1962







ਇਉਂ ਬੋਲਦਾ ਰਿਹੈ ਬਾਬਾ- ਭਾਅ ਜੀ ਗੁਰਸ਼ਰਨ ਸਿੰਘ ਜੀ ਦੇ ਤਿੰਨ ਨਾਟ ਅੰਦਾਜ਼।

ਈਡੀਅਮ ਲਭਿਆ ਏ... ਇਹ 'ਥੜ੍ਹੇ' ਦਾ ਈਡੀਅਮ ਏ, ਆਵਾਮੀ ਰੰਗਮੰਚ ਦਾ ਈਡੀਅਮ ਏ....।'' ਸੋ ਸਾਫ ਹੈ ਕਿ ਗੁਰਸ਼ਰਨ ਸਿੰਘ ਦੀ ਪ੍ਰਤੀਬੱਧਤਾ ਆਪਣੇ ਲੋਕਾਂ ਦੀ ਹੋਣੀ ਬਦਲਣ ਨਾਲ ਰਹੀ।

ਇਹ ਸ. ਗੁਰਸ਼ਰਨ ਸਿੰਘ ਹੀ ਸਨ ਜੋ ਆਪਣੀ ਉਮਰ ਦੇ ਆਖ਼ਰੀ ਪੜਾਅ 'ਤੇ ਵੀ ਸਾਲ ਦੇ 365 ਦਿਨਾਂ ਵਿਚੋਂ 280 ਰਾਤਾਂ ਪੰਜਾਬ ਦੇ ਪਿੰਡਾਂ ਵਿਚ ਲੋਕਾਂ ਨੂੰ ਆਪਣੇ ਨਾਟਕਾਂ ਰਾਹੀਂ ਸੰਬੋਧਨ ਹੁੰਦੇ ਰਹੇ। ਹੈ ਕੋਈ ਮੁਕਾਬਲਾ? ਇਕ ਇਕੱਲਾ ਬੰਦਾ ਸਮਾਜਕ ਤਬਦੀਲੀ ਦੀ ਲੜਾਈ ਆਪਣੇ ਢੰਗ ਨਾਲ ਲੜ ਰਿਹਾ ਸੀ । ਭਾਵੇਂ ਸਮਾਜਕ ਬਰਾਬਰੀ ਦੀ ਲੜਾਈ ਵਿਚ ਹੀ ਉਨ੍ਹਾਂ ਦੇ ਬਾਕੀ ਫਿਕਰ ਵੀ ਸ਼ਾਮਲ ਸਨ ਪਰ ਔਰਤਾਂ 'ਤੇ ਲਗਾਤਾਰ ਵੱਧ ਰਿਹਾ ਜਬਰ ਉਨ੍ਹਾਂ ਨੂੰ ਖਾਸਾ ਪ੍ਰੇਸ਼ਾਨ ਕਰਦਾ ਰਿਹਾ। ਇਸ ਵਿਰੁੱਧ ਉਹ ਲਗਾਤਾਰ ਨਾਟਕ ਲਿਖਦੇ/ਖੇਡਦੇ ਹੀ ਨਹੀਂ ਸਗੋਂ ਆਪਣੇ ਭਾਸ਼ਣਾਂ ਵਿਚ ਵੀ ਤਿੱਖੀ ਸੁਰ 'ਚ ਬੋਲਦੇ ਸਨ। ਪੰਜਾਬੀਆਂ ਦੀ ਗੱਲ-ਗੱਲ 'ਚ ਮਾਵਾਂ-ਧੀਆਂ-ਭੈਣਾਂ ਦੀਆਂ ਗਾਲਾਂ ਕੱਢਣ ਦੀ ਆਦਤ ਤੋਂ ਵੀ ਉਹ ਡਾਹਢੇ ਦੁਖੀ ਸਨ। ਇਸੇ ਪੀੜਾ ਵਿਚੋਂ ਉਹ ਅਕਸਰ ਹੀ ਔਰਤਾਂ ਨੂੰ ਇਹ ਹੋਕਾ ਤੱਕ ਵੀ ਦੇ ਦਿੰਦੇ ਰਹੇ ਕਿ ਜਿਹੜੇ ਮਰਦ ਗਾਲਾਂ ਕੱਢਣ ਤੋਂ ਬਾਜ਼ ਨਹੀਂ ਆਉਂਦੇ, ਉਨ੍ਹਾਂ ਨੂੰ ਰੋਟੀ ਦੇਣੀ ਬੰਦ ਕਰ ਦਿਓ। ਔਰਤਾਂ ਨੂੰ ਮਾਣ-ਸਨਮਾਣ ਦਿਵਾਉਣ ਦਾ ਉਹਨਾਂ ਦਾ ਇਕ ਇਤਹਾਸਕ ਕਾਰਜ ਯਾਦ ਆਉਂਦਾ ਹੈ।

ਪਿਛਲੇ 15 ਕੁ ਸਾਲਾਂ ਤੋਂ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਜਾਰੀ ਕੀਤੇ ਜਾਂਦੇ ਸਰਟੀਫਿਕੇਟਾਂ ਵਿਚ ਬੱਚੇ ਦੇ ਪਿਤਾ ਦੇ ਨਾਂਅ ਦੇ ਨਾਲ-ਨਾਲ ਮਾਤਾ ਦਾ ਨਾਂਅ ਵੀ ਲਿਖਿਆ ਜਾਂਦੈ। ਇਹ ਇਕ ਇਕੱਲੇ-ਕਾਰੇ ਬੰਦੇ ਗੁਰਸ਼ਰਨ ਸਿੰਘ ਵਲੋਂ ਲਗਾਤਾਰ ਉਠਾਈ ਗਈ ਆਵਾਜ਼ ਦੀ ਜਿੱਤ ਹੈ। ਸਾਲਾਂ ਤੋਂ ਸ. ਗੁਰਸ਼ਰਨ ਸਿੰਘ ਇਹ ਆਵਾਜ਼ ਉਠਾਉਂਦੇ ਰਹੇ ਸਨ ਕਿ ਸਰਟੀਫਿਕੇਟਾਂ ਵਿਚ ਬਚਿਆਂ ਦੇ ਨਾਵਾਂ ਅੱਗੇ ਸਿਰਫ ਪਿਤਾ ਦਾ ਹੀ ਨਾਂਅ ਕਿਉਂ ਲਿਖਿਆ ਜਾਂਦਾ ਹੈ, ਜੰਮਣ ਪੀੜਾ ਸਹਿਣ ਵਾਲੀ ਅਤੇ ਬਾਅਦ ਵਿਚ ਪਾਲਣ-ਪੋਸ਼ਣ ਦੀ ਮੁਖ ਜ਼ਿੰਮੇਵਾਰੀ ਨਿਭਾਉਣ ਵਾਲੀ ਮਾਂ ਦਾ ਨਾਂਅ ਕਿਉਂ ਨਹੀਂ ਲਿਖਿਆ ਜਾਂਦਾ। ਕੋਈ 15 ਕੁ ਸਾਲ ਪਹਿਲਾਂ ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ ਦੇ ਵਿਹੜੇ 'ਚ ਹੋਏ ਇਕ ਸਮਾਗਮ ਦੌਰਾਨ ਉਸ ਵੇਲੇ ਦੇ ਬੋਰਡ ਦੇ ਚੇਅਰਮੈਨ ਦੀ ਹਾਜ਼ਰੀ ਵਿਚ ਸ. ਗੁਰਸ਼ਰਨ ਸਿੰਘ ਨੇ ਇਹੀ ਗੱਲ ਬਹੁਤ ਹੀ ਜ਼ੋਰਦਾਰ ਤਰੀਕੇ ਨਾਲ ਉਠਾਈ ਤਾਂ ਚੇਅਰਮੈਨ ਨੇ ਇਹ ਐਲਾਨ ਕਰ ਦਿੱਤਾ ਕਿ ਸ. ਗੁਰਸ਼ਰਨ ਸਿੰਘ ਜੀ ਤੁਹਾਡੀ ਗੱਲ ਮੰਨੀ ਗਈ; ਅਗਾਂਹ ਤੋਂ ਸਰਟੀਫਿਕੇਟਾਂ ਵਿਚ ਮਾਂ ਦਾ ਨਾਮ ਵੀ ਹੋਇਆ ਕਰੇਗਾ। ਇਸ ਪ੍ਰਾਪਤੀ 'ਤੇ ਮਾਣ ਕਰਦੇ ਹੋਏ ਸ. ਗੁਰਸ਼ਰਨ ਸਿੰਘ ਕਹਿੰਦੇ ਸਨ ਕਿ ਜੇਕਰ ਇਕ ਇਕੱਲਾ ਬੰਦਾ ਏਡੀ ਮਹੱਤਵਪੂਰਨ ਗੱਲ ਮੰਨਵਾ ਸਕਦਾ ਹੈ ਤਾਂ ਫੇਰ ਹਰ ਪਾਸਿਓਂ ਸਮਾਜਕ ਬਰਾਬਰੀ ਦੀ ਆਵਾਜ਼ ਉਠਾ ਕੇ ਇਹ ਲੜਾਈ ਕਿਉਂ ਨਹੀਂ ਜਿੱਤੀ ਜਾ ਸਕਦੀ?

ਸ. ਗੁਰਸ਼ਰਨ ਸਿੰਘ ਨੇ ਪਿੰਡਾਂ ਦੀਆਂ ਸੱਥਾਂ 'ਚ ਥੜਿਆਂ ਅਤੇ ਗੱਡਿਆਂ ਤੋਂ ਲੈ ਕੇ ਯੂਰਪੀ ਮੁਲਕਾਂ ਦੇ ਸ਼ਾਨਦਾਰ ਆਡੀਟੋਰੀਅਮਾਂ ਵਿਚ ਵੀ ਆਪਣੇ ਨਾਟਕਾਂ ਰਾਹੀਂ ਬੜੀ ਬੇਬਾਕੀ ਅਤੇ ਨਿਡਰਤਾ ਨਾਲ ਆਪਣੀ ਗੱਲ ਕਹੀ ਹੀ ਨਹੀਂ ਹੈ ਸਗੋਂ ਉਸ 'ਤੇ ਪਹਿਰਾ ਵੀ ਦਿੱਤਾ। ਵਿਦੇਸ਼ੀ ਦੌਰਿਆਂ ਤੋਂ ਜਿਹੜੀ ਫੀਸ ਮਿਲਦੀ ਰਹੀ ਹੈ; ਉਹ ਉਸ ਰਕਮ ਨੂੰ ਵੀ ਰੰਗਮੰਚ ਦੇ ਲੇਖੇ ਲਾਉਂਦੇ ਰਹੇ।

ਜਿਸ ਪਰਿਵਾਰ ਵਿਚ ਗੁਰਸ਼ਰਨ ਸਿੰਘ ਨੇ ਜਨਮ ਲਿਆ ਉਥੇ ਕੋਈ ਦੁੱਖ, ਤੰਗੀ ਤੁਰਸੀ ਅਤੇ ਕੋਈ ਤੋਟ ਨਹੀਂ ਸੀ, ਹਰ ਸੁੱਖ ਸਹੂਲਤ ਮੌਜੂਦ ਸੀ ਪਰ ਫਿਰ ਵੀ ਚੜ੍ਹਦੀ ਉਮਰੇ ਗੁਰਸ਼ਰਨ ਸਿੰਘ ਦੇ ਪੈਰ ਥਿੜਕੇ ਨਹੀਂ ਸਗੋਂ ਉਸ ਪਾਸੇ ਵੱਲ ਵਧੇ ਜਿਧਰ ਫੁੱਲ ਨਹੀਂ ਅੰਗਿਆਰ ਹੀ ਅੰਗਿਆਰ ਸਨ ਤੇ ਇਨ੍ਹਾਂ ਅੰਗਿਆਰਾਂ ਦਾ ਬੇਖ਼ੌਫ ਸਫਰ ਹੀ ਗੁਰਸ਼ਰਨ ਸਿੰਘ ਨੂੰ ਭਾਅ ਜੀ ਗੁਰਸ਼ਰਨ ਸਿੰਘ ਬਣਾਉਂਦਾ ਹੈ। ਆਪਣੇ ਈਮਾਨ, ਆਪਣੇ ਅਕੀਦੇ ਤੋਂ ਇਕ ਇੰਚ ਵੀ ਪਾਸੇ ਹੋਣਾ ਭਾਅ ਗੁਰਸ਼ਰਨ ਸਿੰਘ ਦੀ ਫਿਤਰਤ ਨਹੀਂ ਸੀ। ਘਟਨਾਵਾਂ ਬਹੁਤ ਹਨ ਇਕੋ ਦਾ ਜ਼ਿਕਰ ਕਰਦੇ ਹਾਂ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਪ੍ਰਧਾਨਗੀ ਦੀ ਚੋਣ ਲੜ ਰਹੇ ਸਨ। ਭਾਅ ਜੀ ਨੇ ਆਪਣੇ ਹੱਥੀਂ 700 ਪੋਸਟ ਕਾਰਡ ਲਿਖੇ, ਵੋਟਾਂ ਮੰਗਣ ਲਈ ਨਹੀਂ ਸਗੋਂ ਇਹ ਕਹਿਣ ਲਈ ਕਿ ਸਾਹਿਤਕ ਸਮਾਗਮਾਂ ਵਿਚ ਸ਼ਰਾਬ ਸਭਿਆਚਾਰ ਬੰਦ ਹੋਣਾ ਚਾਹੀਦਾ ਹੈ। ਕਈਆਂ ਨੇ ਕਿਹਾ- ''ਭਾਅ ਜੀ ਆਹ ਕੀ ਕੀਤਾ ਤੁਸੀਂ? ਪੈਰੀਂ ਕੁਹਾੜਾ ਮਾਰ ਲਿਆ, ਕੌਣ ਪਾਊਗਾ ਤੁਹਾਨੂੰ ਹੁਣ ਵੋਟ?'' ਭਾਅ ਜੀ ਦਾ ਜਵਾਬ ਸੀ- ''ਗੱਲ ਅਸੂਲਾਂ ਦੀ ਹੈ, ਹਾਰਨਾ ਮਨਜ਼ੂਰ ਹੈ, ਮੈਂ ਗਲਾਸੀ ਕਲਚਰ ਦੇ ਖਿਲਾਫ ਹਾਂ ਤੇ ਜੇ ਇਸੇ ਕਰ ਕੇ ਮੇਰੀ ਹਾਰ ਹੁੰਦੀ ਹੈ ਤਾਂ ਮੈਨੂੰ ਮਨਜ਼ੂਰ ਹੈ। ਇਹ ਸਾਹਿਤ ਦੀ ਪਵਿੱਤਰਤਾ ਦੀ ਹਾਰ ਹੋਵੇਗੀ।'' ਤੇ ਫੇਰ ਸੱਚਮੁੱਚ ਸਾਹਿਤ ਦੀ ਪਵਿੱਤਰਤਾ ਹਾਰ ਗਈ।



ਜੀਵਨ ਸਾਥਣ ਕੈਲਾਸ਼ ਕੌਰ ਨਾਲ - 2004 (ਚੰਡੀਗੜ੍ਹ)

ਸੋ, ਸ. ਗੁਰਸ਼ਰਨ ਪੰਜਾਬੀ ਨਾਟਕ ਖਾਸ ਤੌਰ 'ਤੇ ਪੰਜਾਬੀ ਦੇ ਪੇਂਡੂ ਰੰਗਮੰਚ ਵਿਚ ਅਜਿਹੇ ਚਮਕਦੇ ਸੂਰਜ ਸਨ; ਜਿਸਦੀ ਰੌਸ਼ਨੀ 'ਚ ਨਵੇਂ ਦਿੱਸਹੱਦਿਆਂ ਦੇ ਝਲਕਾਰੇ ਹਨ। ਉਹ ਆਪਣੇ ਆਪ ਵਿਚ ਇਕ ਸੰਸਥਾ ਸਨ ਪਰ ਸੰਸਥਾਵਾਂ/ਜਥੇਬੰਦੀਆਂ ਬਣਾਉਣ 'ਤੇ ਲਗਾਤਾਰ ਜ਼ੋਰ ਦਿੰਦੇ ਰਹੇ। ਉਹ ਜਾਣਦੇ ਹੀ ਨਹੀਂ ਸਗੋਂ ਪਹਿਚਾਣਦੇ ਵੀ ਸਨ ਕਿ ਜਿਹੜੀ ਸਮਾਜਕ ਤਬਦੀਲੀ ਦੀ ਲੜਾਈ ਉਹ ਅੱਜ ਇਕੱਲੇ ਲੜ ਰਹੇ ਹਨ; ਇਹ ਇਉਂ ਨਹੀਂ ਜਿੱਤੀ ਜਾਵੇਗੀ। ਜਿੱਤ ਲਈ ਇਕ-ਅੱਧ ਨਹੀਂ ਸਗੋਂ ਉਹਨਾਂ ਵਰਗੇ ਹੀ 'ਝੱਲਿਆਂ' ਦਾ ਪੂਰੈ ਦਾ ਪੂਰਾ ਕਾਫਲਾ ਲੋੜੀਂਦਾ ਹੈ। ਇਸ ਕਾਫਲੇ ਲਈ ਹੀ ਸ. ਗੁਰਸ਼ਰਨ ਸਿੰਘ ਨੇ ਆਪਣੀ ਸਾਰੀ ਉਮਰ ਰੰਗਮੰਚ ਦੇ ਲੇਖੇ ਲਗਾਈ ਤੇ ਭਾਰਤੀ ਰੰਗਮੰਚ ਦੇ ਇਤਿਹਾਸ 'ਚ ਪੰਜਾਬੀ ਰੰਗਮੰਚ ਦੀ ਨਵੀਂ ਤੇ ਨਿਵੇਕਲੀ ਨੁਹਾਰ ਸਥਾਪਤ ਕੀਤੀ।

ਜੀਵਨ ਵਿਚ ਨਾਟਕ ਦੀ ਏਨੀ ਮਹੱਤਤਾ ਹੋਣ ਦੇ ਬਾਵਜੂਦ ਪੰਜਾਬ ਵਿਚ ਨਾਟਕ ਲਈ ਜ਼ਮੀਨ ਸਦਾ ਉਖੱੜੀ-ਪੁਖੜੀ ਰਹੀ ਹੈ। ਫੇਰ ਵੀ ਪੰਜਾਬ ਦੀਆਂ ਜਿਹਨਾਂ ਸਖ਼ਸ਼ੀਅਤਾਂ ਨੇ ਆਪਣਾ ਸਾਰਾ ਆਪਾ ਰੰਗ ਮੰਚ ਨੂੰ ਹੀ ਅਰਪ ਦਿੱਤਾ, ਉਹਨਾਂ ਦੀ ਸਿਖ਼ਰ 'ਤੇ ਗੁਰਸ਼ਰਨ ਸਿੰਘ ਦਾ ਨਾਂਅ ਆਉਂਦਾ ਹੈ। ਗੁਰਸ਼ਰਨ ਸਿੰਘ ਵਲੋਂ ਤਿਆਰ ਕੀਤੀ ਜ਼ਮੀਨ ਵਿਚ ਹੀ ਅਜੋਕੇ ਪੰਜਾਬੀ ਨਾਟਕ ਦੀ ਇਮਾਰਤ ਉਸਰੀ ਹੈ। ਅੱਜ ਪੰਜਾਬ ਵਿਚ ਲਗਭੱਗ 30 ਦੇ ਕਰੀਬ ਸਰਗਰਮ ਨਾਟਕ ਗਰੁੱਪ ਕੰਮ ਕਰ ਰਹੇ ਹਨ। ਸਾਰੀਆਂ ਤੰਗੀਆਂ-ਤੁਰਸੀਆਂ ਦੇ ਬਾਵਜੂਦ ਇਨ੍ਹਾਂ ਗਰੁੱਪਾਂ ਵਿਚ ਕੰਮ ਕਰਦੇ ਸੈਂਕੜੇ ਰੰਗਕਰਮੀ ਪੰਜਾਬੀ ਰੰਗਮੰਚ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਆਪਣਾ ਪੂਰਾ ਤਾਣ ਲਾ ਰਹੇ ਹਨ, ਤਾਂ ਇਹਦਾ ਵੱਡਾ ਸਿਹਰਾ ਭਾਅ ਜੀ ਗੁਰਸ਼ਰਨ ਸਿੰਘ ਨੂੰ ਹੀ ਜਾਂਦਾ ਹੈ।

ਭਾਅ ਜੀ ਨੂੰ ਮੈਂ ਪੁੱਛਿਆ- ''ਤੁਸੀਂ ਬੋਲਦਿਆਂ ਅਕਸਰ ਭਾਵੁਕ ਹੋ ਜਾਂਦੇ ਹੋ। ਕਦੇ ਮਹਿਸੂਸ ਵੀ ਕੀਤਾ ਕਿ ਭਾਵੁਕਤਾ ਦੇ ਵਹਿਣ ਵਿਚ ਕੁਝ ਗੱਲਾਂ ਤਰਕ ਵਿਹੂਣੀਆਂ ਵੀ ਕਰ ਜਾਂਦੇ ਹੋ?'' ਕਹਿਣ ਲੱਗੇ -'' ਭਾਵੁਕਤਾ ਮੇਰੇ ਕਿਰਦਾਰ ਦਾ ਹਿੱਸਾ ਹੈ। ਮੈਂ ਜੋ ਕੁੱਝ ਵੀ ਹਾਂ ਆਪਣੀ ਭਾਵੁਕਤਾ ਕਰ ਕੇ ਹੀ ਹਾਂ। ਦਾਨਿਸ਼ਮੰਦਾਂ ਵਾਲੀਆਂ ਦਲੀਲਾਂ ਮੇਰੇ ਕੋਲ ਨਹੀਂ ਹਨ।'' ਇਹ ਭਾਅ ਜੀ ਗੁਰਸ਼ਰਨ ਸਿੰਘ ਦੀ ਪਵਿੱਤਰ ਭਾਵੁਕਤਾ ਹੀ ਸੀ ਜਿਹੜੀ ਉਨ੍ਹਾਂ ਨੂੰ ਇਸ ਨਾ-ਬਰਾਬਰੀ ਵਾਲੇ ਢਾਂਚੇ ਨੂੰ ਬਦਲ ਦੇਣ ਲਈ ਊਰਜਾ ਪ੍ਰਦਾਨ ਕਰਦੀ ਰਹੀ। ਪੰਜਾਬੀ ਰੰਗਮੰਚ ਅੱਜ ਇਸ ਮਹਾਨ ਓਜਸਵੀ ਨਾਟਕਕਾਰ ਤੋਂ ਮਹਿਰੂਮ ਹੋ ਗਿਆ ਹੈ ਪਰ ਉਹ ਕਿਧਰੇ ਨਹੀਂ ਗਏ, ਇਥੇ ਹੀ ਹਨ, ਆਪਣੇ ਨਾਲ-ਨਾਲ। ਕਿਉਂਕਿ ਊਰਜਾ ਖੜੀ ਖੜੋਤੀ ਚੀਜ਼ ਨਹੀਂ ਹੁੰਦੀ ਇਹ ਸਦਾ ਗਤੀਮਾਨ ਰਹਿੰਦੀ ਹੈ। ਅਜ ਉਹ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਉਹ ਲੋਕ ਚੇਤਿਆਂ ਚ ਸਦਾ ਲੋਕ ਨਾਇਕ ਵਜੋਂ ਜਿਉਂਦੇ ਰਹਿਣਗੇ। ਪੰਜਾਬੀ ਰੰਗਮਚ ਦਾ ਇਹ ਚਮਕਦਾ ਸੂਰਜ ਕਦੇ ਅਸਤ ਨਹੀਂ ਹੋਵੇਗਾ।



ਵਿਚਾਰ ਚਰਚਾ- ਕਾਮਰੇਡ ਮੰਗਤ ਰਾਮ ਪਾਸਲਾ ਨਾਲ -1997 (ਚੰਡੀਗੜ੍ਹ)

ਮੋਬਾਈਲ : 9781360066

# ਪ੍ਰੋ. ਮੋਹਨ ਨੂੰ ਯਾਦ ਕਰਦਿਆਂ

ਪ੍ਰੋ. ਮੋਹਨ ਸਿੰਘ ਇਕ ਐਸਾ ਸ਼ਾਇਰ ਹੈ ਜਿਸ ਨੇ ਹਮੇਸ਼ਾ ਸਮੇਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੰਵਾਦ ਰਚਾਇਆ। ਉਸ ਨੇ ਲਗਦੀ ਵਾਹੇ ਸਮੇਂ ਦੇ ਅਥਰੇ ਘੋੜੇ ਨੂੰ ਵੰਗਾਰਿਆ ਵੀ ਤੇ ਉਸ ਨੂੰ ਲਗਾਮ ਪਾਉਣ ਹਿਤ ਲੋਕਾਂ ਨੂੰ ਹੱਲਾਸ਼ੇਰੀ ਵੀ ਦਿੱਤੀ। ਉਸ ਨੇ ਆਪਣੀ ਕਵਿਤਾ ਨੂੰ ਨਵੇਂ ਬਿੰਬ ਸ਼ਿੰਗਾਰ ਦਿਤੇ ਤੇ ਨਵੇਂ ਸੁਹਜ ਸੁਆਦਾਂ ਨਾਲ ਪਰੋਸ ਕੇ ਪੰਜਾਬੀ ਪਾਠਕਾਂ ਸਾਹਵੇਂ ਪੇਸ਼ ਕੀਤਾ। ਉਸ ਨੇ ਮਾਨਵਵਾਦੀ ਵਿਚਾਰਧਾਰਾ ਦੀ ਸੁਰ ਉੱਚੀ ਕੀਤੀ। ਪ੍ਰਗਤੀਸ਼ੀਲ ਕਾਵਿ ਧਾਰਾ ਦਾ ਉਹ ਮੋਹਰੀ ਕਵੀ ਬਣਿਆ ਤੇ ਉਸ ਨੇ ਪੰਜਾਬੀ ਕਵਿਤਾ ਨੂੰ ਬੌਧਿਕ ਚਾਨਣ ਨਾਲ ਸਿੰਜਿਆ।

ਪ੍ਰੋ. ਮੋਹਨ ਸਿੰਘ ਦਾ ਕਾਵਿ ਸਿਰਜਣ ਦਾ ਸਮਾਂ ਉਹ ਸਮਾਂ ਸੀ ਜਦ ਲੋਕ ਜਮਾਤੀ ਚੇਤਨਤਾ ਪ੍ਰਤੀ ਸੁਚੇਤ ਹੋ ਰਹੇ ਸਨ। ਰੂਸੀ ਇਨਕਲਾਬ ਨੇ ਸਮੂਹ ਸੰਸਾਰ ਵਿਚ ਤੜਥੱਲੀ ਮਚਾ ਦਿਤੀ ਸੀ ਤੇ ਗਰੀਬੀ ਦਾ ਕਾਰਨ 'ਰੱਬੀ ਨਹੀਂ ਗਲਤ ਵੰਡੀ ਹੈ' ਦਾ ਸੂਰਜ ਉਦੈ ਹੋ ਰਿਹਾ ਸੀ। ਲੋਕ ਅੰਗਰੇਜ਼ ਸਾਮਰਾਜ ਨੂੰ ਦੇਸ਼ 'ਚੋਂ ਬਾਹਰ ਕੱਢ ਕੇ ਆਪਣੀ ਮਰਜ਼ੀ ਦਾ ਐਸਾ ਰਾਜ ਸਥਾਪਤ ਕਰਨ ਲਈ ਜੂਝ ਰਹੇ ਸਨ ਜਿਸ ਵਿਚ ਸਮਾਜਕ ਬਰਾਬਰਤਾ ਹੋਵੇ। ਏਸੇ ਹੀ ਸਮੇਂ ਦੂਸਰੀ ਸੰਸਾਰ ਜੰਗ ਦੇ ਘਿਨਾਉਣੇ ਚਿਹਰੇ ਤੋਂ ਬਾਅਦ ਸੰਸਾਰ ਭਰ ਵਿਚ ਅਮਨ ਵਰਤਾਰੇ ਦੀ ਤਾਂਘ ਪਰਬਲ ਹੋ ਰਹੀ ਸੀ। ਦੇਸ਼ ਦੀ ਵੰਡ ਵੇਲੇ ਦੀ ਤਬਾਹੀ ਨੇ ਆਜ਼ਾਦੀ ਦੇ ਚਾਵਾਂ ਨੂੰ ਮਾਤਮਾਂ ਵਿਚ ਬਦਲ ਦਿਤਾ ਸੀ। ਸਮਾਜ ਸਮਾਜਕ-ਆਰਥਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਫਿਰ ਤੋਂ ਉਸਲਵੱਟੇ ਲੈਣ ਲੱਗਾ ਸੀ।

ਐਸੇ ਸਮੇਂ ਮੋਹਨ ਸਿੰਘ ਨੇ ਸਮਾਜਕ ਯਥਾਰਥ ਨੂੰ ਬਾਖ਼ੂਬੀ ਲੋਕ ਪ੍ਰਵਾਨਤ ਸਾਹਿਤ ਕਾਵਿ ਸ਼ੈਲੀ ਰਾਹੀਂ ਪ੍ਰਸਤੁਤ ਕੀਤਾ ਅਤੇ ਲੋਕਾਂ ਨੂੰ ਸਮਾਜਕ ਨਾ ਬਰਾਬਰੀ ਤੋਂ ਵੀ ਜਾਣੂ ਕਰਵਾਇਆ ਤੇ ਇਸ ਵਿਰੁਧ ਇਕਮੁੱਠ ਹੋਣ ਦੇ ਸੰਕਲਪ ਨੂੰ ਹੋਰ ਤਿੱਖਿਆਂ ਕੀਤਾ

ਦੋ ਹਿੱਸਿਆਂ ਵਿਚ ਭੌਂਅ ਟੁੱਟੀ,  
ਇਕ ਮਹਿਲਾਂ ਦਾ ਇਕ ਢੋਕਾਂ ਦਾ  
ਦੋ ਧੜਿਆਂ ਵਿਚ ਖਲਕਤ ਵੰਡੀ,  
ਇਕ ਲੋਕਾਂ ਦਾ ਇਕ ਜੋਕਾਂ ਦਾ

ਪਿਆਰ ਜਹੇ ਨਾਜ਼ੁਕ ਵਿਸ਼ੇ ਨੂੰ ਵੀ ਉਸ ਨੇ ਬੜੇ ਹੀ ਭਾਵ ਪੂਰਵਕ ਤੇ ਯਥਾਰਕ ਰੂਪ ਵਿਚ ਪੇਸ਼ ਕੀਤਾ। 'ਪਾਟੀ ਕਿਰਤ ਗੁਲਾਮੀ ਕਰਦੀ - ਜੁੜੀ ਜਿੱਤੇ ਬ੍ਰਿਹਮੰਡ ਓ ਯਾਰ' ਦੇ ਸੰਕਲਪ ਨੂੰ ਵੀ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਕੀਤਾ। 'ਰੱਬ ਇਕ ਗੁੰਝਲਦਾਰ ਬੁਝਾਰਤ' ਕਹਿ ਕੇ ਉਸ ਨੇ ਧਰਮਾਂ ਦੀ ਸਵੈ ਬੋਧ ਜੰਗ ਨੂੰ ਠੱਲ ਪਾਉਣ ਲਈ ਪ੍ਰੇਰਿਆ। ਉਸ ਨੇ 'ਮਾਂ' ਦੇ ਪਿਆਰ ਨੂੰ ਰੱਬ ਦੇ ਸਵਰਗ ਤੋਂ ਵੀ ਉੱਚਾ ਤੇ ਸੁੱਚਾ ਦੱਸਿਆ ਤੇ ਦੇਸ਼



ਪਿਆਰ ਨੂੰ ਸਰਵੋਤਮ ਕਾਰਜ ਵਜੋਂ ਪੇਸ਼ ਕੀਤਾ। ਉਨ੍ਹਾਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀਆਂ ਵਿਚੋਂ ਜਾਣਿਆਂ ਜਾਂਦਾ ਹੈ। ਬੂਹੇ, ਵੱਡਾ ਵੇਲਾ, ਸਾਵੇਂ ਪੱਤਰ, ਜੰਦਰੇ, ਪੰਜ ਪਾਣੀ, ਤਿੰਨ ਪੜਾਅ, ਮੇਰੀ ਚੋਣਵੀਂ ਕਵਿਤਾ, ਉਨ੍ਹਾਂ ਦੀਆਂ ਪ੍ਰਮੁੱਖ ਕਾਵਿ ਪੁਸਤਕਾਂ ਹਨ। 20ਵੀਂ ਸਦੀ ਦੇ ਇਸ ਮਹਾਨ ਕਵੀ ਦੇ 20 ਅਕਤੂਬਰ ਦੇ ਉਸਦੇ ਜਨਮ ਦਿਨ ਤੇ ਉਸ ਮਹਾਨ ਪੰਜਾਬੀ ਕਵੀ ਦੀ ਯਾਦ ਨੂੰ ਸਮਰਪਤ ਪੇਸ਼ ਹਨ ਉਸ ਦੀਆਂ ਕੁਝ ਕਵਿਤਾਵਾਂ।

### ਮਾਂ

ਮਾਂ ਵਰਗਾ ਘਣਛਾਵਾਂ ਬੂਟਾ,  
ਮੈਨੂੰ ਨਜ਼ਰ ਨਾ ਆਵੇ।  
ਲੈ ਕੇ ਜਿਸ ਤੋਂ ਛਾਂ ਉਧਾਰੀ,  
ਰੱਬ ਨੇ ਸੁਰਗ ਬਣਾਏ।  
ਬਾਕੀ ਕੁਲ ਦੁਨੀਆਂ ਦੇ ਬੂਟੇ  
ਜੜ੍ਹ ਸੁਕਿਆਂ ਮੁਰਝਾਏ।  
ਐਪਰ ਫੁੱਲਾਂ ਦੇ ਮੁਰਝਾਇਆਂ  
ਇਹ ਬੂਟਾ ਸੁੱਕ ਜਾਏ।

### ਰੱਬ

ਰੱਬ ਇਕ ਗੁੰਝਲਦਾਰ ਬੁਝਾਰਤ,  
ਰੱਬ ਇਕ ਗੋਰਖ ਧੰਦਾ।  
ਖੋਲ੍ਹਣ ਲਗਿਆਂ ਪੇਚ ਏਸ ਦੇ  
ਕਾਫਰ ਹੋ ਜਾਏ ਬੰਦਾ।  
ਕਾਫਰ ਹੋਣੋਂ ਡਰ ਕੇ ਜੀਵੀਂ  
ਖੋਜ਼ੋਂ ਮੂਲ ਨਾ ਖੁੰਝੀ  
ਲਾਈ ਲਗ ਮੋਮਨ ਦੇ ਨਾਲੋਂ  
ਖੋਜੀ ਕਾਫਰ ਚੰਗਾ।

### ਦੋ ਟੋਟਿਆਂ ਵਿਚ ਭੌਂਅ ਟੁੱਟੀ

ਦੋ ਟੋਟਿਆਂ ਵਿਚ ਭੌਂਅ ਟੁੱਟੀ  
ਇਕ ਮਹਿਲਾਂ ਦਾ ਇਕ ਢੋਕਾਂ ਦਾ।  
ਦੋ ਧੜਿਆਂ ਵਿਚ ਖਲਕਤ ਵੰਡੀ,  
ਇਕ ਲੋਕਾਂ ਦਾ ਇਕ ਜੋਕਾਂ ਦਾ।  
ਕੋਈ ਵੇਲਾ ਸੀ, ਵੰਡ ਕਾਰਾਂ ਨੇ  
ਦੁਨੀਆਂ ਨੂੰ ਪਾੜਿਆ ਵੰਡਿਆ ਸੀ।  
ਵਿੱਥਾਂ ਵਿਚ ਵਿੱਥਾਂ ਹੋਰ ਵਧਾ  
ਜਨਤਾ ਨੂੰ ਡਾਹਡਾ ਤਰੁੰਡਿਆ ਸੀ।  
ਕੁਝ ਪਾਈਆਂ ਵਿੱਥਾਂ ਵਰਨ ਦੀਆਂ  
ਕੁਝ ਵਾਹੀਆਂ ਠੀਕਾਂ ਧਰਮ ਦੀਆਂ।  
ਫਿਰ ਕੰਧਾਂ ਕਰਮ ਕੁਕਰਮ ਦੀਆਂ,  
ਫਿਰ ਧੁੰਦਾਂ ਅੰਨੇ ਧਰਮ ਦੀਆਂ।

ਫਿਰ ਵਿੱਥਾਂ ਲਿੱਪੀ ਜੁਬਾਨ ਦੀਆਂ,  
ਫਿਰ ਪਹਿਰਾਵੇ ਤੇ ਵੇਸ ਦੀਆਂ।  
ਫਿਰ ਸਭਿਅਤਾ ਸਭਿਆਚਾਰ ਦੀਆਂ,  
ਫਿਰ ਦੇਸ਼ ਅਤੇ ਪ੍ਰਦੇਸ ਦੀਆਂ।  
ਜਨਤਾ ਨੂੰ ਥਹੁ ਨਾ ਲੱਗਣ ਦਿਤਾ,  
ਇਨ੍ਹਾਂ ਜਾਦੂਗਰ ਵਿੱਥਕਾਰਾਂ ਨੇ।  
ਅਸਲੀਅਤ ਵਿਚ ਨੇ ਦੋ ਵਿੱਥਾਂ  
ਬਾਕੀ ਸਭ ਕੂੜੀਆਂ ਪਾੜਾਂ ਨੇ।  
ਕੁਝ ਚੇਤਨ ਸ਼ੇਰ ਜ਼ਵਾਨਾਂ ਨੇ,  
ਵਿੱਥਾ ਤਾਈਂ, ਵੰਗਾਰਿਆ ਜਦ,  
ਛਾਈਂ ਮਾਈਂ ਕਰ ਵਿੱਥਾਂ ਨੂੰ  
ਅਸਲੀਅਤ ਤਾਂਈ ਉਘਾੜਿਆ ਜਦ  
ਤਦ ਕਿਰਤੀ ਤੇ ਕਿਰਸਾਨ ਉੱਠੇ,  
ਕਾਲੀ ਤੇ ਬੋਲੀ ਰਾਤ ਮੁੱਕੀ,  
ਗੱਲ ਗਈ ਮੰਨੀ ਜੀ ਲੋਕਾਂ ਦੀ,  
ਤੇ ਸਾਮਰਾਜ ਦੀ ਬਾਤ ਮੁੱਕੀ।

ਪੰਜਾਬੀ ਸ਼ਾਇਰੀ ਤੇ ਪ੍ਰੋ. ਮੋਹਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਨੂੰ ਵੱਖ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਪ੍ਰੋ. ਮੋਹਨ ਸਿੰਘ ਜਿਥੇ ਪੰਜਾਬੀ ਦੀ ਆਧੁਨਿਕ ਅਤੇ ਪ੍ਰਗਤੀਸ਼ੀਲ ਸ਼ਾਇਰੀ ਦੇ ਮੋਹਰੀ ਕਵੀ ਸਨ, ਉਥੇ ਧਨੀ ਰਾਮ ਚਾਤ੍ਰਿਕ ਪੰਜਾਬ ਦੀ ਮਿੱਟੀ, ਬੋਲੀ ਅਤੇ ਆਬੋ ਹਵਾ ਦਾ ਸ਼ਾਇਰ ਸੀ।ਅਦਾਰਾ 'ਨਵੀਂ ਦੁਨੀਆ' ਇਨ੍ਹਾਂ ਦੋਵੇਂ ਮਹਾਨ ਸ਼ਾਇਰਾਂ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰ ਰਿਹਾ ਹੈ। - ਸੰਪਾਦਕ

# ਪੰਜਾਬੀਅਤ ਦਾ ਸ਼ੈਦਾਈ ਸ਼ਾਇਰ -ਲਾਲਾ ਧਨੀਰਾਮ ਚਾਤ੍ਰਿਕ

ਲਾਲਾ ਧਨੀਰਾਮ ਚਾਤ੍ਰਿਕ ਇਕ ਐਸਾ ਅਲਬੇਲਾ ਪੰਜਾਬੀ ਸ਼ਾਇਰ ਸੀ ਜਿਸ ਨੂੰ ਪੰਜਾਬ ਤੇ ਪੰਜਾਬੀ ਸਭਿਆਚਾਰ ਨਾਲ ਅੰਤਾਂ ਦਾ ਮੋਹ ਸੀ। ਉਹ ਪੰਜਾਬੀ ਸਭਿਆਚਾਰ ਦੀ ਅੰਤਰੀਵ ਰਹਿਤਲ 'ਤੇ ਵਿਚਰਦਿਆਂ ਇਸ ਨੂੰ ਸਾਰੇ ਸੰਸਾਰ ਤੋਂ ਉੱਚਾ ਸਮਝਦਾ ਤੇ ਪੇਸ਼ ਕਰਦਾ ਸੀ। ਉਸ ਨੇ ਆਪਣੀ ਕਵਿਤਾ ਨੂੰ ਆਮ ਲੋਕਾਂ ਦੇ ਹਾਣ ਦੀ ਬਣਾ ਕੇ ਪੇਸ਼ ਕੀਤਾ।

ਅੰਗਰੇਜ਼ੀ, ਫਾਰਸੀ, ਉਰਦੂ ਦੇ ਉਭਾਰ ਦੇ ਸਮੇਂ ਸਭਿਆਚਾਰ ਦੀ ਪਛਾਣ ਗਵਾ ਰਹੇ ਪੰਜਾਬੀਆਂ ਨੂੰ ਲਾਲਾ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਰਾਹੀਂ ਮਾਣ ਮੱਤਾ ਜੀਵਨ ਜਿਊਣ ਲਈ ਪ੍ਰੇਰਿਆ ਤੇ ਪੰਜਾਬੀਆਂ ਦੀ ਸੰਸਾਰ ਵਿੱਚੋ ਨਵੇਕਲੇ ਹੋਣ ਦੀ ਪਛਾਣ ਕਰਵਾਈ-

ਪੰਜਾਬ ! ਕਰਾਂ ਕੀ ਸਿਫ਼ਤ ਤੇਰੀ,  
ਸ਼ਾਨਾਂ ਦੇ ਸਭ ਸਾਮਾਨ ਤੇਰੇ,  
ਜਲ-ਪੌਣ ਤੇਰਾ, ਹਰਿਔਲ ਤੇਰੀ,  
ਦਰਯਾ, ਪਰਬਤ, ਮੈਦਾਨ ਤੇਰੇ ।

ਭਾਰਤ ਦੇ ਸਿਰ ਤੇ ਛਤ੍ਰ ਤੇਰਾ,  
ਤੇਰੇ ਸਿਰ ਛੱਤਰ ਹਿਮਾਲਾ ਦਾ,  
ਮੋਢੇ ਤੇ ਚਾਦਰ ਬਰਫ਼ਾਂ ਦੀ,  
ਸੀਨੇ ਵਿਚ ਸੇਕ ਜਵਾਲਾ ਦਾ ।

ਖੱਬੇ ਹੱਥ ਬਰਛੀ ਜਮਨਾ ਦੀ,  
ਸੱਜੇ ਹੱਥ ਖੜਗ ਅਟਕ ਦਾ ਹੈ,  
ਪਿਛਵਾੜੇ ਬੰਦ ਚਿਟਾਨਾਂ ਦਾ  
ਕੋਈ ਵੈਰੀ ਤੋੜ ਨਾ ਸਕਦਾ ਹੈ ।

ਅਰਸ਼ੀ ਬਰਕਤ ਰੂੰ ਵਾਂਗ ਉੱਤਰ,  
ਚਾਂਦੀ ਢੇਰ ਲਗਾਂਦੀ ਹੈ,  
ਚਾਂਦੀ ਢਲ ਢਲ ਕੇ ਵਿਛਦੀ ਹੈ  
ਤੇ ਸੋਨਾ ਬਣਦੀ ਜਾਂਦੀ ਹੈ ।

ਸਿਰ ਸਾਇਬਾਨ ਹੈ ਅੰਬਾਂ ਦਾ,  
ਮਸਲੰਦ ਮਖਮਲੀ ਘਾਵਾਂ ਦੀ,  
ਚੱਪੇ ਚੱਪੇ ਤੇ ਫੈਲ ਰਹੀ,  
ਦੌਲਤ ਤੇਰਿਆਂ ਦਰਯਾਵਾਂ ਦੀ  
...............................  
ਕੋਈ ਤੁੰਬਦੀ ਹੈ ਕੋਈ ਕਤਦੀ ਹੈ,  
ਕੋਈ ਪੀਂਹਦੀ ਹੈ ਕੋਈ ਛੜਦੀ ਹੈ,  
ਕੋਈ ਸੀਉਂਦੀ ਕੋਈ ਪਰੋਂਦੀ ਹੈ,  
ਕੋਈ ਵੇਲਾਂ ਬੂਟੇ ਕਢਦੀ ਹੈ ।

ਪਿਪਲਾਂ ਦੀ ਛਾਵੇਂ ਪੀਂਘਾਂ ਨੂੰ  
ਕੁਦ ਕੁਦ ਮਸਤੀ ਚੜ੍ਹਦੀ ਹੈ,  
ਟੁੰਬਦਾ ਹੈ ਜੋਸ਼ ਜਵਾਨੀ ਨੂੰ,  
ਇਕ ਛਡਦੀ ਹੈ ਇਕ ਫੜਦੀ ਹੈ ।

ਜਦ ਰਾਤ ਚਾਨਣੀ ਖਿੜਦੀ ਹੈ,  
ਕੋਈ ਰਾਗ ਇਲਾਹੀ ਛਿੜਦਾ ਹੈ,  
ਗਿੱਧੇ ਨੂੰ ਲੋਹੜਾ ਆਂਦਾ ਹੈ,  
ਜੋਬਨ ਤੇ ਬਿਰਹਾ ਭਿੜਦਾ ਹੈ ।

ਵੰਝਲੀ ਵਹਿਣਾ ਵਿਚ ਰੁੜ੍ਹਦੀ ਹੈ,  
ਜਦ ਤੂੰਬਾ ਸਿਰ ਧੁਣਿਆਂਦਾ ਹੈ,  
ਮਿਰਜ਼ਾ ਪਿਆ ਕੂਕਾਂ ਛਡਦਾ ਹੈ,  
ਤੇ ਵਾਰਸ ਹੀਰ ਸੁਣਾਂਦਾ ਹੈ ।

ਖੂਹਾਂ ਤੇ ਟਿਚ ਟਿਚ ਹੁੰਦੀ ਹੈ,  
ਖੇਤਾਂ ਵਿਚ ਹਲ ਪਏ ਧਸਦੇ ਨੇ,  
ਭੱਤੇ ਛਾਹ ਵੇਲੇ ਢੁਕਦੇ ਨੇ, ਹ  
ਾਲੀ ਤੱਕ ਤੱਕ ਕੇ ਹਸਦੇ ਨੇ ।

ਤੇਰੀ ਮਾਖਿਓਂ ਮਿੱਠੀ ਬੋਲੀ ਦੀ,  
ਜੀ ਕਰਦਿਆਂ ਸਿਫ਼ਤ ਨ ਰਜਦਾ ਹੈ,  
ਉਰਦੂ ਹਿੰਦੀ ਦਿਆਂ ਸਾਜ਼ਾਂ ਵਿਚ,  
ਸੁਰ-ਤਾਲ ਤੇਰਾ ਹੀ ਵਜਦਾ ਹੈ ......

ਆਪਣੀ ਇਸ ਕਵਿਤਾ ਰਾਹੀਂ ਧਨੀਰਾਮ ਚਾਤ੍ਰਿਕ ਨੇ ਪੰਜਾਬ ਦੀ ਗਰੀਬ ਕਿਸਾਨੀ ਦੇ ਦੁਖਾਂਤ ਵੀ ਦਰਜ ਕੀਤੇ ਅਤੇ ਤਤਕਾਲੀ ਉਪਜੀਵਕ ਸਾਧਨਾਂ ਖੂਹਾਂ, ਖਰਾਸਾਂ, ਦੁੱਧ ਰਿੜਕਣ, ਬਲਦਾਂ ਦੀਆਂ ਜੋਗਾਂ, ਵਗਦੇ ਹਲ, ਪੈਲਾਂ ਪਾਉਂਦੇ ਮੋਰ, ਕੂਕਦੀ ਕੋਇਲ, ਚਹਿਕਦੀਆਂ ਚਿੜੀਆਂ, ਕੁਕੜ ਬਾਂਗਾਂ, ਕਣਕਾਂ ਦੀਆਂ ਸਲੀਆਂ, ਲਹਿਲਹਿਰਾਉਂਦੀਆਂ ਫ਼ਸਲਾਂ, ਪੰਜਾਬ ਦੇ ਦਰਿਆਵਾਂ, ਜੰਗਲ ਬੇਲੇ, ਪੰਜਾਬੀ ਮੁਟਿਆਰ, ਪੰਜਾਬੀ ਗੱਭਰੂ, ਪੰਜਾਬ ਦੇ ਗੀਤ, ਗਿੱਧੇ ਬੋਲੀਆਂ, ਭੰਗੜੇ ਆਦਿ ਦਿਲ ਟੁੰਬਵੇਂ ਦ੍ਰਿਸ਼ਾਂ ਨੂੰ ਐਸੀ ਯੁਗਤ ਨਾਲ ਪੇਸ਼ ਕੀਤਾ ਕਿ ਪੁਰਾਣਾ ਪੰਜਾਬ ਹੂਬਹੂ ਐਨ ਅੱਖਾਂ ਸਾਹਮਣੇ ਦ੍ਰਿਸ਼ਟੀ ਗੋਚਰ ਹੋ ਜਾਂਦਾ ਹੈ। ਲਾਲਾ ਧਨੀਰਾਮ ਚਾਤ੍ਰਿਕ ਨੇ ਪੰਜਾਬੀ ਕਵਿਤਾ ਨੂੰ ਉਤਸ਼ਾਹੀ ਬੋਲ ਦੇ ਕੇ ਪੰਜਾਬੀਅਤ ਨੂੰ ਸਰਸ਼ਾਰ ਕੀਤਾ।



ਫੁੱਲਾਂ ਦੀ ਟੋਕਰੀ, ਭਰਥਰੀ ਹਰੀ ਬਿਕਰਮਜੀਤ, ਨਾਲ ਦਮਿਯੰਤੀ, ਚੰਦਨ ਵਾੜੀ, ਧਰਮਵੀਰ, ਕੇਸਰ ਕਿਆਰੀ,ਨਵਾਂ ਜਹਾਨ, ਨੂਰਜਹਾਂ ਤੇ ਬਾਦਸ਼ਾਹ ਬੇਗਮ, ਸੂਫੀ ਖਾਨਾ ਉਨ੍ਹਾਂ ਦੀਆਂ ਚਰਚਿਤ ਪੁਸਤਕਾਂ ਹਨ। ਲਾਲਾ ਧਨੀਰਾਮ ਚਾਤ੍ਰਿਕ ਪੰਜਾਬੀ ਲੇਖਕਾਂ ਨੂੰ ਪੰਜਾਬੀ ਸਭਾ ਬਣਾ ਕੇ ਇੱਕਮੁੱਠ ਕਰਨ ਦੇ ਮੋਢੀਆਂ 'ਚੋ ਹਨ। ਉਹ ਬਹੁਪੱਖੀ ਲੇਖਕ ਸਨ। ਉਹਨਾਂ ਆਪਣੀ ਤਰੋਤਾਜ਼ਾ ਅਲੰਕਾਰਕ ਸ਼ਬਦਾਵਲੀ ਵਰਤ ਕੇ ਪੰਜਾਬੀ ਕਾਵਿ ਸ਼ੈਲੀ ਨੂੰ ਸੰਸਾਰ ਕਾਵਿ ਦੇ ਹਾਣ ਦੇ ਬਣਾਇਆ। ਗੁਰਮਖੀ ਲਿੱਪੀ ਦੀ ਟਾਈਪ ਤਿਆਰ ਕਰਨ ਵਾਲਿਆਂ ਵਿਚ, ਉਹ ਪਹਿਲੇ ਸਨ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਨੂੰ ਲਾਲਾ ਧਨੀਰਾਮ ਚਾਤ੍ਰਿਕ ਨੇ ਹੀ ਛਾਪਿਆ ਸੀ।

ਪੇਸ਼ ਹਨ ਲਾਲਾ ਧਨੀਰਾਮ ਚਾਤ੍ਰਿਕ ਜੀ ਦੀਆਂ ਕੁਝ ਮਕਬੂਲ ਕਾਵਿ-ਵੰਨਗੀਆਂ...

(1)

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,  
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,  
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,  
ਮਾਲ ਧੰਦਾ ਸਾਂਭਣੇ ਨੂੰ ਚੂੜਾ ਛੱਡ ਕੇ,  
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,  
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,  
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ,  
ਹਾਣੀਆਂ ਦੀ ਢਾਣੀ ਵਿੱਚ ਲਾੜਾ ਸਜਦਾ,  
ਬੱਘ ਬੱਘ ਬੱਘ ਸ਼ੇਰ ਗੱਜਦਾ,  
ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ,  
ਸੈਣਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ,  
ਚੰਗੀ ਜਿਹੀ ਸੱਦ ਲਾ ਦੇ, ਬੱਲੇ ਬੇਲੀਆ,  
ਤੂੰਬਾ ਜ਼ਰਾ ਖੋਲ ਖਾਂ, ਜੁਆਨਾ ਤੇਲੀਆ,  
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ  
ਤੂੰਬੇ ਨਾਲ ਭਾਂਤੋ ਭਾਂਤ ਬੋਲ ਬੋਲੀਆਂ,  
ਹਾੜ ਵਿੱਚ ਜੱਟਾਂ ਨੇ ਮਨਾਈਆਂ ਹੋਲੀਆਂ,  
ਛਿੰਝ ਦੀ ਤਿਆਰੀ ਹੋਈ, ਢੋਲ ਵੱਜਦੇ,  
ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ,  
ਲਿਸ਼ਕਦੇ ਨੇ ਪਿੰਡੇ ਗੁੰਨੇ ਹੋਏ ਤੇਲ ਦੇ,  
ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ,  
ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ,  
ਵਾਰੀ ਹੁਣ ਆ ਗਈ ਜੇ ਪੀਣ ਖਾਣ ਦੀ,  
ਰਿਉੜੀਆਂ ਜਲੇਬੀਆਂ ਦੇ ਆਹੂ ਲਾਹਣ ਦੀ,  
ਹੱਟੀਆਂ ਦੇ ਵੱਲ ਆ ਪਏ ਨੇ ਟੁੱਟ ਕੇ,  
ਹੂੰਝ ਲਈਆਂ ਥਾਲੀਆਂ ਜੁਆਨਾਂ ਜੁੱਟ ਕੇ,  
ਖੁੱਲ ਗਈਆਂ ਬੋਤਲਾਂ ਗਲਾਸ ਫਿਰਿਆ,  
ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ,  
ਬੁਕਾਂ ਤੇ ਕਮੀਣਾਂ ਨੂੰ ਮਜ਼ਾ ਚਖਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ  
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ...

(2)

ਜਵਾਨਾਂ ! ਹਿੰਮਤ ਜ਼ਰਾ ਵਿਖਾ  
ਨੀਂਦੋਂ ਜਾਗ ਪਿਆ ਜੱਗ ਸਾਰਾ,  
ਗਿਆ ਜਹਾਲਤ ਦਾ ਅੰਧਿਆਰਾ,  
ਤੂੰ ਬਣ ਕੇ ਪਰਭਾਤੀ ਤਾਰਾ,  
ਸੂਰਜ ਨਵਾਂ ਚੜਾ,  
ਜਵਾਨਾਂ ! ਹਿੰਮਤ ਜ਼ਰਾ ਵਿਖਾ ।  
ਪਲਚ ਗਿਆ ਮਜ਼ਹਬ ਦਾ ਤਾਣਾ,  
ਗਲ ਪੈ ਗਿਆ ਇਤਹਾਸ ਪੁਰਾਣਾ,  
ਭੋਲੇ ਪਾਂਧੀ ਤੇ ਰਾਹ ਬਿਖੜਾ,  
ਪੱਥਰ ਪਰੇ ਹਟਾ,  
ਜਵਾਨਾਂ ! ਹਿੰਮਤ ਜ਼ਰਾ ਵਿਖਾ ।  
ਮਨੁੱਖਤਾ ਚੱਕਰ ਵਿਚ ਆਈ,  
ਸਹਿਮੀ ਫਿਰਦੀ ਹੈ ਸਚਿਆਈ,  
ਕਲਮ, ਜੁਬਾਨ ਦੁਹਾਂ ਤੇ ਜੰਦਰੇ,  
ਪਿੰਜਰੇ ਪਿਆ ਖੁਦਾ,  
ਜਵਾਨਾਂ ਹਿੰਮਤ ਜ਼ਰਾ ਵਿਖਾ ।  
ਬਾਹਰ ਨਿਕਲ ਆ ਲਾਹ ਕੇ ਸੰਗਾ,  
ਪਾਖੰਡਾ ਨੂੰ ਕਰ ਸੁੱਟ ਨੰਗਾ,  
ਬੁਰਕਾ ਦਿਹ ਉਲਟਾ,  
ਜਵਾਨਾਂ ! ਹਿੰਮਤ ਜ਼ਰਾ ਵਿਖਾ ।  
ਪੈਦਾ ਕਰ ਜਾਗਰਿਤ ਵਿਸ਼ਵਾਸੀ,  
ਭਾਰਤ ਦੀ ਹੋ ਜਾਇ ਖਲਾਸੀ,  
ਤੂੰ ਜਾਗੇ ਤਾ ਸਬ ਜੱਗ ਜਾਗੇ,  
ਚੱਲ ਪਏ ਨਵੀਂ ਹਵਾ,  
ਜਵਾਨਾਂ ! ਹਿੰਮਤ ਜ਼ਰਾ ਵਿਖਾ ।  
ਰੱਬ ਮਜੌਰਾਂ ਪਾਸੋਂ ਖੋਹ ਲੈ,  
ਉਸ ਦੇ ਦਿਲ ਦੀ ਮਰਜ਼ੀ ਟੋਹ ਲੈ,  
ਫਿਰ ਸਚਿਆਈ ਦਾ ਦਰਵਾਜ਼ਾ,  
ਉਸ ਤੋਂ ਖੁਲਵਾ,  
ਜਵਾਨਾਂ ! ਹਿੰਮਤ ਜ਼ਰਾ ਵਿਖਾ ।

□

# ਪੰਜਾਬੀ ਆਪਣੇ ਮਹਾਨ ਦਾਰਸ਼ਨਿਕ ਤੇ ਸੱਭਿਆਚਾਰਕ ਵਿਰਸੇ ਨੂੰ ਪਛਾਨਣ



ਸ਼ਿਵ ਇੰਦਰ ਸਿੰਘ
ਮੋ: 9915411894

ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਸੰਸਾਰ ਇੱਕ ਨਿੱਕਾ ਜਿਹਾ ਪਿੰਡ ਬਣਨ ਵੱਲ ਜਾ ਰਿਹਾ ਹੈ। ਕੋਈ ਵੀ ਰਾਸ਼ਟਰ, ਦੂਜੇ ਰਾਸ਼ਟਰਾਂ ਦੇ ਸਮਾਜਕ, ਰਾਜਨਤਕ, ਆਰਥਕ, ਸੱਭਿਆਚਾਰਕ, ਭਾਸ਼ਾਈ ਤੇ ਦਾਰਸ਼ਨਿਕ ਅਸਰ ਤੋਂ ਬਚ ਨਹੀਂ ਸਕਦਾ। ਵਿਸ਼ਵੀਕਰਨ ਦੀ ਆੜ ਹੇਠ ਸਰਮਾਏਦਾਰ ਮੁਲਕਾਂ ਵੱਲੋਂ ਵਿਕਾਸਸ਼ੀਲ ਤੇ ਅਵਿਕਸਤ ਮੁਲਕਾਂ ਉੱਤੇ ਸਰਮਾਏਦਾਰੀ, ਬਸਤੀਵਾਦੀ, ਨਵ-ਬਸਤੀਵਾਦੀ ਤੇ ਸਾਮਰਾਜੀ ਨੀਤੀਆਂ ਦੁਆਰਾ ਆਰਥਕ ਖੇਤਰ ਦੇ ਨਾਲ-ਨਾਲ ਉਨ੍ਹਾਂ ਦੇ ਸਮਾਜਕ, ਰਾਜਨਤਕ, ਭਾਸ਼ਾਈ, ਸੱਭਿਆਚਾਰਕ ਤੇ ਦਾਰਸ਼ਨਿਕ ਖੇਤਰ ਵਿੱਚ ਵੀ ਬੜੀ ਚਲਾਕੀ ਨਾਲ ਆਪਣੀਆਂ ਕਦਰਾਂ-ਕੀਮਤਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ। ਕਮਜ਼ੋਰ ਮੁਲਕਾਂ ਨੂੰ ਆਪਣੀ ਹੋਂਦ ਖਤਰੇ ਚ ਜਾਪਣ ਲੱਗੀ ਹੈ। ਉਨ੍ਹਾਂ ਆਪਣੇ ਸੱਭਿਆਚਾਰ, ਭਾਸ਼ਾ ਤੇ ਦਰਸ਼ਨ ਬਾਰੇ ਘੋਰ ਘੋਖ-ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਆਪਣੀ ਵੱਖਰੀ ਤੇ ਨਿਆਰੀ ਹਸਤੀ ਬਾਰੇ ਆਪਣੀ ਨਸਲ ਦੇ ਨਾਲ-ਨਾਲ ਪੂਰੀ ਦੁਨੀਆ ਨੂੰ ਵੀ ਦੱਸਿਆ ਜਾ ਸਕੇ ਤੇ ਸਰਮਾਏਦਾਰ ਮੁਲਕਾਂ ਦੇ ਹਮਲੇ ਦਾ ਮੂੰਹ-ਤੋੜ ਜਵਾਬ ਦਿੱਤਾ ਜਾ ਸਕੇ।

ਜਿੱਥੇ ਪੂਰੀ ਦੁਨੀਆ ਆਪਣੀ ਹਸਤੀ ਪ੍ਰਤੀ ਚੇਤਨ ਹੋ ਰਹੀ ਹੈ, ਉਥੇ ਪੰਜਾਬੀ ਕੌਮ ਦੀ ਤ੍ਰਾਸਦੀ ਇਹ ਹੈ ਕਿ ਉਹ ਆਪਣੀ ਹਸਤੀ ਤੋਂ ਹੀ ਚੇਤੰਨ ਨਹੀਂ ਹੈ। 'ਅਸੀਂ ਕੌਣ ਹਾਂ' ਨੂੰ ਲੱਭਣ ਦੀ ਮਾਨਸਿਕਤਾ ਇਸ ਕੌਮ ਚੋਂ ਗਾਇਬ ਹੈ। ਜਦੋਂ ਤੱਕ ਪੰਜਾਬੀ ਕੌਮ ਆਪਣੀ ਹਸਤੀ ਤੋਂ ਜਾਣੂ ਨਹੀਂ ਹੋ ਜਾਂਦੀ ਉਦੋਂ ਤੱਕ ਪੰਜਾਬ ਨੂੰ ਵਿਸ਼ਵ ਨਕਸ਼ੇ 'ਤੇ ਆਪਣੀ ਛਾਤੀ ਚੌੜੀ ਕਰਕੇ ਤੁਰਨਾ ਮੁਸ਼ਕਿਲ ਹੋਵੇਗਾ। ਪੰਜਾਬੀ ਕੌਮ ਨੇ ਆਪਣੇ ਖਿੱਤੇ ਦੇ ਬਹੁਲਵਾਦੀ ਚਿੰਤਨ ਸਰੂਪ ਨੂੰ ਤਾਂ ਕੀ ਕਬੂਲਣਾ ਸੀ, ਬਲਕਿ ਉਸਨੂੰ ਧਰਮ ਦੀ ਆੜ ਹੇਠ ਵਿਸ਼ੇਸ ਮੱਤ ਤੱਕ ਸੀਮਤ ਕਰਕੇ ਰੱਖ ਦਿੱਤਾ ਹੈ। ਪੰਜਾਬੀ ਸਾਹਿਤ ਵਿਚੋਂ ਪੰਜਾਬੀ ਕੌਮ ਦੀ ਨਿਆਰੀ ਹਸਤੀ ਦੇ ਚਿੰਨ੍ਹ ਜ਼ਰੂਰ ਮਿਲ ਜਾਂਦੇ ਹਨ, ਜੋ ਪੂਰੇ ਭਾਰਤੀ ਖਿੱਤੇ ਚੋਂ ਇਸ ਦੀ ਨਿਆਰੀ ਹੋਂਦ ਤਾਂ ਦਿਖਾਉਂਦੇ ਹੀ ਹਨ ਸਗੋਂ ਪੂਰੇ ਪੰਜਾਬੀਆਂ ਨੂੰ ਵੀ ਧਰਮ-ਨਿਰਪੱਖਤਾ ਦਾ ਸਬਕ ਪੜ੍ਹਾਉਂਦੇ ਹਨ।

ਪੰਜਾਬ ਦੇ ਦਰਸ਼ਨ , ਸੱਭਿਆਚਾਰ ਤੇ ਜ਼ੁਬਾਨ ਨੂੰ ਘੋਖਣ ਤੋਂ ਹੀ ਪਤਾ ਚੱਲੇਗਾ ਕਿ ਪੰਜਾਬ ਕੀ ਹੈ? ਪੰਜਾਬੀਅਤ ਕੀ ਹੈ? ਤੇ ਪੰਜਾਬੀ ਖੁਦ ਕਿੱਥੇ ਖੜੇ ਹਨ। ਡੂੰਘੀ ਸੋਚ ਵਿਚਾਰ ਤੇ ਪੜਚੋਲ ਕਰਨ ਤੇ ਹੀ ਪਤਾ ਚੱਲਦਾ ਹੈ ਕਿ ਜਿੱਥੇ ਪੰਜਾਬ ਦੇ ਸੱਭਿਆਚਾਰ, ਇਤਿਹਾਸ ਤੇ ਫਲਸਫ਼ੇ ਚ ਕਈ ਬੇਕਿਰਕੀ ਨਾਲ ਨਿੰਦਣਯੋਗ ਤੱਤ ਹਨ ਉਥੇ ਕਬੂਲਣਯੋਗ ਤੱਤ ਵੀ ਹਨ ਜੋ ਉਚ ਪਾਏਦਾਰ ਹਨ।

ਜੇਕਰ ਪੰਜਾਬ ਦੇ ਸਮੁੱਚੇ ਚਿੰਤਨ ਨੂੰ ਘੋਖਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਪੰਜਾਬ ਦਾ ਚਿੰਤਨ ਬਹੁਪਰਤੀ ਹੈ। ਇਸ ਨੂੰ ਕਿਸੇ ਵਿਸ਼ੇਸ਼ ਧਾਰਨਾ ਤੱਕ ਸੀਮਤ ਕਰਕੇ ਨਹੀਂ ਵੇਖਿਆ ਜਾ ਸਕਦਾ। ਏਥੇ ਵੱਖ-ਵੱਖ ਵਿਰੋਧੀ ਵਿਚਾਰ ਆਪਸ ਵਿੱਚ ਟਕਰਾਉਂਦੇ ਰਹੇ ਹਨ। ਇਸ ਟਕਰਾਉ ਚੋਂ ਹੀ ਨਵੇਂ ਵਿਚਾਰ ਪੈਦਾ ਹੁੰਦੇ ਰਹੇ ਹਨ। ਇਨ੍ਹਾਂ ਵਿਭਿੰਨ ਵਿਚਾਰਾਂ ਦੇ ਟਕਰਾਉ ਦਾ ਸਰੂਪ ਦਵੰਦਾਤਮਕ ਸੀ। ਪੰਜਾਬ ਦੇ ਚਿੰਤਨ ਨੂੰ ਜਿੱਥੇ ਇਥੋਂ ਦੇ ਭੂਗੋਲਿਕ ਵਾਤਾਵਰਨ ਨੇ ਪ੍ਰਭਾਵਿਤ ਕੀਤਾ ਉੱਥੇ ਵੱਖ-ਵੱਖ ਚਿੰਤਨ-ਧਾਰਾਵਾਂ ਨੇ ਵੀ ਇੱਕ ਦੂਜੇ ਨੂੰ ਪ੍ਰਭਾਵਿਤ ਕੀਤਾ ਹੈ ਤੇ ਵਿਦੇਸ਼ੀ ਚਿੰਤਨ-ਧਾਰਾਵਾਂ ਦਾ ਵੀ ਪ੍ਰਭਾਵ ਪੈਂਦਾ ਰਿਹਾ ਹੈ।

ਰਿਗਵੇਦ ਤੋਂ ਲੈ ਕੇ ਹੁਣ ਤੱਕ ਦੇ ਪੰਜਾਬੀ ਚਿੰਤਨ ਚ ਕਾਫੀ ਵਿਕਾਸ ਹੋਇਆ ਹੈ। ਇਹ ਕਹਿ ਦੇਣਾ ਕਿ ਪੰਜਾਬ ਦਾ ਚਿੰਤਨ ਅਧਿਆਤਮਵਾਦ ਪ੍ਰਧਾਨ ਹੈ, ਪੰਜਾਬੀ ਚਿੰਤਨ ਨੂੰ ਘਟਾ ਕੇ ਵੇਖਣ ਵਾਲੀ ਗੱਲ ਹੋਵੇਗੀ ਤੇ ਨਾ ਹੀ ਕਿਸੇ ਵਿਸ਼ੇਸ਼ ਮੱਤ ਨੂੰ ਪੰਜਾਬੀ ਚਿੰਤਨ ਦੀ ਚਰਮ ਸੀਮਾਂ ਕਿਹਾ ਜਾ ਸਕਦਾ ਹੈ। ਇਸੇ ਹੀ ਧਰਤੀ ਤੇ ਜੇਕਰ ਰੱਬੀ ਵਿਚਾਰਧਾਰਾ (ਸੋਚ) ਪਨਪੀ ਹੈ ਤਾਂ ਇੱਥੇ ਹੀ ਪਦਾਰਥਵਾਦੀ ਵਿਚਾਰਧਾਰਾ ਤੇ ਚਾਰਵਾਕ ਨੇ ਵੀ ਆਪਣਾ ਰੰਗ ਦਿਖਾਇਆ ਹੈ। ਇਸ ਖਿੱਤੇ ਦਾ ਅਧਿਆਤਮਵਾਦ ਵੀ ਪੂਰੀ ਤਰ੍ਹਾਂ ਭੌਤਿਕ ਸੰਕਲਪ ਨੂੰ ਨਿੰਦਦਾ ਨਹੀਂ ਹੈ। ਸਾਂਖ ਤੇ ਵਿਸ਼ੇਸ਼ਕ ਸ਼ਾਸਤਰਾਂ ਨੇ ਵੀ ਪੰਜਾਬ ਚ ਆਪਣਾ ਪ੍ਰਭਾਵ ਛੱਡਿਆ ਹੈ ਜੋ ਅਜੋਕੀ ਵਿਗਿਆਨਕ ਵਿਚਾਰਧਾਰਾ ਦੇ ਬਹੁਤ ਨੇੜੇ ਹਨ। ਸਮਕਾਲੀ ਦੌਰ ਚ ਮਾਰਕਸਵਾਦ ਤੇ ਵਿਗਿਆਨਕ ਤਰਕਸ਼ੀਲ ਵਿਚਾਰਧਾਰਾ ਦਾ ਆਪਣਾ ਮਹੱਤਵ ਹੈ।

ਮੋਟੇ ਰੂਪ ਚ ਨਜ਼ਰ ਮਾਰਨ ਤੇ ਰਿਗਵੇਦ ਪੰਜਾਬ ਦੀ ਧਰਤੀ ਤੇ ਰਚੀ ਜਾਣ ਵਾਲੀ ਵਿਸ਼ਵ ਦੀ ਪਹਿਲੀ ਕਿਤਾਬ (ਗ੍ਰੰਥ) ਸੀ। ਵੇਦਾਂ, ਵੇਦਾਂਤ, ਸ਼ਾਸਤਰਾਂ ਨੇ ਪੰਜਾਬੀ ਚਿੰਤਨ ਨੂੰ ਪ੍ਰਭਾਵਤ ਕੀਤਾ। ਇਨ੍ਹਾਂ ਤੋਂ ਬਿਨਾਂ ਗੀਤਾਂ, ਜੈਨ ਮੱਤ, ਬੁੱਧ ਮੱਤ, ਜੋਗ ਮੱਤ, ਇਸਲਾਮ, ਭਗਤੀ ਲਹਿਰ, ਸਿੱਖ ਮੱਤ, ਸੂਫੀ ਮੱਤ, ਗੁਰੂ ਗ੍ਰੰਥ ਸਾਹਿਬ, ਮਾਰਕਸੀ ਧਾਰਨਾ, ਅੱਜ ਦੇ ਸਮੇਂ ਦੀ ਭੌਤਿਕਵਾਦੀ ਤੇ ਵਿਗਿਆਨਕ ਵਿਚਾਰਧਾਰਾ ਇਹ ਸਭ ਵਿਚਾਰਧਾਰਵਾਂ, ਰਚਨਾਵਾਂ, ਧਰਮ ਤੇ ਲਹਿਰਾਂ ਪੰਜਾਬੀ ਚਿੰਤਨ ਦਾ ਅਧਾਰ ਹਨ।

ਪੰਜਾਬ ਦੀਆਂ ਪ੍ਰਸਿੱਧ ਬੋਧਿਕ ਕ੍ਰਾਂਤੀਆਂ, ਵੇਦਾਂਤ, ਸੂਫੀ ਮੱਤ ਤੇ ਗੁਰਬਾਣੀ ਨੇ ਘਟ-ਘਟ ਵਿੱਚ ਬ੍ਰਹਮ (ਜ਼ਰੇ-ਜ਼ਰੇ ਵਿੱਚ ਅੱਲ੍ਹਾ ਸੋਹਣਾ) ਦਾ ਸੁਨੇਹਾ ਦਿੱਤਾ ਹੈ। ਇਸੇ ਸੋਚ ਨੇ ਮਨੁੱਖ ਨੂੰ ਮਨੁੱਖ ਨਾਲ ਜੋੜਿਆ ਹੈ ਤੇ ਸਭੈ ਮਨੁੱਖ ਬਰਾਬਰ ਹਨ ਦਾ ਸੁਨੇਹਾ ਦਿੱਤਾ ਹੈ। ਸਮਕਾਲੀ ਸਮਾਜਵਾਦ ਤੇ ਵਿਗਿਆਨਕ ਵਿਚਾਰਧਾਰਾ ਨੇ ਵੀ ਇਹ ਦੱਸਿਆ ਹੈ ਕਿ ਮਨੁੱਖ ਹਕੀਕੀ ਰੂਪ ਚ ਬਰਾਬਰ ਕਿਵੇ ਹੋ ਸਕਦਾ ਹੈ।

ਇਸੇ ਤਰ੍ਹਾਂ ਹੀ ਪੰਜਾਬ ਦਾ ਸੱਭਿਆਚਾਰ ਵੀ ਵਿਲੱਖਣ ਹੈ। ਅਸੀਂ ਜਾਣਦੇ ਹਾਂ ਕਿ ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਕਰਕੇ ਅਨੇਕਾਂ ਹੀ ਕੌਮਾਂ ਇਥੇ ਲੁੱਟ-ਮਾਰ ਦੇ ਨਜ਼ਰੀਏ ਨਾਲ ਆਈਆਂ। ਬਹੁਤਿਆਂ ਨੇ ਇਥੋਂ ਦੀਆਂ ਔਰਤਾਂ ਨਾਲ ਵਿਆਹ ਕਰਵਾ ਕੇ ਇਥੇ ਹੀ ਰਹਿਣਾ ਸ਼ੁਰੂ ਕੀਤਾ ਨਤੀਜੇ ਵਜੋਂ ਪੰਜਾਬ ਚ ਇੱਕ ਮਿਸ਼ਰਤ ਸੱਭਿਆਚਾਰ ਪੈਦਾ ਹੋਇਆ। ਮੁਕਤਲਿਫ ਕਬੀਲਿਆਂ, ਫਿਰਕਿਆਂ ਤੇ ਮਜ਼ਹਬਾਂ ਦੇ ਵੱਖੋ-ਵੱਖਰੇ ਰਸਮਾਂ ਰਿਵਾਜ਼ਾਂ ਰਹਿਣ-ਸਹਿਣ ਦੇ ਤਰੀਕਿਆਂ ਚੋ ਹੀ ਸਾਂਝੇ ਸੱਭਿਆਚਾਰ (ਪੰਜਾਬੀ ਸੱਭਿਆਚਾਰ) ਦੇ ਗੁਣ ਪ੍ਰਗਟ ਹੋਏ। ਛੋਟੀਆਂ-ਮੋਟੀਆਂ ਇਲਾਕਾਈ ਭਿੰਨਤਾਵਾਂ ਦੇ ਬਾਵਜੂਦ ਪੰਜਾਬੀ-ਬੋਲੀ ਨੇ ਪੂਰੇ ਜਨ-ਸਮੂਹ (ਸਮੁੱਚੇ ਇਸ ਖਿੱਤੇ ਦੇ ਲੋਕਾਂ ਨੂੰ) ਇੱਕ ਸੂਤਰ ਵਿੱਚ ਬੰਨਿਆ। ਪੰਜਾਬੀ ਨੂੰ ਲਿਖਤੀ ਰੂਪ ਦੇਣ ਦੇ ਤਰੀਕੇ ਵੀ ਕਈ ਸਨ। ਪੰਜਾਬੀ ਲਿਖਣ ਲਈ ਵਰਤੀਆਂ ਜਾਣ ਵਾਲੀਆਂ ਲਿੱਪੀਆਂ ਜਾਂ ਅੱਖਰਾਂ ਵਿੱਚ ਫਰਕ ਹੋਣ ਦੇ ਬਾਵਜੂਦ ਸਾਂਝੇ ਗੁਣ ਮੌਜੂਦ ਸਨ। ਅੱਖਰਾਂ ਨੂੰ ਵਰਤਣ ਲਈ ਵੱਡੇ ਪੱਧਰ ਤੇ ਸਮਾਜਕ ਪ੍ਰਵਾਨਗੀਆਂ ਸੀ। ਲੋਕ ਆਮ ਵਰਤੋਂ-ਵਿਹਾਰ ਲਈ ਉੜੇ-ਐੜੇ ਵਾਲੀ ਲਿੱਪੀ ਹੀ ਵਰਤਦੇ ਸਨ। ਇਸ ਲਿੱਪੀ ਦੇ ਬਹੁਤੇ ਅੱਖਰ ਬ੍ਰਹਮੀ, ਸ਼ਾਰਦਾ ਤੇ ਟਾਕਰੀ ਲਿੱਪੀਆਂ ਨਾਲ ਮਿਲਦੇ ਹਨ। ਪੁਰਾਤਨ ਲਿੱਪੀ ਲੰਡੇ ਦੇ ਲਗਭਗ ਸਾਰੇ ਅੱਖਰ ਗੁਰਮੁਖੀ ਨਾਲ ਰਲਦੇ ਹਨ।

ਜਿੱਥੇ ਪੰਜਾਬ ਦੀਆਂ ਪ੍ਰਸਿੱਧ ਬੌਧਿਕ ਕ੍ਰਾਂਤੀਆਂ, ਪੰਜਾਬ ਦੇ ਸੱਭਿਆਚਾਰ ਤੇ ਪੰਜਾਬੀ ਜੁਬਾਨ ਨੇ ਪੰਜਾਬੀਆਂ ਨੂੰ ਏਕਤਾ ਦਾ ਸੁਨੇਹਾ ਦਿੱਤਾ ਹੈ, ਉਥੇ ਪੰਜਾਬੀਆਂ ਦੀ ਹਾਲਤ ਕੁਝ ਵੱਖਰੀ ਵੀ ਹੈ। ਭਾਵੇਂ ਸੁਚੇਤ ਜਾਂ ਅਚੇਤ ਰੂਪ ਚ 'ਪੰਜਾਬੋ ਬੇਬੇ' ਦੇ ਤਿੰਨੇ ਵੱਡੇ ਪੁੱਤਰ 'ਫਕੀਰ-ਉਦ-ਦੀਨ', 'ਫਕੀਰ ਸਿੰਘ ਤੇ 'ਫਕੀਰ ਚੰਦ' ਇਕੱਠੇ ਹੱਸਦੇ ਖੇਡਦੇ ਹਨ। ਉਨ੍ਹਾਂ ਦੇ ਦੁੱਖ-ਸੁੱਖ ਸਾਂਝੇ ਹਨ, ਧੀਆਂ ਭੈਣਾਂ ਸਾਂਝੀਆਂ ਹਨ। ਉਨ੍ਹਾਂ ਲਈ ਫਰੀਦ, ਨਾਨਕ ਤੇ ਕ੍ਰਿਸ਼ਨ ਇਕੋ ਜਿਹੇ ਹਨ ਪਰ ਇਹ ਸਭ ਕੁਝ ਉਦੋਂ ਤੱਕ ਚੱਲਦਾ ਹੈ ਜਦੋਂ ਤੱਕ ਕਿਸੇ ਚਾਲਬਾਜ਼ ਦੀ ਮਜ਼ਹਬੀ ਚਾਲ ਅਸਰ ਨਹੀਂ ਕਰਦੀ ਜਦੋਂ ਮਜ਼੍ਹਬੀ ਚਾਲ ਅਸਰ ਕਰਦੀ ਹੈ ਤਾਂ ਉਹ ਇੱਕ ਦੂਜੇ ਦੀਆਂ ਧੀਆਂ-ਭੈਣਾਂ ਦੀ ਅਸਮਤ ਲੁੱਟਦੇ ਹਨ, ਆਪਣੀ ਮਾਂ ਬੋਲੀ ਤੋਂ ਦੂਰ ਭੱਜਦੇ ਹਨ। ਪੰਜਾਬੋ ਬੇਬੇ ਦੇ ਪੁੱਤਰਾਂ ਦੀ ਮਜ਼੍ਹਬੀ ਲੜਾਈ ਨੇ ਇਸ ਖਿੱਤੇ ਦਾ ਤੇ ਪੰਜਾਬੀ ਕੌਮ ਤੇ ਫਲਸਫ਼ੇ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਨਾ ਕੋਈ ਅਜਿਹੀ ਰਾਜਸੀ ਧਿਰ ਹੈ ਜੋ ਇਨ੍ਹਾਂ ਨੂੰ ਪੰਜਾਬੀਅਤ ਦੇ ਸੂਤਰ ਚ ਪਰੋ ਸਕੇ।

ਆਜ਼ਾਦੀ ਤੋਂ ਬਾਅਦ ਵੀ ਹਾਲਾਤ ਨਾ ਸੁਧਰੇ। ਭਾਰਤ-ਪਾਕਿਸਤਾਨ ਵੰਡ ਦੌਰਾਨ ਪੰਜਾਬ ਵੀ ਲਹਿੰਦੇ ਤੇ ਚੜ੍ਹਦੇ ਪੰਜਾਬ ਚ ਵੰਡਿਆ ਗਿਆ। ਇਸ ਵੰਡ ਦੌਰਾਨ ਪੰਜਾਬ ਨੇ ਕੀ ਗਵਾਇਆ, ਸਭ ਪੰਜਾਬੀਆਂ ਨੂੰ ਭਲੀ-ਭਾਂਤ ਪਤਾ ਹੀ ਹੈ। ਅਜਿਹੇ ਹਾਲਾਤਂ ਤੇ ਕੋਈ ਦਰਦਮੰਦ ਪੰਜਾਬੀ ਸਿਰਫ਼ ਰੋ ਹੀ ਸਕਦਾ ਸੀ। ਲਹਿੰਦੇ ਪੰਜਾਬ ਚ ਪੰਜਾਬੀ ਨਾਲ ਅੰਤਾਂ ਦਾ ਧੱਕਾ ਹੁੰਦਾ ਰਿਹਾ ਹੈ (ਹੁਣ ਵੀ ਹੋ ਰਿਹੈ)। ਇਸਦੇ ਆਪਣੇ ਹੀ ਇਸਨੂੰ ਮਾਰਨ ਤੇ ਤੁਲੇ ਹੋਏ ਹਨ। ਪਾਕਿਸਤਾਨ ਚ ਪੰਜਾਬੀਆਂ ਦਾ ਹਰ ਖੇਤਰ ਚ ਬੋਲਬਾਲਾ ਹੈ। ਜੇ ਉਹ ਛੋਟੇ ਸੂਬਿਆਂ ਦੀ ਲੰਬੜਦਾਰੀ ਕਰ ਸਕਦੇ ਹਨ, ਉਨ੍ਹਾਂ ਦੇ ਕੁਦਰਤੀ ਸਾਧਨਾਂ ਤੇ ਕਾਬਜ਼ ਹੋ ਸਕਦੇ ਹਨ ਤਾਂ ਕੀ ਆਪਣੀ ਮਾਂ-ਬੋਲੀ ਲਈ ਕੁਝ ਨਹੀਂ ਕਰ ਸਕਦੇ? ਉਸਦਾ ਬਣਦਾ ਮਾਣ ਨਹੀਂ ਦਵਾ ਸਕਦੇ? ਮਰਹੂਮ ਗੁਲਾਮ ਹੈਦਰ ਵਾਈਂ ਲਹਿੰਦੇ ਪੰਜਾਬ ਦੇ ਠੇਠ ਪੰਜਾਬੀ ਮੁੱਖ ਮੰਤਰੀ (ਵਜ਼ੀਰ-ਏ-ਆਹਲਾ) ਹੋਏ ਹਨ। ਉਨ੍ਹਾਂ ਦੇ ਸਮੇਂ ਹੀ ਪਾਕਿਸਤਾਨ ਦੀ ਮਰਕਜ਼ੀ ਹਕੂਮਤ (ਕੇਂਦਰ ਸਰਕਾਰ) ਵੱਲੋਂ ਪੰਜਾਬ ਸਰਕਾਰ ਵੱਲ ਚਿੱਠੀ ਘੱਲੀ ਗਈ ਕਿ ਜੇਕਰ ਪੰਜਾਬ ਸਰਕਾਰ ਚਾਹਵੇ ਤਾਂ ਮਾਂ-ਬੋਲੀ ਰਾਹੀਂ ਬੱਚਿਆਂ ਨੂੰ ਮੁੱਢਲੀ ਸਿੱਖਿਆ ਦਾ ਆਹਰ ਕਰ ਸਕਦੀ ਹੈ। ਪਰ ਉਸ ਠੇਠ ਪੰਜਾਬੀ ਮੁੱਖ ਮੰਤਰੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ।

ਚੜ੍ਹਦੇ ਪੰਜਾਬ (ਭਾਰਤ ਵਾਲੇ ਪਾਸੇ ਦੇ) ਚ ਵੀ ਪੰਜਾਬ ਤੇ ਪੰਜਾਬੀਅਤ ਦਾ ਕੁਝ ਨਾ ਬਣ ਸਕਿਆ। ਆਜ਼ਾਦੀ ਤੋਂ ਬਾਅਦ ਭਾਰਤ ਚ ਰਾਜਾਂ ਦਾ ਭਾਸ਼ਾ ਦੇ ਅਧਾਰ ਤੇ ਪੁਨਰਗਠਨ ਹੋਇਆ ਪਰ ਪੰਜਾਬ ਨੂੰ ਮਹਿਰੂਮ ਹੀ ਰੱਖਿਆ ਗਿਆ। ਜਿਸ ਨਾਲ ਬਹੁ-ਗਿਣਤੀ ਪੰਜਾਬੀਆਂ ਚ ਬੇਗਾਨਗੀ ਦੀ ਭਾਵਨਾ ਪੈਦਾ ਹੋਈ। ਅਕਾਲੀਆਂ ਨੇ ਪੰਜਾਬੀ ਸੂਬੇ ਲਈ ਮੋਰਚਾ ਲਾਇਆ ਜਿਸ ਵਿੱਚ ਕਾਮਰੇਡਾਂ ਨੇ ਵੀ ਸਾਥ ਦਿੱਤਾ। ਇਸ ਦੇ ਜਵਾਬ ਚ ਉਸ ਵੇਲੇ ਦੇ ਜਨ ਸੰਘ ਨੇ ਵੀ ਮਹਾਂ ਪੰਜਾਬ ਦੀ ਲਹਿਰ ਚਲਾਈ। ਜਿੱਥੇ ਕਾਮਰੇਡਾਂ ਦੀ ਲੜਾਈ ਸਮੁੱਚੇ ਪੰਜਾਬੀਆਂ ਦੇ ਹਿੱਤਾਂ ਲਈ ਸੀ ਉਥੇ ਅਕਾਲੀਆਂ ਤੇ ਜਨ-ਸੰਘੀਆਂ ਦੀ ਲੜਾਈ ਫਿਰਕਾਪ੍ਰਸਤੀ ਤੋਂ ਪ੍ਰੇਰਿਤ ਸੀ। ਪੰਜਾਬੀ ਹਿੰਦੂਆਂ ਨੂੰ ਆਪਣੀ ਮਾਂ ਬੋਲੀ ਹਿੰਦੀ ਲਿਖਵਾਉਣ ਲਈ ਪ੍ਰੇਰਿਆ ਗਿਆ। ਇੱਕ ਨਵੰਬਰ 1966 ਨੂੰ 'ਲੰਗੜਾ ਪੰਜਾਬੀ ਸੂਬਾ' ਪੰਜਾਬ ਬਣ ਗਿਆ। ਜਿਸ ਨਾਲ ਅਕਾਲੀਆਂ ਦੀ ਸਿਆਸਤ ਪ੍ਰਾਪਤੀ ਦੀ ਭੁੱਖ ਤਾਂ ਮਿਟ ਗਈ ਪਰ ਪੰਜਾਬੀ ਸੂਬੇ ਦਾ ਅਸਲ ਉਦੇਸ਼ ਪੂਰਾ ਨਹੀਂ ਹੋਇਆ ਕਿਉਂਕਿ ਪੰਜਾਬੀ ਬੋਲਦੇ ਬਹੁਤੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ।

ਨਵੇਂ ਬਣੇ ਇਸ ਪੰਜਾਬੀ ਸੂਬੇ ਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਮਿਲ ਗਿਆ। ਪੰਜਾਬੀ ਯੂਨੀਵਰਸਿਟੀ ਤੇ ਭਾਸ਼ਾ ਵਿਭਾਗ ਦੀ ਸਥਾਪਨਾ ਹੋਈ। ਪੰਜਾਬੀ ਸਾਹਿਤ ਤੇ ਪੱਤਰਕਾਰੀ ਦੀਆਂ ਨਵੀਆਂ ਆਸਾਂ ਜਾਗੀਆਂ। ਪੰਜਾਬੀ ਦੇ ਅਖ਼ਬਾਰ ਲੱਖਾਂ ਦੀ ਗਿਣਤੀ ਚ ਛਪਣ ਲੱਗ ਪਏ। ਇਹ ਸਭ ਹੋਣ ਦੇ ਬਾਵਜੂਦ ਪੰਜਾਬੀਆਂ ਚ ਫਿਰ ਵੀ ਪੰਜਾਬੀਅਤ ਦੀ ਭਾਵਨਾ ਉਦੈ ਨਾ ਹੋ ਸਕੀ।

ਪੰਜਾਬੀ ਆਪਣੀ ਮਾਦਰੀ ਜ਼ੁਬਾਨ ਤੋਂ ਕਿਨਾਰਾ ਕਰੀ ਜਾ ਰਹੇ ਹਨ। ਪੰਜਾਬੀ ਆਪਣੇ ਬੱਚਿਆਂ ਦੇ ਮੂੰਹੋਂ ਮੁੱਢਲੇ ਬੋਲ ਪੰਜਾਬੀ ਦੀ ਥਾਂ ਗੈਰ-ਪੰਜਾਬੀ ਜ਼ੁਬਾਨਾਂ ਦੇ ਸੁਣਨਾ ਪਸੰਦ ਕਰਦੇ ਹਨ। ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਚ ਉਸਰ ਰਹੇ ਪਬਲਿਕ ਸਕੂਲ ਪੰਜਾਬੀ ਦੇ ਘਾਣ ਚ ਮੋਹਰੀ ਰੋਲ ਅਦਾ ਕਰ ਰਹੇ ਹਨ, ਸਰਕਾਰ ਦੀ ਸਰਪ੍ਰਸਤੀ ਇਨ੍ਹਾਂ ਸਕੂਲਾਂ ਨੂੰ ਪੂਰੀ ਤਰ੍ਹਾਂ ਪ੍ਰਾਪਤ ਹੈ। ਪੰਜਾਬ ਚ ਲਗਾਤਾਰ ਹਿੰਦੀ ਤੇ ਅੰਗਰੇਜ਼ੀ ਦੇ ਅਖ਼ਬਾਰ ਆਪਣੇ ਪੈਰ ਪਸਾਰ ਰਹੇ ਹਨ। ਜੇਕਰ ਪੰਜਾਬੀ ਦਾ ਸਭ ਤੋਂ ਵੱਧ ਵਿਕਣ ਵਾਲਾ ਪੰਜਾਬੀ ਅਖ਼ਬਾਰ 'ਰੋਜ਼ਾਨਾ ਅਜੀਤ' ਆਪਣੀ ਛਪਣ ਗਿਣਤੀ ਪੌਣੇ ਚਾਰ ਲੱਖ ਦੱਸਦਾ ਹੈ ਤਾਂ ਹਿੰਦੀ ਦੇ ਰੋਜ਼ਾਨਾ 'ਪੰਜਾਬ ਕੇਸਰੀ' ਦੀ ਛਪਣ ਗਿਣਤੀ ਪੰਜ ਲੱਖ ਤੋਂ ਉਪੱਰ ਹੈ।

ਪੰਜਾਬੀਆਂ ਨੇ ਪੰਜਾਬੀ ਫਲਸਫ਼ੇ, ਪੰਜਾਬੀ ਸਕਾਫ਼ਤ ਦੀ ਬਹੁ-ਰੂਪਤਾ ਜਾਂ ਅਨੇਕਤਾ ਚ ਏਕਤਾ ਦੀ ਫਿਲਾਸਫ਼ੀ ਨੂੰ ਸਮਝਣ ਦੀ ਥਾਂ ਉਸਨੂੰ ਸਿਰਫ਼ ਧਰਮ ਤੱਕ ਸੀਮਤ ਕਰ ਲਿਆ ਹੈ ਤੇ ਆਪੋ-ਆਪਣੀ ਡਫਲੀ ਵਜਾਈ ਜਾ ਰਹੇ ਹਨ।

ਚੜ੍ਹਦੇ ਪੰਜਾਬ ਚ ਪੰਜਾਬੀਆਂ ਨੂੰ ਕੋਈ ਅਜਿਹਾ ਰਾਜਸੀ ਦਲ ਵੀ ਨਹੀਂ ਮਿਲਿਆ ਜੋ ਸੱਚੇ ਦਿਲੋਂ ਉਨ੍ਹਾਂ ਦੀ ਏਕਤਾ ਦੀ ਗੱਲ ਕਰਦਾ ਹੋਵੇ ਪੰਜਾਬੀਆਂ ਨੂੰ ਦਲ ਹੀ ਫਿਰਕੂ ਅਧਾਰ ਤੇ ਵੋਟਾਂ ਵਟੋਰਨ ਵਾਲੇ ਮਿਲੇ ਹਨ। ਪੰਜਾਬੀਆਂ ਨੂੰ ਇੱਕ ਸਿਆਸੀ ਦਲ ਅਜਿਹਾ ਮਿਲਿਆ ਹੈ, ਜਿਸਨੂੰ ਹਰ ਵੇਲੇ 'ਪੰਥ ਖਤਰੇ ਚ ਹੈ' ਦਾ ਹੀ ਸੁਪਨਾ ਆਉਂਦਾ ਰਹਿੰਦਾ ਹੈ। ਇਸੇ ਦੀ ਹਾਲ ਦੁਹਾਈ ਪਾ ਕੇ ਹੀ ਉਸਦਾ ਤੋਰੀ-ਫੁਲਕਾ ਚੱਲਦਾ ਹੈ। ਦੂਜਾ ਸਿਆਸੀ ਦਲ ਉਹ ਹੈ ਜੋ ਢੌਂਗ ਤਾਂ ਧਰਮ-ਨਿਰਪੱਖਤਾ ਦਾ ਕਰਦਾ ਹੈ ਪਰ ਹਿੰਦੂ ਵੋਟ ਬੈਂਕ ਵਟੋਰਨ ਲਈ ਹਰ ਤਰ੍ਹਾਂ ਦੇ ਹੱਥ-ਕੰਡੇ ਵਰਤਦਾ ਹੈ। ਵਿਰੋਧੀ ਧਿਰ ਤੋਂ ਪੰਥਕ ਮੁੱਦੇ ਖੋਹਣ ਲਈ ਵੀ ਉਹ ਨੀਵੇਂ ਤੋਂ ਨੀਵੇ ਦਰਜੇ ਦੇ ਕੰਮ ਕਰਦਾ ਹੈ। ਦੋਵਾਂ ਪਾਰਟੀਆਂ ਦੇ ਇਨ੍ਹਾਂ 'ਮਹਾਨ ਕੰਮਾਂ' ਨੇ ਜਿੱਥੇ ਪੰਜਾਬੀਆਂ ਚ ਪੰਜਾਬੀਅਤ ਦੀ ਭਾਵਨਾ ਪੈਦਾ ਹੋਣ ਤੋਂ ਰੋਕੀ ਹੈ ਉਥੇ ਪੰਜਾਬ ਨੂੰ ਕਾਲੇ ਦਿਨਾਂ (80 ਤੋਂ 90 ਵਿਆਂ) ਤੱਕ ਲਿਜਾਣ ਤੇ ਬਲਦੀ ਦੇ ਬੂਥੇ ਦੇਣ ਦਾ ਕੰਮ ਵੀ ਕੀਤਾ ਹੈ।

ਅਖੀਰ ਇਹੀ ਕਹਾਂਗਾ ਕਿ 'ਪੰਜਾਬੋ ਬੇਬੇ' ਦਾ ਸਭ ਤੋਂ ਵੱਧ ਨੁਕਸਾਨ ਵੀ ਉਸਦੇ ਤਿੰਨ ਪੁੱਤਰਾਂ (ਹਿੰਦੂ, ਮੁਸਲਿਮ ਤੇ ਸਿੱਖ) ਨੇ ਕੀਤਾ ਹੈ। ਜਦੋਂ ਤੱਕ ਇਹ ਤਿੰਨੇ ਫਕੀਰ ਭਰਾ (ਫਕੀਰ-ਉਦ-ਦੀਨ, ਫਕੀਰ ਸਿੰਘ, ਫਕੀਰ ਚੰਦ) ਅੱਖਾਂ ਤੋਂ ਮਜ਼੍ਹਬੀ ਪੱਟੀਆਂ ਨਹੀਂ ਲਾਹ ਲੈਂਦੇ ਪੰਜਾਬੀ ਕੌਮ ਦੇ ਫਲਸਫ਼ੇ ਤੇ ਪੰਜਾਬ ਦੀ ਹਸਤੀ ਦਾ ਕੁਝ ਵੀ ਨਹੀਂ ਬਣੇਗਾ।

ਅੱਜ ਲੋੜ ਹੈ ਕਿ ਪੰਜਾਬੋ ਬੇਬੇ ਦੇ ਤਿੰਨੋਂ ਪੁੱਤ ਨਵੀਂ ਵਿਗਿਆਨਕ ਚੇਤਨਾ ਤੋਂ ਸਬਕ ਲੈਂਦੇ ਹੋਏ ਮਜ਼੍ਹਬੀ ਜਨੂੰਨ ਨੂੰ ਪਰੇ ਸੁੱਟਣ। ਹਿੰਦੂ, ਮੁਸਲਿਮ ਤੇ ਸਿੱਖ ਹੋਣ ਦੀ ਥਾਂ ਪੰਜਾਬੀ ਹੋਣ ਨੂੰ ਤਰਜੀਹ ਦੇਣ। 'ਫਕੀਰ-ਉਦ-ਦੀਨ', 'ਫਕੀਰ ਸਿੰਘ' ਤੇ 'ਫਕੀਰ ਚੰਦ' ਦੀ ਥਾਂ 'ਫਕੀਰਾ' ਬਣਨ। 'ਭੋਲਾ ਸਿੰਘ', 'ਭੋਲਾ ਖਾਂ' ਤੇ 'ਭੋਲਾ ਨਾਥ' ਬਣਨ ਦੀ ਥਾਂ 'ਭੋਲਾ' ਬਣਨ 'ਮੇਹਰਦੀਨ', 'ਮੇਹਰ ਸਿੰਘ' ਤੇ 'ਮੇਹਰ ਚੰਦ' ਬਣਨ ਦੀ ਥਾਂ 'ਮੇਹਰਾ' ਜਾਂ 'ਮੇਹਰੂ' ਬਣਨ ਇਸੇ ਚ ਹੀ ਪੰਜਾਬੀ ਕੌਮ ਦੀ ਭਲਾਈ ਹੈ।

ਕੀ ਤੁਹਾਡੀ ਕਾਰ ਦੀ ਚਾਬੀ ਅੰਦਰ ਰਹਿ ਗਈ ਹੈ?
ਕੰਮ ਤੇ ਜਾਣ ਦੀ ਜਲਦੀ ਹੈ ?
ਕਾਰ ਲਾਕ ਹੋ ਗਈ ਹੈ ?




We also provide Boost for your Vehicles.
ਤਾਂ ਘਬਰਾਉ ਨਾ.....
ਕਾਰ ਲਾਕ ਹੁੰਦਿਆਂ ਹੀ
ਗੁਰਪ੍ਰੀਤ ਸੋਹਲ ਨੂੰ
780 935 2990



Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA · empowered by AXIOM MORTGAGE PARTNERS · AMBA · BBB ACCREDITED BUSINESS · think MORTGAGE think AMP™



Krishna(KK)Gupta, AMP
"Experienced, Knowledgeable, Committed"
Serving the Community Since 1999

# ਭਾਰਤ ਦੇ ਬੇਹੱਦ ਅਮੀਰ : ਇਕ ਝਲਕ

ਗਿਰੀਸ਼ ਮਿਸ਼ਰ

ਵੈਸੇ ਤਾਂ ਸਾਡੇ ਦੇਸ਼ ਵਿਚ ਅਮੀਰ ਤੇ ਗਰੀਬ ਹਜ਼ਾਰਾਂ ਸਾਲਾਂ ਤੋਂ ਹਨ, ਪਰ ਉਨ੍ਹਾਂ ਵਿਚਾਲੇ ਪਾੜਾ ਨਵ-ਉਦਾਰਵਾਦੀ ਆਰਥਕ ਸੁਧਾਰ ਪ੍ਰੋਗਰਾਮ ਲਾਗੂ ਕੀਤੇ ਜਾਣ ਨਾਲ ਤੇਜ਼ੀ ਨਾਲ ਵਧਿਆ ਹੈ।

ਨਹਿਰੂ-ਇੰਦਰਾ ਯੁੱਗ ਤਕ ਅਮੀਰਾਂ, ਖਾਸ ਕਰ ਨਵ-ਅਮੀਰਾਂ ਵਲੋਂ ਆਪਣੀ ਅਮੀਰੀ ਦਾ ਜਨਤਕ ਪ੍ਰਦਰਸ਼ਨ ਅਸਮਾਜਿਕ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਕਾਂਗਰਸ ਦੇ ਖਜਾਨਚੀ ਰਹੇ ਸ਼ਿਵ ਪ੍ਰਸਾਦ ਗੁਪਤ ਅਤੇ ਜਮਨਾਲਾਲ ਬਜਾਜ ਰਹਿਣ-ਸਹਿਣ ਵਿਚ ਮਹਾਂਤਮਾ ਗਾਂਧੀ ਦਾ ਪਾਲਣ ਕਰਦੇ ਸਨ। ਕ੍ਰਿਸ਼ਨ ਕੁਮਾਰ ਬਿਡਲਾ ਨੋਰਥ ਐਵਨਿਊ ਵਿਚ ਟੈਕਸੀ ਰਾਹੀਂ ਆਉਂਦੇ'ਤੇ ਸੰਸਦ ਮੈਂਬਰਾਂ ਕੋਲ ਜਾਂਦੇ ਸਨ। ਇੰਡੀਅਨ ਐਕਸਪ੍ਰੈਸ ਸਮੂਹ ਦੇ ਮਾਲਕ ਰਾਮਨਾਥ ਗੋਇਨਕਾ ਰੋਜ਼ਾਨਾ ਆਪਣੀ ਗੱਡੀ ਖੁਦ ਚਲਾ ਕੇ ਸੰਸਦ ਮੈਂਬਰ ਮਿੱਤਰਾਂ ਕੋਲ ਆਉਂਦੇ੧ਓਨ। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਸਾਰਿਆਂ 'ਤੇ ਆਜ਼ਾਦੀ ਅੰਦੋਲਨ ਦੀਆਂ ਕਦਰਾਂ ਦਾ ਅਸਰ ਸੀ।

ਇਸ ਤੋਂ ਇਲਾਵਾ ਸਮਾਜਕ ਬਰਾਬਰੀ ਕਾਰਨ ਅਮੀਰ ਤੇ ਗਰੀਬ ਵਿਚਾਲੇ ਪਾੜਾ ਜ਼ਿਆਦਾ ਨਹੀਂ ਸੀ। ਅੱਜ ਇਹ ਸਭ ਕੁਝ ਖ਼ਤਮ ਹੋ ਗਿਆ ਹੈ। ਅਮੀਰ ਤੇ ਗਰੀਬ ਅੱਡ-ਅੱਡ ਦੁਨੀਆ ਵਿਚ ਰਹਿ ਰਹੇ ਹਨ। ਜਿਨ੍ਹਾਂ ਲੋਕਾਂ ਨੇ ਉਦਯੋਗਿਕ ਕ੍ਰਾਂਤੀ ਦਾ ਇਤਿਹਾਸ ਪੜ੍ਹਿਆ ਹੈ, ਉਨ੍ਹਾਂ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂਹੈ। ਸਾਲ 1845 ਵਿਚ ਇੰਗਲੈਂਡ ਵਿਚ ਦੋ ਮਹੱਤਵਪੂਰਨ ਪੁਸਤਕਾਂ ਪ੍ਰਕਾਸ਼ਤ ਹੋਈਆਂ। ਇਕ ਦਾ ਨਾਂ ਸੀ- 'ਦ ਕੰਡੀਸ਼ਨ ਆੱਫ ਦ ਵਰਕਿੰਗ ਕਲਾਸ ਇਨ ਇੰਗਲੈਂਡ 1844', ਜਿਸ ਦੇ ਲੇਖਕ ਸਨ ਫਰੈਡਰਿਕ ਏਂਗੇਲਸ। ਏਂਗੇਲਸ ਨੇ ਦੱਸਿਆ ਕਿ ਇੰਗਲੈਂਡ ਵਿਚ ਦੋ ਵਰਗਾਂ, ਮਜ਼ਦੂਰਾਂ ਤੇ ਪੂੰਜੀਪਤੀ ਵਰਗ ਵਿਚਾਲੇ ਜਨਸੰਖਿਆ ਵੰਡੀ ਗਈ ਹੈ, ਜਿਨ੍ਹਾਂ ਵਿਚ ਏਨਾ ਵਖਰੇਵਾਂ ਹੈ, ਮੰਨੋ ਉਹ ਦੋ ਵੱਖ-ਵੱਖ ਨਸਲਾਂ ਹੋਣ।

ਦੂਸਰੀ ਕਿਤਾਬ ਸੀ ਇੰਗਲੈਂਡ ਦੇ ਦੋ ਵਾਰ ਪ੍ਰਧਾਨ ਮੰਤਰੀ ਬਣੇ ਬੇਂਜਾਮਿਨ ਡਿਜਰਾਇਲੀ ਦੀ। ਡਿਜਰਾਇਲੀ ਸਫ਼ਲ ਸਾਹਿਤਕਾਰ ਸਨ। ਉਨ੍ਹਾਂ ਦਾ ਨਾਵਲ 'ਸਿਵਿਲ' 1845 ਵਿਚ ਆਇਆ। ਇਸ ਦਾ ਉਪ ਸਿਰਲੇਖ ਸੀ 'ਜਾਂ ਦੋ ਰਾਸ਼ਟਰ'। ਉਨ੍ਹਾਂ ਲਿਖਿਆ ਸੀ ਕਿ ਇਕ ਦੇਸ਼ ਹੋਣ ਦੇ ਬਾਵਜੂਦ ਇੰਗਲੈਂਡ ਦੋ ਰਾਸ਼ਟਰਾਂ ਅਮੀਰ ਤੇ ਗਰੀਬ ਵਿਚਾਲੇ ਵੰਡਿਆ ਗਿਆ ਹੈ।

ਬਹੁਤ ਕੁਝ ਅਜਿਹੀਆਂ ਗੱਲਾਂ ਫਰਾਂਸੀਸੀ ਚਿੰਤਕ ਅਲੇਕਸੀ ਦ ਤੋਕਿਵਲ ਨੇ 1935 ਵਿਚ ਕਹੀਆਂ ਸਨ। ਉਨ੍ਹਾਂ ਅਨੁਸਾਰ ਦੋ ਵਿਰੋਧੀ ਰਾਸ਼ਟਰਾਂ ਦਾ ਉਦੈ ਹੋਇਆ ਹੈ। ਏਮਿਲ ਜੋਲਾ ਨੇ 19ਵੀਂ ਸਦੀ ਦੌਰਾਨ ਲਿਖੇ ਆਪਣੇ ਇਕ ਨਾਵਲ ਵਿਚ ਇਨ੍ਹਾਂ ਘਟਨਾਵਾਂ ਦਾ ਵਿਸਥਾਰ ਵਿਚ ਬਿਓਰਾ ਦਿੱਤਾ।

ਅਜੀਬ ਗੱਲ ਹੈ ਕਿ ਸਾਡੇ ਸਾਹਿਤਕਾਰਾਂ, ਪੱਤਰਕਾਰਾਂ ਅਤੇ ਸਮਾਜ ਵਿਗਿਆਨੀਆਂ ਦਾ ਧਿਆਨ ਇਸ ਵੱਲ ਨਹੀਂ ਗਿਆ ਹੈ। ਸਾਲਾਂ ਪਹਿਲਾਂ 'ਨੀਚਾ ਨਗਰ' ਨਾਮਕ ਇਕ ਫਿਲਮ ਜ਼ਰੂਰ ਬਣੀ ਸੀ। ਇਕ ਨਾਵਲ ਜਗਦੰਬਾ ਪ੍ਰਸਾਦ ਦੀਕਸ਼ਿਤ ਦਾ ਆਇਆ ਸੀ।

ਅੱਜ ਤੁਸੀਂ ਦੇਸ਼ ਦੇ ਕਿਸੇ ਵੀ ਵੱਡੇ ਸ਼ਹਿਰ ਵਿਚ ਚਲੇ ਜਾਓ, ਉਥੇ ਤੁਹਾਨੂੰ ਦੋ ਰਾਸ਼ਟਰ ਮਿਲਣਗੇ। ਇਕ ਥਾਂ ਦਰਵਾਜ਼ਿਆਂ 'ਤੇ ਨਿੱਜੀ ਸੁਰੱਖਿਆ ਕਰਮਚਾਰੀਆਂ ਨਾਲ ਭਰੀਆਂ ਕਲੋਨੀਆਂ ਮਿਲਣਗੀਆਂ। ਚਮ-ਚਮਾਉਂਦੀਆਂਟੱਡੀਆਂ ਵੱਡੀਆਂ ਗੱਡੀਆਂ ਦਿਖਾਈ ਦੇਣਗੀਆਂ ਤੇ ਮੌਲ ਹੋਣਗੇ, ਤਾਂ ਦੂਸਰੇ ਪਾਸੇ ਗੰਦੀਆਂ ਬਸਤੀਆਂ ਜਾਂ ਝੁੱਘੀਆਂ-ਝੌਂਪੜੀਆਂ ਦਾ ਸੰਸਾਰ। ਇਨ੍ਹਾਂ ਵਿਚਾਲੇ ਆਰਥਕ ਲੈਣ-ਦੇਣ ਤਾਂ ਪਹਿਲਾਂ ਵਰਗਾ ਹੀ ਹੈ ਪਰ ਸਮਾਜਕ-ਸੰਸਕ੍ਰਿਤਿਕ ਖਿਚਾਅ ਬਿਲਕੁਲ ਨਹੀਂ ਹੈ। ਪੌਸ਼ ਕਲੋਨੀਆਂ ਨੂੰ ਘਰੇਲੂ ਸੇਵਕ, ਡਰਾਈਵਰ, ਇਲੈਕਟ੍ਰਿਸ਼ਨ, ਪਲੰਬਰ ਆਦਿ ਗੰਦੀਆਂ ਬਸਤੀਆਂ ਤੋਂ ਮਿਲਦੇ ਹਨ ਤੇ ਉਨ੍ਹਾਂ ਦੀ ਆਮਦਨ ਦਾ ਇਕ ਹਿੱਸਾ ਰਿਸ ਕੇ ਗਰੀਬਾਂ ਦੀ ਝੋਲੀ ਵਿਚ ਟਪਕਦਾ ਹੈ, ਜਿਸ ਨੂੰ ਅਰਥਸ਼ਾਸ਼ਤਰੀ 'ਟ੍ਰਿਕਲ ਡਾਉਨ' ਸਿਧਾਂਤ ਦੱਸਦੇ ਹਨ।



ਜਿਵੇਂ ਕਿ ਅਸੀਂ ਕਹਿ ਚੁੱਕੇ ਹਾਂ, ਭਾਰਤ ਵਿਚ ਵੀ ਦੋ ਰਾਸ਼ਟਰ ਹਨ ਤੇ ਉਨ੍ਹਾਂ ਦਾ ਵਿਸਤਾਰ ਅਤੇ ਵਖਰੇਵਾਂ ਨਵ-ਉਦਾਰਵਾਦੀ ਆਰਥਕ ਸੁਧਾਰ ਪ੍ਰੋਗਰਾਮਾਂ ਨੂੰ ਅਪਣਾਉਣ ਕਾਰਨ ਤੇਜ਼ੀ ਨਾਲ ਹੋ ਰਿਹਾ ਹੈ। ਮਾਰਕੇ ਦੀ ਗੱਲ ਹੈ ਕਿ ਅਮੀਰ ਲੋਕਾਂ ਵਿਚਾਲੇ ਅਤਿ ਅਮੀਰਾਂ ਦਾ ਇਕ ਭਾਈਚਾਰਾ ਤੇਜ਼ੀ ਨਾਲ ਉਭਰ ਰਿਹਾ ਹੈ ਅਤੇ ਉਸ ਦਾ ਫੈਲਾਅ ਹੋ ਰਿਹਾ ਹੈ। ਇਨ੍ਹਾਂ ਅਤਿ ਅਮੀਰਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋਣ ਲਈ ਘੱਟੋ-ਘੱਟ ਉਮਰ 25 ਕਰੋੜ ਦੀ ਨਿਵਲ ਪਰਿਸੰਪਤੀ ਹੋਣੀ ਚਾਹੀਦੀ ਹੈ।

ਕੋਟਕ ਵੈਲਥ ਮੈਨੇਜਮੈਂਟ ਅਤੇ ਕ੍ਰਿਸਿਲ ਲਿਮਟਿਡ ਦੇ ਸੰਯੁਕਤ ਅਧਿਐਨ ਅਨੁਸਾਰ ਸਾਲ 2010-11 ਵਿਚ ਦੇਸ਼ ਵਿਚ 62 ਹਜ਼ਾਰ ਅਤਿ ਅਮੀਰ ਪਰਿਵਾਰ ਸਨ, ਜਿਨ੍ਹਾਂ ਦੀ ਕੁਲ ਸੰਪਤੀ 45 ਟ੍ਰਿਲੀਅਨ (ਇਕ ਟ੍ਰਿਲੀਅਨ□8 ਖਰਬ) ਰੁਪਏ ਸੀ। ਆਗਾਮੀ ਪੰਜ ਸਾਲਾਂ ਦੌਰਾਨ ਇਹ 235 ਟ੍ਰਿਲੀਅਨ ਰੁਪਏ 'ਤੇ ਪਹੁੰਚਣ ਵਾਲੀ ਹੈ। ਜ਼ਿਕਰਯੋਗ ਹੈ ਕਿ ਜ਼ਿਆਦਾਤਰ ਅਮੀਰ ਮੁੰਬਈ, ਦਿੱਲੀ, ਬੰਗਲੌਰ, ਹੈਦਰਾਬਾਦ, ਅਹਿਮਦਾਬਾਦ ਤੇ ਚੇਨਈ ਵਿਚ ਰਹਿੰਦੇ ਹਨ।

ਇਕ ਹੋਰ ਰਿਪੋਰਟ ਅਨੁਸਾਰ ਭਾਰਤ ਦਾ ਅਮੀਰਾਂ ਦੀ ਸੂਚੀ ਵਿਚ ਵਿਸ਼ਵ ਵਿਚ ਬਾਰ੍ਹਵਾਂ ਹੈ। ਸਾਲ 2009 ਦੇ ਮੁਕਾਬਲੇ ਉਨ੍ਹਾਂ ਦੀ ਸੰਖਿਆ 2010 ਵਿਚ 20.8 ਫੀਸਦੀ ਵਧੀ ਹੈ। ਬੇਹੱਦ ਅਮੀਰਾਂ ਦੀ ਵਧਦੀ ਸੰਖਿਆ ਅਤੇ ਸੰਪਤੀ ਦੇ ਕਈ ਕਾਰਨ ਹਨ। ਪਹਿਲਾ ਬਾਜ਼ਾਰ ਉਨ੍ਹਾਂ ਵਲੋਂ ਵਰਤੀਆਂ ਜਾਣ ਵਾਲੀਆਂ ਵਸਤੂਆਂ ਅਤੇ ਮੰਗ ਨੂੰ ਪੂਰਾ ਕਰਨ ਲਈ ਉਤਾਵਲਾ ਰਹੇਗਾ ਤੇ ਵੱਡਾ ਮੁਨਾਫ਼ਾ ਕਮਾਏਗਾ। ਅਜਿਹੀ ਸਥਿਤੀ ਦਾ ਭਾਰਤੀ ਬਾਜ਼ਾਰ 'ਤੇ ਵਿਸਫੋਟਕ ਅਸਰ ਹੋਵੇਗਾ।

ਦੇਸ਼-ਵਿਦੇਸ਼ ਵਿਚ ਛੁੱਟੀ ਮਨਾਉਣ ਵਾਲੇ ਧਨਾਢਾਂ ਦੀ ਸੰਖਿਆ ਵੇਧੀ। ਵਿਸ਼ੇਸ਼ ਹਾੱਲੀਡੇਜ਼ ਪੈਕੇਜਾਂ ਦੀ ਮੰਗ ਵਧੇਗੀ। ਇਨ੍ਹਾਂ ਸਾਰਿਆਂ ਨਾਲ ਜੁੜੇ ਲੋਕਾਂ ਨੂੰ ਵੱਡਾ ਮੁਨਾਫ਼ਾ ਹੋਵੇਗਾ। ਅਮੀਰ ਹੀਰੇ-ਮੋਤੀਆਂ ਤੇ ਗਹਿਣਿਆਂ 'ਤੇ ਬੇਹਿਸਾਬ ਖਰਚ ਕਰ ਰਹੇ ਹਨ। ਇਕ ਅੰਦਾਜ਼ੇ ਅਨੁਸਾਰ ਹਾਲੇ ਇਹ ਬਾਜ਼ਾਰ 229 ਰੁਪਏ ਦਾ ਹੈ। ਇਸ ਵਿਚ ਵਾਧਾ ਹੁੰਦਾ ਜਾਵੇਗਾ, ਜਿਸ ਨਾਲ ਇਨ੍ਹਾਂ ਦੇ ਵੱਡੇ ਦੇਸ਼ੀ-ਵਿਦੇਸ਼ੀ ਉਤਪਾਦਕਾਂ ਅਤੇ ਨਿਵੇਸ਼ਕਾਂ ਨੂੰ ਭਾਰੀ ਮੁਨਾਫ਼ਾ ਮਿਲੇਗਾ। ਇਸੇ ਤਰ੍ਹਾਂ ਲਗਜ਼ਰੀ ਗੱਡੀਆਂ ਦੀ ਮੰਗ ਵਧੇਗੀ। ਇਕ ਲਗਜ਼ਰੀ ਗੱਡੀ ਦੀ ਕੀਮਤ 23 ਲੱਖ ਤੋਂ ਸ਼ੁਰੂ ਹੁੰਦੀ ਹੈ। ਅਧਿਐਨ ਅਨੁਸਾਰ ਇਕ ਅਮੀਰ ਔਸਤਨ ਅਜਿਹੀਆਂ ਦੋ-ਚਾਰ ਗੱਡੀਆਂ ਰੱਖਦਾ ਹੈ। ਜ਼ਾਹਰ ਹੈ ਇਨ੍ਹਾਂ ਲਗਜ਼ਰੀ ਗੱਡੀਆਂ ਦਾ ਨਿਰਮਾਣ ਵਿਦੇਸ਼ੀ ਕੰਪਨੀਆਂ ਕਰਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਨਿਵੇਸ਼ ਕਰਨ ਅਤੇ ਮੁਨਾਫ਼ਾ ਕਮਾਉਣ ਦਾ ਵੱਡਾ ਮੌਕਾ ਮਿਲੇਗਾ।

ਇਸ ਦੇ ਨਾਲ ਹੀ ਇਲੈਕਟ੍ਰਾਨਿਕ ਵਸਤੂਆਂ ਦੀ ਵੀ ਮੰਗ ਵਧੇਗੀ। ਅਮੀਰ ਆਪਣੇ ਘਰਾਂ ਵਿਚ 55 ਇੰਚ ਜਾਂ ਉਸ ਤੋਂ ਵੱਡੀ ਸਕਰੀਨ ਵਾਲੇ ਟੈਲੀਵਿਜ਼ਨ ਅਤੇ ਬਹੁਤੇ ਆਪਣੇ ਘਰਾਂ ਵਿਚ ਮਨੋਰੰਜਨ ਤੇ ਥੀਏਟਰ ਦੀ ਵਿਵਸਥਾ ਕਰਨਗੇ। ਕਈ 'ਹੋਮ ਆਟੋਮੇਸ਼ਨ' ਦਾ ਇੰਤਜ਼ਾਮ ਕਰਨਗੇ, ਜਿਸ ਨਾਲ ਬੈਠੇ-ਬੈਠੇ ਟੈਲੀਵਿਜ਼ਨ ਤੇ ਏਅਰ ਕੰਡੀਸ਼ਨਰ ਹੀ ਨਹੀਂ, ਬਲਕਿ ਪਰਦੇ ਅਤੇ ਦਰਵਾਜ਼ੇ ਵੀ ਰਿਮੋਟ ਰਾਹੀਂ ਖੋਲ੍ਹੇ ਤੇ ਬੰਦ ਕਰ ਸਕਣ। ਨਿੱਜੀ ਕਰੈਡਿਟ ਕਾਰਡ ਨੂੰ ਲੈ ਕੇ ਚੋਰੀ ਤੇ ਧੋਖਾਧੜੀ ਦੇ ਕਈ ਮਾਮਲੇ ਵੀ ਸਾਹਮਣੇ ਆਏ ਹਨ। ਇਸ ਲਈ ਕਾਰਪੋਰੇਟ ਕਰੈਡਿਟ ਕਾਰਡ ਦੀ ਵਰਤੋਂ ਦਾ ਰੁਝਾਨ ਵਧ ਰਿਹਾ ਹੈ।

ਇਸੇ ਤਰ੍ਹਾਂ ਧਨਾਢਾਂ ਵਿਚ ਤਿੰਨ ਕਿਸਮ ਦੇ ਲੋਕ ਸ਼ਾਮਲ ਹਨ। ਪਹਿਲੇ ਉਹ ਲੋਕ ਹਨ, ਜਿਨ੍ਹਾਂ ਨੂੰ ਵਿਰਾਸਤ ਵਿਚ ਬੇਸ਼ੁਮਾਰ ਦੌਲਤ ਮਿਲੀ ਹੈ। ਯਾਦ ਰਹੇ ਕਿ 'ਰਾਜਾ ਨਹੀਂ ਫਕੀਰ' ਕਹੇ ਜਾਣ ਵਾਲੇ ਵਿਅਕਤੀ ਜਦੋਂ ਵਿੱਤ ਮੰਤਰੀ ਸਨ ਤਾਂ ਉਨ੍ਹਾਂ ਨੂੰ ਵਿਰਾਸਤ ਵਿਚ ਹਾਸਲ ਧੰਨ 'ਤੇ ਲੱਗਣ ਵਾਲੇ ਟੈਕਸ ਨੂੰ ਹਟਾ ਦਿੱਤਾ ਸੀ। ਸਿੱਟੇ ਵਜੋਂ ਨਹਿਰੂ-ਇੰਦਰਾ ਯੁੱਗ ਦੇ ਮੁਕਾਬਲੇ ਹੁਣ ਵਧੇਰੇ ਧੰਨ ਹਾਸਲ ਹੁੰਦਾ ਹੈ। ਦੂਜੇ, ਉਹ ਲੋਕ ਹਨ, ਜਿਨ੍ਹਾਂ ਨੇ ਖੁਦ ਧੰਨ ਕਮਾਇਆ ਹੈ, ਜਿਵੇਂ ਸੁਨੀਲ ਭਾਰਤੀ ਮਿਤਲ ਜਾਂ ਧੀਰੂਭਾਈ ਅੰਬਾਨੀ। ਤੀਸਰੀ ਸ਼੍ਰੇਣੀ ਵਿਚ ਉਹ ਆਉਂਦੇ❀ਨ, ਜੋ ਪੇਸ਼ੇਵਰ ਕਹੇ ਜਾਂਦੇ ਹਨ। ਇਨ੍ਹਾਂ ਵਿਚ ਵੱਡੇ ਡਾਕਟਰ, ਵਕੀਲ, ਇੰਜਨੀਅਰ, ਪ੍ਰਬੰਧਕ, ਵੱਡੇ ਸਟਾਰ, ਖਿਡਾਰੀ ਆਦਿ ਸ਼ਾਮਲ ਹਨ, ਜੋ ਲੱਖਾਂ-ਲੱਖਾਂ ਰੁਪਏ ਤਨਖਾਹ ਤੇ ਭੱਤੇ ਵਜੋਂ ਹਰ ਸਾਲ ਬਟੋਰਦੇ ਹਨ। ਉਪਰਲੀਆਂ ਦੋ ਸ਼੍ਰੇਣੀਆਂ ਵਿਚ ਆਉਣ ਵਾਲੇ ਲੋਕ ਆਪਣੀ ਆਮਦਨ ਦਾ ਕਰੀਬ ਪੰਜਵਾਂ ਹਿੱਸਾ ਖਰਚ ਕਰਦੇ ਹਨ ਅਤੇ ਬਾਕੀ ਨੂੰ ਨਿਵੇਸ਼ ਕਰਦੇ ਹਨ। ਪੇਸ਼ੇਵਰ ਆਪਣੀ 29 ਫੀਸਦੀ ਆਮਦਨ ਵਸਤੂਆਂ ਖਰੀਦਣ 'ਤੇ ਖਰਚਦੇ ਹਨ, ਕਿਉਂਕਿ ਉਹ ਸੁੱਖ ਨਾਲ ਜਿਉਣਾ ਚਾਹੁੰਦੇ ਹਨ ਅਤੇ ਅਗਲੀਆਂ ਪੀੜੀਆਂ ਲਈ ਧੰਨ ਨਹੀਂ ਛੱਡਣਾ ਚਾਹੁੰਦੇ।

ਖਰਚ ਦਾ ਵੱਡਾ ਹਿੱਸਾ ਵਿਆਹਾਂ ਆਦਿ 'ਤੇ ਖਰਚ ਹੋ ਰਿਹਾ ਹੈ। ਹਵਾ ਜਾਂ ਆਕਾਸ਼ ਵਿਚ ਅਤੇ ਪਾਣੀ ਅੰਦਰ ਪਣਡੁੱਬੀਆਂ ਵਿਚ ਵਿਆਹ ਦਾ ਰਿਵਾਜ਼ ਵੀ ਸ਼ੁਰੂ ਹੋ ਗਿਆ ਹੈ। ਅਧਿਐਨ ਅਨੁਸਾਰ ਵਿਦੇਸ਼ ਵਿਚ ਜਾ ਕੇ ਜਹਾਜ਼ਾਂ ਉਪਰ ਵਿਆਹ ਹੋਣ ਲੱਗੇ ਹਨ। ਕੁਝ ਹੀ ਸਾਲ ਹੋਏ ਹਨ ਜਦੋਂ ਉਦਯੋਗਪਤੀ ਲਕਸ਼ਮੀ ਮਿੱਤਲ ਨੇ ਆਪਣੀ ਧੀ ਦਾ ਵਿਆਹ ਪੈਰਿਸ ਦੇ ਇਕ ਸ਼ਾਨਦਾਰ ਹੋਟਲ ਵਿਚ ਕੀਤਾ, ਜਿਸ ਵਿਚ ਭਾਰਤ ਤੋਂ ਸ਼ਾਮਲ ਹੋਣ ਵਾਲੇ ਮਹਿਮਾਨਾਂ ਨੂੰ ਜਹਾਜ਼ ਰਾਹੀਂ ਲਿਜਾਇਆ ਗਿਆ।

ਤੀਸਰਾ, ਹਵਾਈ ਜਹਾਜ਼ ਆਦਿ ਖਰੀਦਣ ਵੱਲ ਵੀ ਝੁਕਾ ਵਧ ਰਿਹਾ ਹੈ। ਇਕ ਭਾਰਤੀ ਅਰਬਪਤੀ ਨੇ ਲਕਸ਼ਦੀਪ ਵਿਚ ਟਾਪੂ ਖਰੀਦ ਰੱਖੇ ਹਨ ਤੇ ਕਾਨ ਦੇ ਤਲ ਤੋਂ ਦੂਰ ਇਕ ਏਕਾਂਤ ਦੀਪ 'ਤੇ ਮਹਿਲ ਬਣਾਇਆ ਹੈ।

ਚੌਥਾ, ਅਧਿਐਨ ਵਿਚ ਜੋ ਕੁਝ ਕਿਹਾ ਗਿਆ ਉਸ ਦੇ ਕਈ ਸਮਾਜਕ, ਆਰਥਕ, ਸੰਸਕ੍ਰਿਤਕ ਅਤੇ ਸਿਆਸੀ ਸਵਾਰਥ ਹਨ, ਜਿਨ੍ਹਾਂ 'ਤੇ ਵਿਸਥਾਰ ਨਾਲ ਤੇ ਡੂੰਘਾਈ ਨਾਲ ਵਿਚਾਰ ਹੋਣਾ ਚਾਹੀਦਾ ਹੈ। ਕਾਰਲ ਮਾਰਕਸ, ਥੋਸਟਰੀਨ ਵੇਵਲੇਨ, ਹਾਰਵੇ ਲਿਬਿੰਸਟਾਈਨ ਆਦਿ ਦੀਆਂ ਰਚਨਾਵਾਂ ਵਿਚ ਕਾਫੀ ਕੁਝ ਮਿਲ ਸਕਦਾ ਹੈ, ਜੋ ਇਸ ਵਿਚਾਰ ਵਿਚ ਸਾਡੀ ਮਦਦ ਕਰੇ। ਅਫਸੋਸ ਦੀ ਗੱਲ ਹੈ ਕਿ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਹਾਲੇ ਹਾਲ ਹੀ ਵਿਚ ਰਾਜਧਾਨੀ ਦੇ ਨਜ਼ਦੀਕ ਇਕ ਗੁੱਜਰ ਪਰਿਵਾਰ ਵਲੋਂ ਦਹੇਜ਼ ਵਿਚ ਹੈਲੀਕਾਪਟਰ ਦਿੱਤਾ ਗਿਆ। ਸ਼ਾਨਦਾਰ ਦਾਅਵਤ ਹੋਈ, ਜਿਸ ਵਿਚ ਵੱਖ ਵੱਖ ਸਿਆਸੀ ਦਲਾਂ ਦੇ ਆਗੂ ਸ਼ਾਮਲ ਹੋਏ। ਮੀਡੀਆ ਨੇ ਇਸ ਨੂੰ ਸਨਸਨੀਖੇਜ਼ ਬਣਾ ਕੇ ਪੇਸ਼ ਕੀਤਾ ਪਰ ਬੁੱਧੀਜੀਵੀ ਸੁੱਤੇ ਰਹੇ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS


KAPIL SHARMA

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ
ਨਾਲ ਸੰਪਰਕ ਕਰੋ
FOR FAST REFUND USE E-FILES
780-469-2677
FAX : 780-469-2026

# ਗੁਰਦਾਸ ਮਾਨ ਦੀ ਗਾਇਕੀ ਨੇ ਸਰੋਤੇ ਕੀਲੇ

ਐਡਮਿੰਟਨ (ਨਦਬ) : ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਦਾ ਸ਼ੋਅ ਸਾਂਈ ਪ੍ਰੋਡਕਸ਼ਨ ਦੇ ਬੈਨਰ ਹੇਠ ਸਥਾਨਕ ਜੁਬਲੀ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਜਿਸ ਵਿਚ ਐਡਮਿੰਟਨ ਤੋਂ ਇਲਾਵਾ ਆਸ ਪਾਸ ਦੇ ਸ਼ਹਿਰਾਂ ਤੋਂ ਵੀ ਦਰਸ਼ਕਾਂ ਨੇ ਸ਼ੋਅ ਦਾ ਭਰਪੂਰ ਆਨੰਦ ਮਾਣਿਆ। ਗੂੜੇ ਹਰੇ ਰੰਗ ਦੇ ਲਿਬਾਸ ਵਿਚ ਤੇ ਹੱਥ ਵਿਚ ਡਫਲੀ ਵਜਾਉਂਦਿਆਂ ਮਾਨ ਨੇ ਸਟੇਜ ਦੀ ਸ਼ੁਰੂਆਤ ਪ੍ਰਮਾਤਮਾ ਦਾ ਨਾਮ ਲੈਂਦਿਆਂ 'ਆਰਤੀ' ਰਾਹੀਂ ਇਕ ਵੱਖਰੇ ਅੰਦਾਜ਼ ਨਾਲ ਕੀਤੀ। ਇਸ ਤੋਂ ਬਾਅਦ 'ਤੇਰੇ ਇਸ਼ਕ ਦਾ ਗਿੱਧਾ ਪੈਂਦਾ, ਗੱਲ ਤੇਰੇ ਮਤਲਬ ਦੀ, ਸੱਜਣਾ ਵੇ ਸੱਜਣਾ, ਭੁੱਲ ਗਏ ਯਾਰ ਪੁਰਾਣੇ' ਗੀਤਾਂ ਤੋਂ ਇਲਾਵਾ ਦਰਸ਼ਕਾਂ ਦੀਆਂ ਹੋਰ ਵੀ ਢੇਰ ਸਾਰੀਆਂ ਫਰਮਾਇਸ਼ਾਂ ਪੂਰੀਆਂ ਕੀਤੀਆਂ। ਅੰਤ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਗੁਰਦਾਸ ਮਾਨ ਨੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ।



ਉਘੇ ਗਾਇਕ ਗੁਰਦਾਸ ਮਾਨ ਬੱਚੀ ਪਰੀਰਾਜ ਲਾਲੀ ਤੇ ਰਾਜਵਿੰਦਰ ਦੇ ਨਾਲ।

# ਐਡਮਿੰਟਨ 'ਚ ਪਹਿਲੀ ਵਾਰ ਹੋਇਆ ਦੋ ਰੋਜ਼ਾ ਆਊਟ ਡੋਰ ਹਾਕੀ ਟੂਰਨਾਮੈਂਟ

ਐਡਮਿੰਟਨ (ਨਦਬ) : ਐਡਮਿੰਟਨ ਯੂਥ ਫੀਲਡ ਹਾਕੀ ਕਲੱਬ ਵਲੋਂ ਪਿਛਲੇ ਦਿਨੀ ਪਹਿਲੀ ਵਾਰ ਦੋ ਰੋਜ਼ਾ ਆਊਟ ਡੋਰ ਹਾਕੀ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਮਿਲਵੁਡਜ਼ ਰਿੱਕ ਸੇਂਟਰ ਦੀ ਨਵੀਂ ਬਣੀ ਅਤਿ ਆਧੁਨਿਕ ਗਰਾਊਂਡ ਵਿਚ ਕਰਵਾਏ ਇਸ ਟੂਰਨਾਮੈਂਟ ਵਿਚ ਸ਼ਹਿਰ ਦੀਆਂ ਟੀਮਾਂ ਤੋਂ ਇਲਾਵਾ ਸਰੀ, ਵੈਨਕੂਅਰ, ਵਿਨੀਪੈਗ, ਰਜਾਇਨਾ, ਕੈਲਗਿਰੀ ਦੀਆਂ ਹਾਕੀ ਕਲੱਬ ਟੀਮਾਂ ਨੇ ਭਾਗ ਲਿਆ।



ਬੱਚਿਆਂ ਨੂੰ ਸਨਮਾਨਤ ਕਰਦੇ ਹੋਏ ਮੁੱਖ ਮਹਿਮਾਨ। ਤਸਵੀਰ : ਕੰਵਲ ਲਾਇਲ

ਟੂਰਨਾਮੈਂਟ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਉਲੰਪੀਅਨ ਤੇ ਭਾਰਤੀ ਟੀਮ ਦੇ ਸਾਬਕਾ ਕਪਤਾਨ ਰਮਨਦੀਪ ਗਰੇਵਾਲ ਅਤੇ ਪਾਕਿਸਤਾਨ ਦੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਫ਼ੈਜ਼ਲ ਅਲੀ ਨੇ ਟੂਰਨਾਮੈਂਟ ਦਾ ਉਦਘਾਟਨ ਕੀਤਾ।

ਇਸ ਟੂਰਨਾਮੈਂਟ ਸਬੰਧੀ 'ਨਵੀਂ ਦੁਨੀਆ' ਨੂੰ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਕਮਲ ਗਰੇਵਾਲ, ਉਪ ਪ੍ਰਧਾਨ ਹਰਦੀਪ ਸੇਖੋਂ, ਸਕੱਤਰ ਜੈਸ ਸੰਧੂ, ਖਜ਼ਾਨਚੀ ਸੋਨੀ ਗਿੱਲ, ਡਾਇਰੈਕਟਰ ਸੋਨੂੰ ਢਿੱਲੋਂ ਆਦਿ ਨੇ ਦੱਸਿਆ ਕਿ ਅੰਡਰ 14 ਉਮਰ ਵਰਗ ਦੇ ਹਾਕੀ ਮੁਕਾਬਲਿਆਂ ਵਿਚ ਐਡਮਿੰਟਨ ਈਗਲਜ਼ ਏ ਤੇ ਬੀ ਟੀਮ ਨੇ ਪਹਿਲਾ ਸਥਾਨ, ਰਜਾਇਨਾ ਦੀ ਟੀਮ ਨੇ ਦੂਸਰਾ, ਕੈਲਗਿਰੀ ਹੋਕਸ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਜਦਕਿ ਇਸੇ ਵਰਗ ਵਿਚ ਐਡਮਿੰਟਨ ਫੀਲਡ ਹਾਕੀ ਕਲੱਬ ਦੀ ਟੀਮ ਨੇ ਦੂਸਰਾ, ਕੈਲਗਿਰੀ ਹੋਕਸ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਵਰਗ ਵਿਚ ਐਡਮਿੰਟਨ ਫੀਲਡ ਹਾਕੀ ਕਲੱਬ ਦੀ ਟੀਮ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ।

ਸੀਨੀਅਰ ਵਰਗ ਦੇ ਓਪਨ ਖੇਡ ਮੁਕਾਬਲਿਆਂ ਵਿਚ ਐਡਮਿੰਟਨ ਰੈਡ, ਐਡਮਿੰਟਨ ਵਾਈਟ, ਕੈਲਗਿਰੀ ਹੋਕਸ, ਟਰਾਂਟੋ, ਸਰੀ, ਵੈਨਕੂਅਰ, ਵਿਨੀਪੈਗ ਦੀਆਂ ਟੀਮ ਨੇ ਹਿੱਸਾ ਲਿਆ। ਜਿਸ ਵਿਚ ਕੈਲਗਿਰੀ ਹੋਕਸ ਨੇ ਪਹਿਲਾ, ਟਰਾਂਟੋ ਨੇ ਦੂਸਰਾ ਤੇ ਸਰੀ/ਵੈਨਕੂਅਰ ਨੇ ਤੀਸਰਾ ਸਥਾਨ ਹਾਸਲ ਕੀਤਾ।

ਇਸ ਟੂਰਨਾਮੈਂਟ ਵਿਚ ਐਡਮਿੰਟਨ ਵਾਈਟ ਤੇ ਵਿਨੀਪੈਗ ਦੀਆਂ ਟੀਮਾਂ ਵਿਚ ਖੇਡਿਆ ਗਿਆ ਸ਼ੋਅ ਮੈਚ ਖਿੱਚ ਦਾ ਕੇਂਦਰ ਰਿਹਾ ਤੇ ਵਿਨੀਪੈਗ ਦੀ ਟੀਮ ਨੇ ਜਿੱਤ ਹਾਸਲ ਕੀਤੀ।

ਇਥੇ ਜ਼ਿਕਰਯੋਗ ਹੈ ਕਿ ਇਹ ਟੂਰਨਾਮੈਂਟ ਕਲੱਬ ਦੇ ਵਿਛੜ ਚੁੱਕੇ ਮੈਂਬਰ ਤੇ ਪ੍ਰਬੰਧਕ ਸ. ਜਰਨੈਲ ਸਿੰਘ ਧਾਲੀਵਾਲ ਨੂੰ ਸਮਰਪਿਤ ਕੀਤਾ ਗਿਆ ਸੀ।

ਟੂਰਨਾਮੈਂਟ ਸਬੰਧੀ ਅੱਗੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦਸਿਆ ਕਿ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਨੇਥਨ ਬੈਰੀ ਨੂੰ ਐਲਾਨਿਆ ਗਿਆ ਤੇ ਸੰਨੀ ਇੰਦਰ ਸਿੱਧੂ ਵਲੋਂ ਉਸ ਨੂੰ 500 ਡਾਲਰ ਦਾ ਇਨਾਮ ਦਿਤਾ ਗਿਆ। ਟੂਰਨਾਮੈਂਟ ਵਿਚ ਪਹਿਲਾ ਇਨਾਮ ਏ.ਬੀ.ਐਸ. ਟਰੱਕਿੰਗ ਵਲੋਂ ਕੈਲ ਨੂਰ, ਪ੍ਰਿਤਪਾਲ ਸੇਖੋਂ, ਆਈ.ਟੀ.ਐਮ. ਟਰੱਕਿੰਗ (ਪ੍ਰਿੰਸ ਜੋਰਜ) ਵਲੋਂ ਦੂਸਰਾ ਇਨਾਮ, ਪਵਾਰ ਹੋਮਜ਼ ਵਲੋਂ ਤੀਸਰਾ ਇਨਾਮ ਸਪਾਂਸਰ ਕੀਤਾ ਗਿਆ, ਜਦਕਿ ਅੰਡਰ 14 ਉਮਰ ਵਰਗ ਦੇ ਸਾਰੇ ਇਨਾਮ ਡਾ. ਗੁਰਦੀਪ ਸਿੱਧੂ ਵੱਲੋਂ ਸਪਾਂਸਰ ਕੀਤੇ ਗਏ।

ਟੂਰਨਾਮੈਂਟ ਦੌਰਾਨ ਕਮੈਂਟਰੀ ਦੀ ਜ਼ਿੰਮੇਵਾਰੀ ਰਾਜਵਿੰਦਰ ਦਿਉਲ ਤੇ ਸੋਨੂੰ ਢਿੱਲੋਂ ਨੇ ਨਿਭਾਈ ਜਦਕਿ ਟੈਕਨੀਕਲ ਟੇਬਲ ਦੀ ਜ਼ਿੰਮੇਵਾਰੀ ਗੁਰਮੇਲ ਮੋਮੀ, ਅਮਰ ਸਿੰਘ ਗਿੱਲ, ਜੰਗ ਸਿੰਘ ਚੀਂਡਸਾ, ਬੰਤ (ਮਿਲਵੁਡਜ਼ ਮੀਟ ਸ਼ਾਪ), ਮੋਹਣਾ ਕੋਕਰੀ ਵਲੋਂ ਨਿਭਾਈ ਗਈ। ਰੈਫਰੀ ਦੀ ਭੂਮਿਕਾ ਬਰੈਡਨ, ਜੋਰਜ, ਆਰਟਿਟਕ, ਹੈਪੀ (ਕੈਲਗਿਰੀ) ਵਲੋਂ ਨਿਭਾਈ ਗਈ। ਫੋਟੋਗ੍ਰਾਫੀ ਪਾਲ ਭੰਵਰਾ ਵਲੋਂ ਕੀਤੀ ਗਈ ਅਤੇ ਵਲੰਟੀਅਰ ਸੇਵਾ ਵਿਚ ਓਮ ਪ੍ਰਕਾਸ਼ ਕੋਚ, ਸੁਖਦਰਸ਼ਨ ਸਿੰਘ ਪੰਨੂੰ ਕੋਚ, ਭੋਲਾ ਰੂਮੀ, ਸਿਮਰਨ, ਰਿੱਕੀ ਮਿਨਹਾਸ, ਉਂਕਾਰ, ਗੁਰਦੀਪ ਗਿੱਲ, ਸਵਰਨ ਸਿੰਘ ਧਾਲੀਵਾਲ, ਪਰਮ ਕਲੇਰ, ਲਖਬੀਰ ਭੱਟੀ, ਪਵਨ ਰਾਏ, ਜਸਪ੍ਰੀਤ ਧਾਲੀਵਾਲ, ਬਲਜੋਤ ਰਾਣੂ, ਜਸਕਰਨ ਭੱਟੀ, ਲੱਕੀ ਗਿੱਲ, ਦਿਲਬਾਗ ਬਾਗੀ, ਹੈਰੀ ਫਲੋਰਾ ਆਦਿ ਨੇ ਨਿਭਾਈ।

## ਐਡਮਿੰਟਨ 'ਚ ਟਰੱਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

ਐਡਮਿੰਟਨ (ਨਦਬ) : ਐਡਮਿੰਟਨ ਵਾਸੀ ਨੌਜਵਾਨ ਮਨਜੀਤ ਸਿੰਘ ਦਿਉਲ ਮੀਤਾ ਦੀ ਇਕ ਟਰੱਕ ਹਾਦਸੇ 'ਚ ਮੌਤ ਹੋ ਗਈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨੂਰਵਾਲਾ ਨਾਲ ਸਬੰਧਤ ਇਹ 30 ਸਾਲਾ ਨੌਜਵਾਨ ਮਲਿਕ ਟਰਾਂਸਪੋਰਟ ਦਾ ਮਾਲਕ ਸੀ, ਜੋ 8 ਸਾਲ ਤੋਂ ਲੈਫਾਰਜ ਕੰਪਨੀ ਨਾਲ ਪੱਕੇ ਤੌਰ 'ਤੇ ਟਰੱਕ ਚਲਾ ਰਿਹਾ ਸੀ। ਸ਼ਹਿਰ ਤੋਂ ਤਕਰੀਬਨ 30 ਕੁ ਕਿਲੋਮੀਟਰ ਵੈਸਟ ਨਾਰਥ ਵਿਚ ਸਥਿਤ ਵੈਲੀਵਿਊ ਟਾਊਨ ਲਾਗੇ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਸਮਾਨ ਨਾਲ ਲੱਦਿਆ ਟਰੱਕ ਇਕ ਟ੍ਰੇਨ ਨਾਲ ਜਾ ਟਕਰਾਇਆ ਅਤੇ ਇਸ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਅਦਾਰਾ ਨਵੀਂ ਦੁਨੀਆ ਦਿਉਲ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦਾ ਹੈ।

# ਕਾਮਰੇਡ ਸੁਸ਼ੀਲਾ ਚੈਨ ਨਹੀਂ ਰਹੇ

ਜਲੰਧਰ (ਨਦਬ) : ਪੰਜਾਬ ਵਿਚ ਇਸਤਰੀ ਅੰਦੋਲਨਾਂ ਦੀ ਲਗਾਤਾਰ 50 ਸਾਲ ਅਗਵਾਈ ਕਰਨ ਵਾਲੀ ਕਾਮਰੇਡ ਸੁਸ਼ੀਲਾ ਚੈਨ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ ਉਘੇ ਕਮਿਊਨਿਸਟ ਆਗੂ ਕਾਮਰੇਡ ਚੈਨ ਸਿੰਘ ਚੈਨ ਦੇ ਜੀਵਨ ਸਾਥਣ ਸਨ। ਲੰਘੀ 3 ਅਕਤੂਬਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਹੋਏ ਸਮਾਗਮ ਦੌਰਾਨ ਸੀ.ਪੀ.ਆਈ., ਸੀ.ਪੀ.ਆਈ. (ਐਮ), ਸੀ.ਪੀ.ਐਮ. ਪੰਜਾਬ, ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਵੱਖ ਵੱਖ ਲੋਕ ਜਥੇਬੰਦੀਆਂ ਦੇ ਆਗੂਆਂ ਨੇ ਕਾਮਰੇਡ ਸੁਸ਼ੀਲਾ ਚੈਨ ਦੀ ਘਾਲਣਾ ਨੂੰ ਸਲਾਮ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਤਰਕਸ਼ੀਲ ਤੇ ਸਭਿਆਚਾਰਕ ਨਾਟਕ ਸਮਾਗਮ 16 ਨੂੰ

ਕੈਲਗਿਰੀ (ਨਦਬ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਿਰੀ ਵਲੋਂ ਦੂਸਰਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਐਤਵਾਰ 16 ਅਕਤੂਬਰ ਨੂੰ ਔਰਫੀਅਸ ਥੀਏਟਰ ਸੇਟ ਕਾਲਜ ਵਿਖੇ ਦੁਪਹਿਰ 2 ਤੋਂ 6 ਵਜੇ ਤਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੋਹਣ ਮਾਨ, ਭਜਨ ਸਿੰਘ ਗਿੱਲ, ਜਤਿੰਦਰ ਪਾਉਲ, ਕਮਲਪ੍ਰੀਤ ਪੰਧੇਰ, ਹਰਕੇਸ਼ ਸੋਹਲ ਨੇ ਦਸਿਆ ਕਿ ਇਸ ਸਮਾਗਮ ਵਿਚ ਮਿੱਟੀ ਰੁਦਨ ਕਰੇ, ਚੋਣਾਂ ਆ ਗਈਆਂ ਨਾਟਕਾਂ ਤੋਂ ਇਲਾਵਾ ਗੀਤ ਸੰਗੀਤ ਤੇ ਗੁਰਪ੍ਰੀਤ ਭਦੌੜ ਵਲੋਂ ਜਾਦੂ ਦੇ ਕਰਤੱਬ ਵਿਖਾਏ ਜਾਣਗੇ। ਵਧੇਰੇ ਜਾਣਕਾਰੀ ਲਈ ਸੋਹਣ ਮਾਨ ਨੂੰ 403-275-0931 'ਤੇ ਜਾਂ ਮਾ. ਭਜਨ ਸਿੰਘ ਗਿੱਲ ਨੂੰ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੇਖਕਾਂ ਨੇ ਲਾਇਆ ਚੰਡੀਗੜ੍ਹ 'ਚ ਧਰਨਾ

ਚੰਡੀਗੜ੍ਹ, (ਨਦਬ) : ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਇਥੇ ਦੇ ਸੈਕਟਰ 25 ਵਿਖੇ ਧਰਨੇ ਵਾਲੀ ਥਾਂ 'ਤੇ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਪੂਰੀ ਤਰ੍ਹਾਂ ਲਾਗੂ ਨਾ ਕਰਨ ਵਿਰੁੱਧ ਧਰਨਾ ਲਾਇਆ ਗਿਆ।

ਧਰਨੇ ਦੌਰਾਨ 17 ਮੰਗਾਂ ਵਾਲਾ ਮੰਗ ਪੱਤਰ ਪੜ੍ਹਿਆ ਗਿਆ ਜਿਸ ਵਿਚ ਪੰਜਾਬ ਸਰਕਾਰ ਵਲੋਂ ਰਾਜ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਜੋੜਨ, ਲਾਇਬਰੇਰੀ ਐਕਟ ਬਣਾਉਣ, ਪੰਜਾਬੀ ਲਾਗੂ ਕਰਾਉਣ ਹਿੱਤ ਭਾਸ਼ਾ ਟ੍ਰਿਬਿਊਨਲ ਬਣਾਉਣ, ਲੋੜਵੰਦ ਬਜ਼ੁਰਗ ਲੇਖਕਾਂ ਨੂੰ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਆਦਿ ਮੰਗਾਂ ਸ਼ਾਮਲ ਸਨ। ਇਸ ਵਿਚ ਇਹ ਮੰਗ ਵੀ ਸ਼ਾਮਲ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਬਿਲ ਵੀ ਪੰਜਾਬੀ ਵਿਚ ਰੱਖਿਆ ਜਾਣਾ ਚਾਹੀਦਾ ਹੈ, ਕੇਵਲ ਕੇਂਦਰ ਸਰਕਾਰ ਵਿਚ ਜਾਣ ਵਾਲੀ ਸਮੱਗਰੀ ਹੀ ਅੰਗਰੇਜ਼ੀ ਜਾਂ ਹਿੰਦੀ ਭਾਸ਼ਾ ਵਿਚ ਪੰਜਾਬੀ ਸਮੇਤ ਘੱਲੀ ਜਾਵੇ। ਇਹ ਮੰਗ ਵੀ ਕੀਤੀ ਗਈ ਕਿ ਹਰੇਕ ਸਾਹਿਤ ਸਭਾ ਨੂੰ 20 ਹਜ਼ਾਰ ਰੁਪਏ ਪ੍ਰਤੀ ਸਾਲ ਦਿੱਤੇ ਜਾਣ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਐਲਾਨੇ 5 ਲੱਖ ਰੁਪਏ ਤੁਰੰਤ ਭੇਜੇ ਜਾਣ। ਇਸ ਮੰਗ ਪੱਤਰ ਨੂੰ ਪ੍ਰਾਪਤ ਕਰਨ ਲਈ ਕੋਈ ਸਰਕਾਰੀ ਨੁੰਮਾਇੰਦਾ ਨਹੀਂ ਪੁੱਜਾ, ਇਸ ਲਈ ਇਸ ਨੂੰ ਰਜਿਸਟਰਡ ਡਾਕ ਰਾਹੀ ਹੀ ਘੱਲਿਆ ਗਿਆ।

ਇਸ ਮੌਕੇ ਸਭਾ ਦੇ ਪ੍ਰਧਾਨ ਪ੍ਰੋ ਅਨੂਪ ਵਿਰਕ ਅਤੇ ਜਨਰਲ ਸਕੱਤਰ ਰਜ਼ਨੀਸ਼ ਬਹਾਦਰ ਸਿੰਘ ਨੇ ਕਿਹਾ ਕਿ ਪੰਜਾਬੀ ਸੂਬਾ ਭਾਸ਼ਾ ਉਤੇ ਬਣਿਆ ਸੀ, ਪਰ ਇਥੇ ਵੀ ਪੰਜਾਬੀ ਭਾਸ਼ਾ ਨੂੰ ਬਣਦਾ ਰੁਤਬਾ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ। ਇਸੇ ਲਈ ਮੁਜ਼ਾਹਰੇ ਕਰਨੇ ਪੈ ਰਹੇ ਹਨ। ਇਸ ਧਰਨੇ ਨੂੰ ਡਾ: ਪ੍ਰੇਮ ਸਿੰਘ, ਡਾ: ਜੋਗਾ ਸਿੰਘ, ਡਾ ਸੁਖਦੇਵ ਸਿੰਘ ਸਿਰਸਾ, ਐਸ ਤਰਸੇਮ, ਡਾ: ਸਰਬਜੀਤ ਸਿੰਘ, ਸੁਲੱਖਣ ਸਰਹੱਦੀ, ਕਰਨੈਲ ਸਿੰਘ ਨਿੱਝਰ, ਗੁਰਨਾਮ ਕੰਵਰ, ਤਲਵਿੰਦਰ ਸਿੰਘ, ਡਾ ਅਨੂਪ ਸਿੰਘ ਬਟਾਲਾ ਅਤੇ ਕਰਮ ਸਿੰਘ ਵਕੀਲ ਸੰਬੋਧਨ ਕੀਤੇ।

# ਸੁਦਰਸ਼ਨ ਵਾਲੀਆ ਦਾ ਗ਼ਜ਼ਲ ਸੰਗ੍ਰਹਿ 'ਬਿਫਰੇ ਮੌਸਮ' ਰਿਲੀਜ਼

ਕੈਲਗਰੀ (ਨਦਬ) : ਜੱਸ ਚਾਹਲ- ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਬੀਤੇ ਦਿਨੀਂ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ ਦੇ ਹਾਲ ਵਿਚ ਹੋਈ। ਫੋਰਮ ਸਕੱਤਰ ਜੱਸ ਚਾਹਲ ਨੇ ਜੀ ਆਇਆਂ ਆਖਦਿਆਂ ਸ਼ਾਇਰਾ ਸੁਦਰਸ਼ਨ ਵਾਲੀਆ, ਫੋਰਮ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਅਤੇ ਮੀਤ ਪ੍ਰਧਾਨ ਸਲਾਹੁਦੀਨ ਸਬਾ ਸ਼ੇਖ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ।




ਪ੍ਰਭਦੇਵ ਸਿੰਘ ਗਿੱਲ, ਸੁਰਜੀਤ ਸਿੰਘ ਸੀਤਲ 'ਪੰਨੂੰ' ਅਤੇ ਜਸਵੀਰ ਸਿੰਘ ਦੀ ਸ਼ਾਇਰੀ ਨਾਲ ਸਮਾਗਮ ਦਾ ਸੁਰੀਲਾ ਆਗਾਜ਼ ਹੋਇਆ।

ਸ਼ਮਸ਼ੇਰ ਸਿੰਘ ਸੰਧੂ ਨੇ ਸੁਦਰਸ਼ਨ ਵਾਲੀਆ ਦੇ ਨਵੇਂ ਗ਼ਜ਼ਲ ਸੰਗ੍ਰਹਿ 'ਬਿਫਰੇ ਮੌਸਮ' ਬਾਰੇ ਆਪਣਾ ਪਰਚਾ ਪੜ੍ਹਦਿਆਂ ਕਿਹਾ ਕਿ 1996 ਵਿਚ 'ਪਹਿਲੀ ਫੁਹਾਰ' ਕਾਵਿ ਸੰਗ੍ਰਹਿ ਨਾਲ ਸੁਦਰਸ਼ਨ ਵਾਲੀਆ ਨੇ ਕਾਵਿ ਖੇਤਰ ਵਿਚ ਪੈਰ ਪਾਇਆ। ਤੇ 2004 ਵਿਚ ਛਪੇ ਪਲੇਠੇ ਗ਼ਜ਼ਲ ਸੰਗ੍ਰਹਿ 'ਭਿੱਜੇ ਮੌਸਮ' ਤੋਂ ਮਗਰੋਂ ਹੁਣ 2011 ਵਿਚ ਛਪਿਆ ਇਹ 'ਬਿਫਰੇ ਮੌਸਮ', ਸੁਦਰਸ਼ਨ ਵਾਲੀਆ ਦੀ ਗ਼ਜ਼ਲ ਖੇਤਰ ਵਿਚ ਦੂਜੀ ਸ਼ਾਨਦਾਰ ਪ੍ਰਾਪਤੀ ਹੈ।

ਇਸ ਉਪਰੰਤ ਸ਼ਮਸ਼ੇਰ ਸਿੰਘ ਸੰਧੂ ਨੇ ਸਬਾ ਸ਼ੇਖ, ਜੱਸ ਚਾਹਲ, ਆਰ. ਐੱਸ. 'ਫ਼ਰਾਜ਼', ਤੇਜਪਾਲ ਸਿੰਘ ਅਤੇ ਪਰਮਦੀਪ ਕੌਰ ਨੂੰ ਨਾਲ ਲੈਕੇ 'ਬਿਫਰੇ ਮੌਸਮ' ਦਾ ਲੋਕ ਅਰਪਣ ਕੀਤਾ। ਪਿਛੋਂ ਸੁਦਰਸ਼ਨ ਵਾਲੀਆ ਨੇ ਆਪਣੀਆਂ ਕੁਝ ਗ਼ਜ਼ਲਾਂ ਦੇ ਸ਼ਿਅਰ ਵੀ ਸਾਂਝੇ ਕੀਤੇ -

ਕਿਸ ਬਿਰਹਨ ਦੇ ਨੈਣੋਂ ਹੰਝੂ ਚੋਇਆ ਹੈ<br>
ਚਾਰ ਚੁਫੇਰੇ ਜਲਥਲ ਜਲਥਲ ਹੋਇਆ ਹੈ।<br>
ਕਿਸ ਨੇ ਰਾਤ ਦੇ ਨੈਣੀ ਮੋਤੀ ਸ਼ਬਨਮ ਦਾ<br>
ਦਰਦ ਦਿਲਾਂ ਦਾ ਭਰਕੇ ਆਣ ਪਰੋਇਆ ਹੈ।

ਬੀਬੀ ਨਿਰਮਲਾ-ਮਨਜੀਤ ਨੇ ਆਪਣੀ ਕਵਿਤਾ 'ਮੈਂ ਵਿੱਚਰੀ ਪੱਥਰਾਂ ਵਿੱਚ' ਨਾਲ ਸਭਾ 'ਚ ਸ਼ਿਰਕਤ ਕੀਤੀ। ਜਸਵੰਤ ਸਿੰਘ ਸੇਖੋਂ ਨੇ ਤੀਆਂ ਤੇ ਲਿਖਿਆਂ ਕੁਝ ਬੋਲਿਆਂ ਸੁਣਾ ਕੇ ਰੰਗ ਬੰਨ ਦਿੱਤਾ। ਡਾ. ਮਨੋਮੋਹਨ ਸਿੰਘ ਬਾਠ ਨੇ ਇਕ ਗੀਤ 'ਇਤਨੀ ਹਸੀਨ ਇਤਨੀ ਜਵਾਂ ਰਾਤ ਕਯਾ ਕਰੇਂ' ਤਰੱਨਮ ਵਿਚ ਗਾਕੇ ਵਾਹ-ਵਾਹ ਖੱਟ ਲਈ। ਇੰਜ ਗੁਰਦਿਆਲ ਸਿੰਘ ਖੈਹਰਾ ਨੇ ਬਚਪਨ ਦੀਆਂ ਕੁਝ ਯਾਦਾਂ ਦੀ ਗੱਲ ਆਪਣੀ ਕਵਿਤਾ ਚ ਕੀਤੀ। ਜੱਸ ਚਾਹਲ ਨੇ ਆਪਣੀ ਹਿੰਦੀ ਗ਼ਜ਼ਲ ਦੇ

ਚੰਡੀਗੜ ਤੋਂ ਆਏ ਆਰ. ਐੱਸ. 'ਫ਼ਰਾਜ਼' ਨੇ ਆਪਣੀਆਂ ਦੋ ਖ਼ੂਬਸੂਰਤ ਗ਼ਜ਼ਲਾਂ ਸੁਣਾਈਆਂ।

ਸਲਾਹੁਦੀਨ ਸਬਾ ਸ਼ੇਖ ਨੇ ਉਰਦੂ ਦੀਆਂ ਦੋ ਖ਼ੂਬਸੂਰਤ ਨਜ਼ਮਾਂ ਸਾਂਝੀਆਂ ਕੀਤੀਆਂ।

ਤਾਰਿਕ ਮਲਿਕ ਨੇ ਮਸ਼ਹੂਰ ਉਰਦੂ ਸ਼ਾਇਰ ਅੱਲਾਮਾ ਇਕਬਾਲ ਦੇ ਕੁਝ ਸ਼ਿਅਰ ਸੁਣਾਏ।

ਰਾਜ ਹੁੰਦਲ ਵੀ ਇਕ ਰੋਚਕ ਵਾਕਯਾ ਸੁਣਾ ਕੇ ਅੱਜ ਦੇ ਬੁਲਾਰਿਆਂ ਵਿੱਚ ਸ਼ਾਮਿਲ ਹੋ ਗਏ।

ਇੰਜ ਆਰ ਐੱਸ. ਸੈਣੀ ਨੇ ਇੰਡਿਆ ਦੀ ਲੰਬੀ ਫੇਰੀ ਤੋਂ ਪਰਤਣ ਬਾਦ ਇਕ ਗੀਤ ਤਰੰਨਮ ਵਿਚ ਗਾਕੇ ਮੁੜ ਸਭਾ ਵਿੱਚ ਹਾਜ਼ਰੀ ਲਵਾਈ। ਡਾ ਮਨੋਮੋਹਨ ਸਿੰਘ ਬਾਠ ਨੇ ਪੰਜਾਬੀ ਇਕ ਗੀਤ ਗਾਇਆ

ਇਹਨਾਂ ਤੋਂ ਇਲਾਵਾ ਬਲਵਿੰਦਰ ਕੌਰ, ਕਰਮਜੀਤ ਕੌਰ, ਮਲਕੀਤ ਸਿੰਘ, ਮਹਿੰਦਰ ਸਿੰਘ ਮਾਨ, ਰੂਪ ਸਿੰਘ, ਪਰਮੇਸ਼ਵਰਜੀਤ ਸਿੰਘ, ਮੋਹਨ ਸਿੰਘ ਮਿਨਹਾਸ, ਸਿੰਗਾਰਾ ਸਿੰਘ ਪਰਮਾਰ, ਤੇਜਪਾਲ ਸਿੰਘ, ਪਰਮਦੀਪ ਕੌਰ, ਹਰਕੇਸ਼ ਸੋਹਲ, ਮਨਜੀਤ ਸਿੰਘ ਸੋਹਲ, ਯੋਗੇਸ਼ ਜਿੰਦਿਆ, ਮੋਨਿਕਾ ਜਿੰਦਿਆ, ਨੰਦਿਨੀ ਜਿੰਦਿਆ, ਹਰਸ਼ਿਤਾ ਜਿੰਦਿਆ, ਪੈਰੀ ਮਾਹਲ, ਸੁਖਮਿੰਦਰ ਜਸਵਾਲ, ਮੁਹੰਮਦ ਉਮਰਾਨ, ਰੁਬੀਨਾ ਮਲਿਕ ਅਤੇ ਨੇ ਵੀ ਸਭਾ ਦੀ ਰੌਣਕ ਵਧਾਈ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।




**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport Photos
by:
Kanwal Lyall
PASSPORT
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $19.99
Globe Knob
ONLY $9.99
ALEXANDRIA Moulding
MOULDING SPECIALS!
#5010
1⁹⁄₁₆" x 4⁹⁄₁₆" MDF Primed $1.20 /linear foot
#412
⅝" x 4¼" MDF Primed $0.60 /linear foot
#411
¹¹⁄₁₆" x 3" MDF Primed $0.49 /linear foot
#3140
⅜" x 3¼" MDF Primed $0.29 /linear foot
#357
2⅛" x ⁷⁄₁₆" MDF Primed $0.19 /linear foot
SAVE ON BATHROOM FIXTURES!
4 Piece Bath Set: Infinity and Corona Models
Taymor
MODERN
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.
Fancy Doors & Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors
ONLY $400.99
Single "Paris" Door
ONLY $200.99
Creston
Pantry
ONLY $169.99 Slab
ONLY $99.99 Slab
Interior Door
Bostonian
ONLY $55.99
6-Panel Pre-Hung 18" x 36"
Exterior Door
ONLY $149.99
6-Panel Steel Door with Brick Moulding Pre-Hung (32" or 36") with 4.5" jamb
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment
Pre-Hung 32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

## ਲੋਕ ਗੀਤਾਂ ਦੇ ਨਾਲ ਨਾਲ

# ਤੇਰਾ ਪੁੱਤ ਵਸੇ ਪਰਦੇਸ ਕਿਹਦੇ ਨਾਲ ਬੋਲੀਏ



ਡਾ. ਕਰਮਜੀਤ ਸਿੰਘ
ਮੋਬਾ : 099927-32006

ਪ੍ਰੋਫੈਸਰ ਚੰਨਣ ਸਿੰਘ ਸੈਫ ਮੇਰੇ ਬੀ.ਏ. ਦੇ ਅਧਿਆਪਕ ਰਹੇ ਹਨ। ਉਨ੍ਹਾਂ ਦੇ ਘਰ ਮੇਰਾ ਆਉਣਾ ਜਾਣਾ ਬਣ ਗਿਆ। ਸੈਫ ਸਾਹਿਬ ਵਿਦਵਾਨ, ਸੁਹਜ ਰੁਚੀਆਂ ਦੇ ਮਾਲਕ ਹਨ। ਉਨ੍ਹਾਂ ਸਾਰੀ ਉਮਰ ਪ੍ਰੋਫੈਸਰੀ ਕੀਤੀ, ਪਰ ਉਹ ਘਰ ਦੇ ਕਮਰੇ ਨਹੀਂ ਪਾ ਸਕੇ। ਉਨ੍ਹਾਂ ਦੇ ਘਰ ਜਾ ਕੇ ਕਿਸੇ ਨੂੰ ਲਗਦਾ ਹੀ ਨਹੀਂ ਕਿ ਪ੍ਰੋਫੈਸਰ ਦੇ ਘਰ ਆਇਆ ਹੈ। ਭੀੜੀ ਜਿਹੀ ਗਲੀ ਵਿਚ ਲੰਘਦਿਆਂ ਖੱਬੇ ਹੱਥ ਓਟਾ ਤੇ ਚੁੱਲਾ ਚੌਂਕਾ। ਸਾਹਮਣੇ ਵਰਾਂਡਾ ਕੱਚੇ ਵਿਹੜੇ ਤੋਂ ਇਕ ਫੁੱਟ ਨੀਵਾਂ। ਉਸ ਦੇ ਬਰਾਬਰ ਇਕ ਕੱਚਾ ਕੋਠਾ, ਜਿਸ ਵਿਚ ਇਕ ਪਲੰਘ। ਆਲੇ ਦੁਆਲੇ ਕਿਤਾਬਾਂ ਹੀ ਕਿਤਾਬਾਂ। ਨਾਲ ਲੱਗਦਾ ਇਕ ਹੋਰ ਕੱਚਾ ਕੋਠਾ। ਬਹਿਣ ਲਈ ਪੀੜ੍ਹੀਆਂ, ਬਿੰਨੇ। ਖਾਣ ਲਈ ਸਾਗ, ਮੱਕੀ ਦੀ ਰੋਟੀ ਤੇ ਨਾਲ ਲੱਸੀ। ਨਾਲ ਨਾਲ ਪ੍ਰੋ. ਸਾਹਿਬ ਦੀਆਂ ਗ਼ਜ਼ਲਾਂ ਦੇ ਸ਼ਿਅਰ। ਅਰਬੀ, ਫਾਰਸੀ ਦੇ ਕਠਨ ਅਰਥਾਂ ਸਮੇਤ ਵਿਸ਼ੇਸ਼ ਅਪਣਾਈ ਗਈ ਅਦਾਅ। ਪੁੱਠੀ ਬੰਨ੍ਹੀ ਦਾੜ੍ਹੀ। ਬੋਲਦਿਆਂ ਬਾਹਰ ਨਿਕਲੇ ਦੰਦ। ਗਲ 'ਚ ਪਾਈ ਕਿਰਪਾਨ।

ਕੱਚਿਆਂ ਕੋਠਿਆਂ ਦਾ ਮਾਹੌਲ ਮੇਰੇ ਬੜਾ ਰਾਸ ਆਉਂਦਾ ਹੈ। ਕਿਉਂਕਿ ਇਸ ਵਿਚੋਂ ਸੈਂਕੜੇ ਗੀਤਾਂ ਦਾ ਜਨਮ ਹੁੰਦਾ ਵੇਖਿਆ ਹੈ। ਪ੍ਰੋ. ਸਾਹਿਬ ਕਈ ਗੱਲਾਂ ਵਿਚ ਕੱਟੜ ਸਨ, ਪਰ ਲੋਕ ਗੀਤਾਂ ਪ੍ਰਤੀ ਉਹ ਸੁਹਿਰਦ ਸਨ। ਸਗੋਂ ਉਹ ਇਹ ਘਟਨਾ ਸੁਣਾਉਂਦੇ ਭਾਵੁਕ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਪਤਨੀ ਨੇ ਅੰਤਮ ਸਾਹ ਲੈਣ ਤੋਂ ਕੁਝ ਦਿਨ ਪਹਿਲਾਂ ਬੜਾ ਪਿਆਰਾ ਲੋਕ ਗੀਤ ਸੁਣਾਇਆ ਸੀ, ਜਿਸ ਦੇ ਬੋਲ ਹੁਣ ਮੈਨੂੰ ਯਾਦ ਨਹੀਂ। ਜਦੋਂ ਉਨ੍ਹਾਂ ਨੇ ਸ਼ਿਕਾਇਤ ਕੀਤੀ ਕਿ ਇਹ ਗੀਤ ਉਸ ਨੇ ਪਹਿਲਾਂ ਕਿਉਂ ਨਹੀਂ ਸੁਣਾਇਆ ਤਾਂ ਪਤਨੀ ਦਾ ਮੋੜਵਾਂ ਸਵਾਲ ਸੀ ਕਿ, ''ਤੁਸੀਂ ਪਹਿਲਾਂ ਸੁਣਾਉਣ ਲਈ ਕਿਹਾ ਹੀ ਕਦੋਂ? ਫੇਰ ਤੁਹਾਨੂੰ ਇਸ ਦਾ ਵਿਹਲ ਵੀ ਕਿੱਥੇ?'' ਇਹ ਘਟਨਾ ਸੁਣਾਉਂਦਿਆਂ ਉਨ੍ਹਾਂ ਦਾ ਗੱਚ ਭਰ ਜਾਂਦਾ ਹੈ।

ਪਰ ਮੈਂ ਜਾਣਦਾ ਹਾਂ ਕਿ ਸੈਫ ਸਾਹਿਬ ਨੂੰ ਜੇ ਗੀਤਾਂ ਦਾ ਲਗਾਉ ਹੈ ਤਾਂ ਉਨ੍ਹਾਂ ਦੇ ਘਰੇਲੂ ਮਾਹੌਲ ਕਰ ਕੇ। ਲੋਕ ਗੀਤਾਂ ਦੇ ਸਬੰਧ 'ਚ ਤਾਂ ਮੈਂ ਦੋ ਤਿੰਨ ਵਾਰ ਉਨ੍ਹਾਂ ਦੇ ਪਿੰਡ ਮੁਕੀਮਪੁਰ ਗੇੜਾ ਮਾਰਿਆ। ਇਕ ਗੇੜੇ ਵਿਚ ਉਨ੍ਹਾਂ ਦੀ ਬੇਟੀ ਪਰਮਿੰਦਰ ਨੇ ਬਹੁਤ ਹੀ ਨਾਯਾਬ ਗੀਤ ਸੁਣਾਏ। ਉਨ੍ਹਾਂ ਵਿਚੋਂ 'ਮਿੰਨੀ ਮਿੰਨੀ ਬੀਨ ਵਜੇ', 'ਊਂਟਾਂ ਦੀਆਂ ਢੋਲਿਆ ਦੇ ਵਰ ਡਾਰਾਂ' ਅਤੇ ਪੈਂਤੀ ਅੱਖਰੀ ਦਾ ਮੈਂ ਆਮ ਜ਼ਿਕਰ ਹੀ ਨਹੀਂ ਕਰਦਾ, ਸਗੋਂ ਮਹਿਫਲਾਂ ਵਿਚ ਆਮ ਗਾ ਕੇ ਸੁਣਾਉਂਦਾ ਹਾਂ। ਇਸ ਸਮੇਂ ਮੁਕੀਮਪੁਰ ਮੇਰੇ ਸਾਹਮਣੇ ਹੁੰਦਾ ਹੈ। ਕੱਚੇ ਕੋਠੇ ਹੇਠ ਪੀੜ੍ਹੀ ਤੇ ਬੈਠੀ ਪਰਮਿੰਦਰ ਤੇ ਟੇਪ ਰਿਕਾਰਡਰ ਲੈ ਕੇ ਬੈਠਾ ਮੈਂ। ਬਾਹਰ ਚੌਕੇ ਵਿਚ ਬੈਠੇ ਸੈਫ ਸਾਹਿਬ ਜੋ ਗੀਤਾਂ ਨੂੰ ਯਾਦ ਵੀ ਕਰਵਾਉਂਦੇ ਹਨ ਤੇ ਨਾਲ ਨਾਲ ਕਈ ਗੀਤਾਂ ਨਾਲ ਸੁਰ ਮਿਲਾ ਕੇ ਗਾਉਂਦੇ ਹਨ।

ਜਦੋਂ ਮੈਂ ਪਰਮਿੰਦਰ ਪਾਸੋਂ ਗੀਤ ਸੁਣ ਚੁੱਕਾ ਤਾਂ ਮੈਂ ਉਸ ਦੀ ਦਾਦੀ ਸਰਵਨ ਕੌਰ ਕੋਲੋਂ ਵੀ ਕੁਝ ਸੁਣਨਾ ਚਾਹੁੰਦਾ ਸਾਂ, ਜੋ ਘਰੇਲੂ ਸਮੱਸਿਆਵਾਂ ਕਾਰਨ ਮਾਨਸਿਕ ਕਲੇਸ਼ ਭੋਗ ਰਹੀ ਸੀ ਤੇ ਮੇਰੇ ਵਾਰ ਵਾਰ ਕਹਿਣ 'ਤੇ ਵੀ ਕੁੜੀਆਂ ਵਲ ਗੱਲ ਰੇੜ੍ਹ ਦਿੰਦੀ ਸੀ। ਪਰ ਇਸ ਵਾਰ ਮੈਂ ਉਸ ਪਾਸੋਂ ਗੀਤ ਸੁਣਨ ਦਾ ਮਨ ਬਣਾਇਆ ਹੋਇਆ ਸੀ। ਸੈਫ ਸਾਹਿਬ ਦੇ ਜ਼ੋਰ ਦੇਣ 'ਤੇ ਹੌਲੀ ਹੌਲੀ ਤਿਆਰੀ ਖਿੱਚ ਰਹੀ ਸੀ। ਅਖ਼ੀਰ ਵਿਚ ਜੋ ਉਸ ਨੇ ਮੈਨੂੰ ਸੁਣਾਇਆ, ਉਸ ਵਿਚੋਂ ਬਹੁਤ ਕੁਝ ਅਲੱਭ ਸੀ। ਖਾਸ ਤੌਰ 'ਤੇ ਕੁਝ ਸਿੱਠਣੀਆਂ ਅਤੇ ਬਾਰਾਮਾਹ। ਬਾਰਾਮਾਹ ਤਾਂ ਮੈਂ ਸੈਫ ਸਾਹਿਬ ਨੂੰ ਵੀ ਗੁਣਗੁਣਾਉਂਦਿਆਂ ਸੁਣਿਆ ਸੀ, ਪਰ ਸਿੱਠਣੀਆਂ ਵਿਚ ਇਕ ਠਰ੍ਹੰਮਾ ਸੀ। ਇਕ ਵੱਖਰੀ ਤਰ੍ਹਾਂ ਦਾ ਸੁਹਜ। ਫਿਰ ਬਿਨਾਂ ਦੰਦਾਂ ਤੋਂ ਭਾਰੀ ਆਵਾਜ਼ ਵਿਚ ਸਰਵਨ ਕੌਰ ਦੇ ਮੂੰਹੋਂ ਇਨ੍ਹਾਂ ਨੂੰ ਸੁਣਨਾ ਆਪਣੇ ਆਪ ਵਿਚ ਰੋਮਾਂਟਿਕ ਅਨੁਭਵ ਸੀ। ਸੱਜਾ ਹੱਥ ਉਪਰ ਰੱਖਿਆ ਹੋਇਆ ਸੀ ਤੇ ਭਾਵਾਂ ਅਨੁਸਾਰ ਉਹ ਮੁਸਕਰਾਉਂਦੀ, ਜਿਸ ਕਾਰਨ ਝੁਰੜੀਆਂ ਕਦੇ ਫੈਲਦੀਆਂ ਤੇ ਕਦੇ ਸੁੰਗੜਦੀਆਂ। ਸਿੱਠਣੀਆਂ ਦੀ ਲੈਅ ਵੀ ਆਮ ਨਾਲੋਂ ਹੱਟ ਕੇ ਸੀ। ਕੁਝ ਸਿੱਠਣੀਆਂ ਤਾਂ ਅਜੇ ਵੀ ਮੇਰੇ ਜ਼ਿਹਨ ਵਿਚ ਅਟਕੀਆਂ ਹੋਈਆਂ ਹਨ।

ਕਿਉਂ ਵੇ ਸਾਲਿਆ ਕੁੜਮਾ, ਤੈਂ ਬੁੱਲ੍ਹ ਟੇਰਿਆ
ਸਹੁੰ ਗੁਰਾਂ ਦੀ ਮੈਂ ਨਈਂ ਟੇਰਿਆ।
ਜੇ ਮੈਂ ਹੋਵਾਂ ਨਾਈ, ਤੇਰੇ ਬੁੱਲ੍ਹ ਦੀ ਕਰਾਂ ਸਫਾਈ,
ਸਾਲਿਆ ਤੈਂ ਬੁੱਲ੍ਹ ਟੇਰਿਆ।
ਸਹੁ ਗੁਰਾਂ ਦੀ ਮੈਂ ਨਹੀਂ ਟੇਰਿਆ।
ਕਿਉਂ ਵੇ ਚੰਠੂ ਕੁੜਮਾਂ ਗਧੀ ਤੇਰੀ ਆ,
ਹਾਂ ਮਹਾਰਾਜ ਗਧੀ ਮੇਰੀ ਆ।
ਮੈਂ ਮਾਰਿਆ ਲੰਗੋਟ, ਗਧੀ ਤੋ ਗਈ ਲੋਟ ਪੋਟ,
ਫੋਟ ਫੋਟ ਭੈਣ ਦੇ... ਗਧੀ ਤੇਰੀ ਆ।
ਹਾਂ ਮਹਾਰਾਜ ਗਧੀ ਮੇਰੀ ਆ।

ਇਵੇਂ ਹੀ 'ਕੁੜਮ ਦੀ ਟੁੱਟੀ ਜਿਹੀ ਟੈਰ, ਕ ਫੱਕਾ ਤੂੜੀ ਦਾ ਮੰਗੇ' ਆਦਿ ਸਿਠਣੀਆਂ ਵੀ ਮੈਂ ਸਰਵਨ ਕੌਰ ਤੋਂ ਹੀ ਸੁਣੀਆਂ। ਇਥੇ ਹੀ ਸੰਗਲੀਬੱਧ ਸਿੱਠਣੀਆਂ ਸੁਣ ਕੇ ਮੇਰੀ ਜਿਵੇਂ ਤੀਜੀ ਅੱਖ ਖੁਲ੍ਹ ਗਈ ਹੋਵੇ :

ਸੁਣ ਵੇ ਰਾਮਾ ਸਿੱਠਣੀਆਂ, ਸੁਣਾਉਣ ਤੇਰੀਆਂ ਸਾਲੀਆਂ,
ਜੰਜ ਬੰਨ੍ਹ ਕੇ ਲਿਆਇਆ ਸਾਡਾ ਕੀ ਵੇ ਗਵਾਇਆ,
ਅਸੀਂ ਲੂਣ ਮਿਰਚਾਂ ਪਾ ਕੇ ਮਿੱਸੀਆਂ ਪਕਾ ਲਈਆਂ।....
ਲਾੜਿਆ ਓਅ ਤੇਰੀ ਜੁੱਤੀ ਜਿਹਤੀ ਸਾਡੇ ਵਿਹੜੇ ਢੁੱਕੀ
ਉਹਦੀ ਖੱਲ ਸੀ ਪੁਰਾਣੀ, ਓ ਵੀ ਚੱਕ ਲਗਈ ਕੁੱਤੀ,
ਅਸੀਂ ਝਮਕਾਂ ਮਾਰ ਉਠਾਲੀਆਂ,
ਸੁਣ ਵੇ ਰਾਮਾ ਸਿੱਠਣੀਆਂ, ਸੁਣਾਉਣ ਤੇਰੀਆਂ ਸਾਲੀਆਂ,

ਲੰਬੀ ਲੜੀ ਸੀ ਇਸ ਸਿੱਠਣੀ ਦੀ। ਸਿੱਠਣੀ ਤੋਂ ਬਾਅਦ ਮੇਰੀ ਲਾਲਸਾ ਸੀ ਬਾਰਾਮਾਹ ਸੁਣਨ ਦੀ। ਸੈਫ ਸਾਹਿਬ ਨੇ ਬਾਹਰ ਬੈਠਿਆਂ ਹੀ ਸਿਫਾਰਸ਼ ਕਰ ਦਿਤੀ ਤੇ ਨਾਲ ਹੀ ਉਸ ਦੀ ਧੁਨ ਵੀ ਗੁਣਗਣਾਉਣ ਲੱਗੇ। ਸਰਵਨ ਕੌਰ ਵੀ ਹੁਣ ਤਕ ਮੂਡ ਬਣਾ ਚੁੱਕੀ ਸੀ। ਉਸ ਨੇ ਨੀਵੀਂ ਸੁਰ ਵਿਚ ਬਾਰਾਮਾਹ ਸ਼ੁਰੂ ਕੀਤਾ :

ਚੜ੍ਹਿਆ ਮਹੀਨੇ ਚੇਤ ਚਿੱਤ ਵੇ ਚਿਤਾਰਦੀ,
ਤੁਸੀਂ ਘਰ ਆਵੋ ਨੰਦ ਲਾਲ ਜੀ ਸ਼ੁਕਰ ਗੁਜਾਰਦੀ।

ਮੈਂ ਲੈਅ ਨਾਲ ਮੰਤਰ ਮੁਗਧ ਹੋ ਰਿਹਾ ਸਾਂ, ਪਰ ਨਾਲ ਹੀ ਸ਼ਬਦਾਂ ਤੇ ਭਾਵਾਂ ਨੂੰ ਪਛਾਨਣ ਲਈ ਉਤਸੁਕ ਵੀ ਸਾਂ। ਬਿਰਹਣ ਦੀ ਅਵਸਥਾ। ਠੀਕ, ਪਰ ਭਾਵਾਂ ਦਾ ਪ੍ਰਗਟਾਅ ਮਿੱਥ ਦੇ ਓਹਲੇ। ਰਾਧਾ ਬਣ ਕੇ। ਉਹਦਾ ਢੋਲ 'ਨੰਦ ਲਾਲ ਕ੍ਰਿਸ਼ਨ'। ਸਦੀਆ ਤੋਂ ਹੀ ਔਰਤ ਆਪਣੀਆਂ ਵਿਅਕਤੀਗਤ ਭਾਵਨਾਵਾਂ ਨੂੰ ਦਬਾਉਂਦੀ ਆਈ ਹੈ, ਪਰ ਇਜ਼ਹਾਰ ਤਾਂ ਕਰਨਾ ਹੀ ਪੈਂਦਾ ਹੈ, ਨਹੀਂ ਤਾਂ ਉਹ ਪਾਗਲ ਹੋ ਜਾਏ। ਇਸ ਲਈ ਓਹਲਾ ਵੀ ਉਸ ਨੇ ਲੱਭ ਲਿਆ, ਜੋ ਮਜਬੂਰੀ ਵੀ ਹੈ, ਪਰ ਨਾਲ ਹੀ ਇਕ ਸੁਹਜ ਵੀ।

ਜੀ ਤੇਰੀ ਸ਼ਾਹੀ ਨੂੰ ਤੋਟ ਕਾਗਜ਼ ਗਲ ਗਏ।
ਜਿਨ ਤੈਨੂੰ ਲਾਈ ਸੀ ਪ੍ਰੀਤ, ਮੁਸਾਫਰ ਰਮ ਰਹੇ।
ਨਾ ਮੇਰੀ ਸ਼ਾਹੀ ਨੂੰ ਤੋਟ, ਕਾਗਜ਼ ਨਾ ਗਲੇ।
ਪਿਛਲਾ ਭੁੱਲਾ ਨੀ ਖਿਆਲ, ਮੁਸਾਫਰ ਰਮ ਰਹੇ।

ਕਲਪਨਾ 'ਚ ਸਵਾਲਾਂ-ਜੁਆਬਾਂ ਦਾ ਸਿਲਸਿਲਾ, ਖਤ ਨਾ ਪਾਉਣ ਦਾ ਗਿਲਾ। ਢੋਲਾ ਸੁਚੇਤ ਵੀ ਹੈ ਤੇ ਸਪੱਸ਼ਟ ਵੀ ਕਿ ਮੁਸਾਫਰੀ ਵਿਚ ਉਹ ਪਿਛਲਾ ਖਿਆਲ ਭੁਲ ਚੁੱਕਾ ਸੀ।

ਮੇਰਾ ਸ਼ਾਮ ਵਸੇ ਪਰਦੇਸ ਕੁਝ ਨੀ ਮੈਂ ਖਾ ਮਰਾਂ।

ਬਾਅਦ 'ਚ ਜਾ ਕੇ ਕਵੀਆਂ ਨੇ ਮਹੀਨੇ ਦੇ ਨਾਲ ਨਾਲ ਪ੍ਰਕਿਰਤੀ ਨੂੰ ਵੀ ਗੂੜ੍ਹੇ ਰੰਗਾਂ ਵਿਚ ਚਿਤਰਿਆ ਹੈ ਕਿ ਬ੍ਰਿਹਣ ਦੀ ਮਾਨਸਿਕ ਦਸ਼ਾ ਨੂੰ ਹੋਰ ਡੂੰਘਾਈ ਵਿਚ ਜਾ ਕੇ ਪਛਾਣਿਆ ਜਾਵੇ, ਪਰ ਔਰਤ ਭਾਵਾਂ ਦੇ ਪ੍ਰਗਟਾਅ ਨਾਲ ਘਰੇਲੂ ਯਥਾਰਥ ਦੀ ਸਚਾਈ ਨੂੰ ਵੀ ਬਿਆਨ ਕਰਦੀ ਜਾਂਦੀ ਹੈ। ਅਸਲ ਵਿਚ ਉਹ ਇਸ ਯਥਾਰਥ ਤੋਂ ਬਹੁਤੀ ਦੂਰ ਰਹਿ ਹੀ ਨਹੀਂ ਸਕਦੀ, ਕਿਉਂਕਿ ਉਹ ਉਸ ਉਪਰ ਹਰ ਸਮੇਂ ਹਾਵੀ ਹੈ। ਅਜਿਹੀ ਸਥਿਤੀ 'ਚ ਉਦਾਸੀ ਵਿਚ ਆਤਮ ਹੱਤਿਆ ਕਰਨ ਦਾ ਵਿਚਾਰ ਆ ਜਾਣਾ ਸੁਭਾਵਕ ਹੈ।

ਚੜ੍ਹਿਆ ਮਹੀਨਾ ਜੇਠ, ਜੇਠ ਜਠਾਣੀਆਂ,
ਨਦੀਆਂ ਦੇ ਸੁੱਕ ਗਏ ਨੀਰ, ਧਰਤ ਨਿਮਾਣੀਆਂ।
ਚੜ੍ਹਿਆ ਮਹੀਨਾ ਹਾੜ੍ਹ, ਦੁਪੱਟਾ ਮੈਂ ਸੀਮਦੀ,
ਮੇਰਾ ਸ਼ਾਮ ਵਸੇ ਪਰਦੇਸ, ਘੜੀਓ ਨਾ ਜੀਮਦੀ।

ਔਰਤ ਵਲੋਂ ਆਪਣੇ ਆਪ ਨੂੰ ਜੇਠ ਵਿਚ ਸੜ ਰਹੀ ਧਰਤੀ ਨਾਲ ਉਪਮਾਉਣ ਤੋਂ ਉਸ ਦੀ ਮਾਨਸਿਕਤਾ ਦਾ ਸਹੀ ਅੰਦਾਜ਼ਾ ਹੋ ਰਿਹਾ ਸੀ। ਪਾਟੇ ਦੁਪੱਟੇ ਨੂੰ ਸਿਉਣ ਤੋਂ ਨਾਇਕਾ ਦੀ ਆਰਥਕ ਸਥਿਤੀ ਵੀ ਝਾਤੀਆਂ ਮਾਰ ਰਹੀ ਸੀ। ਮਹੀਨੇ ਵਾਰ ਨਾਇਕਾ ਆਪਣੀ ਮਾਨਸਿਕ ਸਥਿਤੀ ਦੇ ਬਦਲਾਓ ਦਾ ਖਾਕਾ ਵੀ ਖਿੱਚ ਰਹੀ ਸੀ।

ਚੜ੍ਹਿਆ ਮਹੀਨਾ ਸਾਉਣ, ਸਹੀਆਂ ਪੀਘਾਂ ਪਾਉਂਦੀਆਂ।
ਜਿਨ੍ਹਾਂ ਦੇ ਘਰ ਨੰਦ ਲਾਲ, ਸਭੇ ਝੂਟਣ ਆਉਂਦੀਆਂ।
ਚੜ੍ਹਿਆ ਮਹੀਨਾ ਭਾਦੋਂ, ਕਿ ਉਡਣ ਭੰਬੀਰੀਆਂ।
ਮੇਰਾ ਸ਼ਾਮ ਵਸੇ ਪਰਦੇਸ, ਮਨ ਦਿਲਗੀਰੀਆਂ।
ਚੜ੍ਹਿਆ ਮਹੀਨਾ ਭਾਦੋਂ, ਬਬੀਹਾ ਬਾਗੀਂ ਬੋਲਦਾ।
ਮੇਰਾ ਸ਼ਾਮ ਵਸੇ ਪਰਦੇਸ, ਜੀਅੜਾ ਮੇਰਾ ਡੋਲਦਾ।

ਆਪਣੀ ਤੁਲਨਾ ਜਦੋਂ ਔਰਤ ਉਨ੍ਹਾਂ ਨਾਲ ਕਰਦੀ ਹੈ, ਜਿਨ੍ਹਾਂ ਦੇ ਘਰ ਨੰਦ ਲਾਲ ਹਨ ਤਾਂ ਉਸ ਦੀ ਸਥਿਤੀ ਤਰਸਯੋਗ ਹੋ ਜਾਂਦੀ ਹੈ। ਬਬੀਹਿਆਂ ਦਾ ਬੋਲਣਾ, ਮੋਰਾਂ ਦਾ ਪੈਲਾਂ ਪਾਉਣਾ ਤਾਂ ਸਾਰੇ ਕਵੀ ਵੀ ਵਰਨਣ ਕਰਦੇ ਹਨ, ਪਰ ਭੰਬੀਰੀਆਂ ਦਾ ਉੱਡਣਾ ਪ੍ਰਕਿਰਤੀ ਨਾਲ ਹੋਰ ਨੇੜਤਾ ਦਾ ਅਹਿਸਾਸ ਪੈਦਾ ਕਰਦਾ।

ਸੈਫ ਸਾਹਿਬ ਹੌਲੀ ਹੌਲੀ ਨਾਲੋਂ ਨਾਲ ਗੁਣਗੁਣਾ ਰਹੇ ਸਨ, ਪਰ ਸਰਵਨ ਕੌਰ ਪੂਰੇ ਰੌਅ ਵਿਚ ਆਵਾਜ਼ ਨੂੰ ਉੱਚਾ ਨੀਵਾਂ ਕਰ ਰਹੀ ਸੀ।

ਚੜ੍ਹਿਆ ਮਹੀਨਾ ਅੱਸੂ, ਨੀ ਸੁਣ ਮੇਰੀ ਸੱਸੂ,
ਨੀ ਸੱਸੂ ਬੜਬੋਲੀਏ।
ਤੇਰਾ ਪੁੱਤ ਵਸੇ ਪਰਦੇਸ ਕਿਹਦੇ ਨਾਲ ਬੋਲੀਏ।

ਸਵੈ-ਕਥਨ ਤੋਂ ਗੱਲ ਸੱਸੂ ਵੱਲ ਨੂੰ ਮੁੜ ਗਈ ਸੀ। ਸਵਾਲ 'ਚ ਗਿਲਾ ਸੀ, ਯਥਾਰਥ ਸੀ, ਕੋਈ ਰਸਤਾ ਨਾ ਲੱਭਣ ਦੀ ਬੇਵਸੀ ਸੀ। ਇਸ ਦਾ ਜਵਾਬ 'ਬੜਬੋਲੀ' ਸੱਸ ਵੀ ਕੀ ਦੇ ਸਕਦੀ ਸੀ?

ਚੜ੍ਹਿਆ ਮਹੀਨਾ ਕੱਤਕ, ਦੀਵਾਲੀ ਨਾਜੋ ਬਾਲਦੀ,
ਜਿਨ੍ਹਾਂ ਦੇ ਘਰ ਨੰਦ ਲਾਲ ਖੁਸ਼ੀਆਂ ਮਨਾਂਮਦੀ।

ਹਰ ਮਹੀਨੇ ਵਿਚ ਵਿਸ਼ੇਸ਼ ਤਿਉਹਾਰ ਵੀ ਨਾਲ ਜੁੜ ਗਿਆ ਸੀ।

ਚੜ੍ਹਿਆ ਮਹੀਨਾ ਮੱਘਰ, ਲੇਫ ਭਰਾਂਮਦੀ।
ਮੇਰਾ ਸ਼ਾਮ ਵਸੇ ਪਰਦੇਸ, ਪਟਾਰੀ ਵਿਚ ਪਾਮਦੀ।

ਲੇਫ ਸੱਚਮੁਚ ਉਸ ਦੇ ਕਿਸੇ ਕੰਮ ਨਹੀਂ, ਉਨ੍ਹਾਂ ਦੀ ਥਾਂ ਪਟਾਰੀ ਵਿਚ ਹੋ ਸਕਦੀ ਹੈ। ਬੜੀ ਮਾਸੂਮੀਅਤ ਨਾਲ ਆਪਣੇ ਅੰਦਰ ਦੀ ਜਿਨਸੀ ਭਾਵਨਾ ਦੀ ਤੀਬਰਤਾ ਨੂੰ ਵੀ ਦਬਾਇਆ ਜਾ ਰਿਹਾ ਹੈ।

ਚੜ੍ਹਿਆ ਮਹੀਨਾ ਪੋਹ ਕਿ ਪਾਲੇ ਪੈਂਦੇ ਚੌਗੁਣੇ,
ਬਖਸ਼ੋ ਬਖਸ਼ੋ ਜੀ ਮੇਰੇ ਨੰਦ ਲਾਲ ਬਖਸ਼ੋ ਮੇਰੇ ਔਗਣੇ,
ਚੜ੍ਹਿਆ ਮਹੀਨਾ ਮਾਘ ਮਾਘੀ ਸਾਡੇ ਘਰ ਆਈ,
ਜਿਨ੍ਹਾਂ ਦੇ ਘਰ ਨੰਦ ਲਾਲ ਉਨ੍ਹਾਂ ਨੇ ਖੁਸ਼ੀ ਮਨਾ ਲਈ।

ਇਥੇ ਆ ਕੇ ਤਾਂ ਮਾਨਸਿਕਤਾ ਤਰਲਤਾ ਦਾ ਰੂਪ ਲੈ ਕੇ ਪੂਰੀ ਤਰ੍ਹਾਂ ਨਿਵੀਂ ਹੋਈ ਵਿਖਾਈ ਦਿੰਦੀ ਹੈ, ਪਰ ਉਸ ਦਾ ਜਵਾਬ ਕੀ ਹੈ?

ਚੜ੍ਹਿਆ ਮਹੀਨਾ ਫੱਗਣ, ਹੋਲੀ ਨਾਜੋ ਖੇਡਦੀ,
ਜਿਨ੍ਹਾਂ ਦੇ ਘਰ ਨੰਦ ਲਾਲ, ਖੁਸ਼ੀਆਂ ਮਨਾਂਵਦੀ।

ਦੁਹਰਾਅ ਮਾਨਸਿਕਤਾ ਨੂੰ ਹੋਰ ਗਹਿਰਾਈ ਦੇ ਗਿਆ ਸੀ। ਬਾਰਾਂ ਮਹੀਨਿਆਂ ਨੇ ਗੇੜਾ ਦੇ ਦਿਤਾ ਸੀ। ਸਰਵਨ ਕੌਰ ਗੀਤ ਖਤਮ ਕਰ ਕੇ ਪਹਿਲਾਂ ਵਾਂਗ ਹੌਲੀ ਹੌਲੀ ਝੂਲ ਰਹੀ ਸੀ। ਲੱਗਦਾ ਇਉਂ ਸੀ ਕਿ ਅਜੇ ਅੰਦਰ ਗੀਤ ਚੱਲ ਰਿਹਾ ਸੀ। ਅਚਾਨਕ ਉਸ ਨੇ ਗੀਤ ਸਮਾਪਤੀ ਦਾ ਐਲਾਨ ਕਰ ਦਿਤਾ।

ਸ਼ਾਮ ਤਕ ਗੀਤ ਸੁਣਨ ਤੋਂ ਬਾਅਦ ਖਾਣਾ ਖਾ ਕੇ ਹਨੇਰਾ ਹੋਣ ਦੇ ਬਾਵਜੂਦ ਮੈਂ ਇੱਕਲਾ ਹੀ ਸਾਈਕਲ ਉੱਪਰ ਤੁਰ ਪਿਆ ਤਾਜਪੁਰ ਕਲਾਂ ਆਪਣੀ ਭੈਣ ਦੇ ਪਿੰਡ। ਕੱਚੇ ਰਾਹ ਦਾ ਪੈਂਡਾ ਬਿਖੜਾ ਸੀ। ਬਾਰਾਮਾਹੇ ਦੀ ਧੁਨ ਮੇਰੇ ਅੰਦਰ ਵੀ ਗੂੰਜ ਰਹੀ ਸੀ। ਸਿੱਠਣੀਆਂ ਦਾ ਮਾਹੌਲ ਆਲੇ ਦੁਆਲ ਘੁੰਮ ਰਿਹਾ ਸੀ ਪਤਾ ਹੀ ਨਹੀਂ ਲੱਗਾ ਕਿ ਕਦੋਂ ਮੈਂ ਤਾਜਪੁਰ ਕਲਾਂ ਪਹੁੰਚ ਗਿਆ ਸੀ। ਏਨੇ ਹਨੇਰੇ ਪਹੁੰਚਣ 'ਤੇ ਸਾਰੇ ਹੈਰਾਨ ਸਨ, ਪਰ ਉਨ੍ਹਾਂ ਨੂੰ ਕੀ ਪਤਾ ਕਿ ਲੋਕ ਗੀਤਾਂ ਦੀ ਲੋਅ ਵੀ ਹੁੰਦੀ ਹੈ ਤੇ ਨਿੱਘ ਵੀ, ਜੋ ਕਿਤੇ ਵੀ ਮੇਰੇ ਵਰਗੇ ਨੂੰ ਚੈਨ ਨਹੀਂ ਲੈਣ ਦਿੰਦੀ।

# ਨਿਰੂਪਮਾ ਦੱਤ ਦੀਆਂ ਕਵਿਤਾਵਾਂ



## ਸੱਤਵਾਂ ਦਹਾਕਾ

ਸੱਤਵੇਂ ਦਹਾਕੇ ਦਾ ਕੁਝ
ਅਲੱਗ ਹੀ ਅੰਦਾਜ਼ ਸੀ
ਜ਼ਰਾ ਸ਼ਾਇਰਾਨਾ ਮਿਜਾਜ਼ ਸੀ
ਮੋਢੇ 'ਤੇ ਲੈਪਟਾਪ ਨਹੀਂ
ਖੱਦਰ ਦਾ ਝੋਲਾ ਲਟਕਦਾ
ਜਿਸ ਵਿਚ ਜ਼ਿੰਦਗੀ ਦਾ
ਸਾਜ਼ੋ ਸਾਮਾਨ ਸਜਦਾ
ਇਨਕਲਾਬ ਦੇ ਜ਼ਖ਼ਮੀ ਸੁਪਨੇ
ਕੁਝ ਖ਼ਿਆਲ ਪਰਾਏ, ਕੁਝ ਅਪਣੇ
ਇੱਕ-ਅੱਧੇ ਸਿਗਰਟ ਦੀ ਮਸ਼ਾਲ
ਪਸੀਨਾ ਪੂੰਝਣ ਲਈ ਲਾਲ ਰੁਮਾਲ...
ਮੀਲੋ ਮੀਲ ਪੈਦਲ ਤੁਰਦੇ ਜਾਣਾ
ਸਾਈਕਲ ਦੇ ਪਹੀਏ ਘੁਮਾਉਣਾ
ਇਸ ਦੌਰ ਦਾ ਕਮਾਲ ਸੀ
ਪੈਸਾ ਬਣਾਉਣਾ, ਬਹੁਤ ਜ਼ਿਆਦਾ ਕਮਾਉਣਾ
ਨਵੀਆਂ ਗੱਡੀਆਂ ਖਰੀਦਣਾ
ਉਨ੍ਹਾਂ ਵਿਚ ਪੈਟਰੋਲ ਪਾਉਣਾ
ਇਸ ਸਭ ਦੀ ਕਿਸੇ ਨੂੰ
ਨਾ ਕਾਹਲ ਸੀ
ਬਹੁਤ ਖ਼ੂਬ ਸੀ ਜ਼ਿੰਦਗੀ
ਕੀ ਹੋਇਆ ਜੇ ਫਟੇਹਾਲ ਸੀ?

ਸੱਤਵੇਂ ਦਹਾਕੇ ਦੇ ਮੇਰੇ ਦੋਸਤ
ਫ਼ੈਜ਼ ਦੇ ਤਰਾਨੇ ਸਨ ਗੁਣਗੁਣਾਉਂਦੇ
ਬੈਕੇਟ ਤੇ ਬ੍ਰੈਖ਼ਤ ਦਿਆਂ
ਨਾਟਕਾਂ 'ਤੇ ਬਹਿਸਦੇ ਤੇ
ਆਪ ਨਾਟਕ ਜਾਂ ਨਜ਼ਮ
ਬਣ ਜਾਣਾ ਚਾਹੁੰਦੇ
ਨਜ਼ਮ ਜ਼ਿੰਦਗੀ ਦੇ ਕਰੀਬ ਸੀ
ਕਲਮ 'ਤੇ ਲੱਗੀ ਬੜੀ ਉਮੀਦ ਸੀ
ਕੁੜੀਆਂ ਲੁਭਾਉਣ ਲਈ
ਮੁੰਡਿਆਂ ਕੋਲ ਮਾਰਕਸਵਾਦ ਦਾ
ਲਬਾਦਾ ਬੜਾ ਪਿਆਰਾ ਸੀ
ਗੱਲ ਨਾ ਬਣਦੀ ਤਾਂ
ਨਜ਼ਮਾਂ ਦਾ ਸਹਾਰਾ ਸੀ
ਸੱਤਵਾਂ ਦਹਾਕਾ ਬਹੁਤ ਅਵਾਰਾ ਸੀ...

ਠੀਕ ਕਹਿੰਦੇ ਹੋ
ਕਈ ਕੁਝ ਗ਼ਲਤ ਸੀ
ਮੰਨਿਆ ਕੁਝ ਟੇਢੀ ਮੇਢੀ ਚਾਲ ਸੀ
ਫਿਰ ਵੀ ਜੀਣਾ ਮਰਨਾ ਜਾਣਦੇ ਸਨ ਸਭ
ਜੀਣ ਮਰਨ ਦੀ ਕਲਾ ਸਿੱਖਣ ਲਈ
ਮੁਅਮੀਆਂ ਦੀ ਨਹੀਂ ਭਾਲ ਸੀ
'ਅਸੀਂ' ਕਹਿ ਕੇ ਚੱਲਦੀ ਗੱਲ
ਨਹੀਂ 'ਮੈਂ' ਦਾ ਜੰਜਾਲ ਸੀ
ਇੰਨੇ 'ਕੱਲੇ ਨਹੀਂ ਸੀ ਪਏ ਅਸੀਂ
ਭਰਿਆ ਪੂਰਾ ਕਾਫਿਲਾ ਨਾਲ-ਨਾਲ ਸੀ
ਸੱਤਵੇਂ ਦਹਾਕੇ ਦੀ ਲੰਮੀ ਪਰਵਾਜ਼ ਸੀ
ਇੱਕ ਅਲੱਗ ਹੀ ਅੰਦਾਜ਼ ਸੀ...

## ਪਾਗਲ ਮਸੀਹੇ

ਮੇਰੇ ਤੱਕ ਪਹੁੰਚਣ ਲਈ
ਉਹ ਹਰ ਦੂਜੇ-ਤੀਜੇ ਸਾਲ
ਪਾਗਲ ਬਣ ਜਾਂਦਾ
ਉਸ ਦਾ ਇੰਝ ਪਗਲਾ ਜਾਣਾ
ਮੈਨੂੰ ਬੜਾ ਭਾਂਵਦਾ
ਪਾਗਲਪਨ ਵਿਚ ਉਹ
ਘਰ ਦੀਆਂ ਕੰਧਾਂ
ਟੱਪ ਜਾਂਦਾ
ਵੀਰਾਨ ਸੁੱਤੇ ਸੈਕਟਰਾਂ ਦੇ
ਚੌਕੀਦਾਰਾਂ ਤੋਂ ਬੀੜੀਆਂ ਮੰਗ
ਕਸ਼ 'ਤੇ ਕਸ਼ ਭਰਦਾ। ਗਿਰਜੇ ਤੋਂ ਪਰਤਦੇ
ਅਫਰੀਕਨ ਜੋੜਿਆਂ ਨੂੰ ਰੋਕ
ਯੀਸੂ ਮਸੀਹ ਦੀਆਂ ਗੱਲਾਂ ਕਰਦਾ
ਮੋਏ ਪੰਛੀਆਂ ਲਈ ਕਬਰਾਂ ਗੱਡਦਾ
ਰਾਤ ਗਏ ਸੁਖਨਾ ਝੀਲ ਦੇ ਕੰਢੇ
ਮੇਰੇ ਨਾਲ ਬੈਠ
ਮੇਰੇ ਤੋਂ ਮੇਰੇ ਇਸ਼ਕਾਂ ਬਾਰੇ ਪੁੱਛਦਾ
ਪੁਲਿਸੀਏ ਸਾਨੂੰ ਅਵਾਰਾ ਜਾਣ
ਧਮਕਾਣ ਤੇ ਥਾਣੇ ਲਿਜਾਣ ਆ ਜਾਂਦੇ
ਕੁਝ ਦੇਰ ਫਜ਼ੂਲ ਬਹਿਸ ਕਰ
ਅਸੀਂ ਅਪਣੇ ਪ੍ਰੈੱਸ ਕਾਰਡ ਵਿਖਾਉਂਦੇ
ਉਨ੍ਹਾਂ ਨੂੰ ਭੰਦੀਆਂ ਚਖਾ
ਪਾਗਲ ਮਸੀਹੇ ਬਣ ਜਾਂਦੇ
ਰਾਤ ਨੂੰ ਅੰਜਾਮ ਦੇਣ ਲਈ
ਸ਼ਹਿਰ ਦੇ ਬੱਸ ਸਟੈਂਡ ਜਾਂਦੇ
ਡੇਢ ਰੁਪਏ ਵਾਲੀ ਕਾਫੀ
ਦੀਆਂ ਚੁਸਕੀਆਂ ਲੈ
ਮੁਸਾਫਰਾਂ ਨਾਲ ਦੋਸਤੀਆਂ ਪਾਉਂਦੇ
ਮੇਰੇ ਲਈ ਤਾਂ ਮੁੱਕ ਜਾਂਦੀ
ਸੁੱਖ ਦੀ ਇੱਕ ਰਾਤ ਪਰ
ਉਸ ਲਈ ਚੜ੍ਹ ਆਉਂਦੀ ਸੁਲਗਦੀ ਪਰਭਾਤ
ਘਰ ਜਾ ਉਹ ਨਾਟਕ ਰਚਦਾ
ਆਲ੍ਹਾ ਅਫਸਰਾਂ ਨੂੰ ਫੋਨ ਕਰਕੇ
ਉਨ੍ਹਾਂ ਤੋਂ ਅੱਧ ਸੇਰ ਗੋਸ਼ਤ ਮੰਗਦਾ
ਬੀਵੀਆਂ ਸ਼ਾਇਦ ਪਾਗਲ ਨਹੀਂ ਬਣ
ਸਕਦੀਆਂ
ਇਸ ਲਈ ਪਾਗਲਪਨ ਵਿਚ ਉਹ
ਮੇਰੇ ਤੱਕ ਪੁੱਜਦਾ ਪਰ
ਮੇਰੇ ਇਸ਼ਕਾਂ ਦੀਆਂ ਕਹਾਣੀਆਂ ਸੁਣ
ਉਹ ਮੈਨੂੰ ਪਾਗਲ ਕਰਾਰ ਕੇ
ਸ਼ਹਿਰ ਦੇ ਵੱਡੇ ਹਸਪਤਾਲ ਨੂੰ ਭੱਜਦਾ
ਡਾਕਟਰਾਂ ਤੋਂ ਮਾਨਸਿਕ ਸੰਤੁਲਨ
ਬਣਾਏ ਰੱਖਣ ਦੀਆਂ ਦਵਾਈਆਂ ਮੰਗਦਾ
ਉਹ ਇਸ਼ਕ ਅਪਣੀ ਬੀਵੀ ਨੂੰ ਸੀ ਕਰਦਾ।

# ਪੰਜਾਬੀ ਮਾਂ ਬੋਲੀ ਦੇ ਸਪੂਤ 'ਉਸਤਾਦ ਦਾਮਨ' ਦੀ ਸ਼ਾਇਰੀ





ਸੁਲੱਖਣ ਸਰਹੱਦੀ
94174-84337

ਉਸਤਾਦ ਦਾਮਨ ਨੂੰ ਵਾਰਸ ਤੋਂ ਬਾਅਦ ਸਭ ਤੋਂ ਵੱਡਾ ਪੰਜਾਬੀ ਸ਼ਾਇਰ ਮੰਨਿਆ ਜਾਂਦਾ ਹੈ। ਫੈਜ਼ ਅਹਿਮਦ ਫੈਜ਼ ਨੇ ਕਿਹਾ ਸੀ ਕਿ ਵਾਰਸ ਤੋਂ ਬਾਅਦ ਉਸਤਾਦ ਦਾਮਨ ਨੇ ਹੀ ਪੰਜਾਬੀ ਸ਼ਾਇਰੀ ਨੂੰ ਲੋਕਾਂ ਦੇ ਦਿਲ ਨਾਲ ਜੋੜਿਆ। ਦਾਮਨ ਖਾਲਸ ਪੰਜਾਬੀ ਸ਼ਾਇਰ ਸੀ ਜਿਸ ਨੇ ਪੰਜਾਬੀ ਸ਼ਾਇਰੀ ਨੂੰ ਪਿੰਡਾਂ ਦੇ ਵਿਹੜਿਆਂ ਅਤੇ ਸੱਥਾਂ ਤੀਕ ਪਹੁੰਚਾਇਆ। ਪਾਕਿਸਤਾਨ ਬਣਨ ਤੋਂ ਪਹਿਲਾਂ ਉਹ ਭਾਰਤ ਦੀ ਆਜ਼ਾਦੀ ਵਾਸਤੇ ਸ਼ਾਇਰੀ ਕਰਦੇ ਰਹੇ ਅਤੇ ਆਜ਼ਾਦੀ ਵਾਸਤੇ ਲੁਕਾਈ ਨੂੰ ਜਾਗ੍ਰਿਤ ਕਰਦੇ ਰਹੇ। ਪੰਜਾਬ ਦੀ ਵੰਡ ਪਿੱਛੋਂ ਉਹ ਪਾਕਿਸਤਾਨ ਜਾ ਵੱਸੇ ਪਰ ਸਾਰੀ ਜ਼ਿੰਦਗੀ ਉਹ ਪੰਜਾਬੀ ਮਾਂ ਬੋਲੀ ਵਾਸਤੇ ਸ਼ਾਇਰੀ ਕਰਦੇ ਰਹੇ। ਆਜ਼ਾਦੀ ਮਗਰੋਂ ਇਕ ਵਾਰ ਦਾਮਨ ਜੀ ਦਿੱਲੀ ਵਿਖੇ ਹਿੰਦ ਪਾਕਿ ਪੰਜਾਬਾਂ ਦੇ ਸਾਂਝੇ ਮੁਸ਼ਾਇਰੇ ਦੀ ਸਦਾਰਤ ਕਰ ਰਹੇ ਸਨ, ਉਥੇ ਦਾਮਨ ਨੇ ਜਿਹੜੀਆ ਚਾਰ ਸਤਰਾਂ ਬੋਲੀਆਂ ਉਨ੍ਹਾਂ ਨੂੰ ਸੁਣ ਕੇ ਮੁਸ਼ਾਇਰਾ ਸੁਣਦੇ ਹਜ਼ਾਰਾਂ ਲੋਕਾਂ ਦੀਆਂ ਅੱਖਾਂ ਭਰ ਆਈਆਂ। ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਆਪਣੇ ਅੱਥਰੂ ਰੁਮਾਲ ਨਾਲ ਸਾਫ ਕੀਤੇ ਸਨ। ਇਹ ਸਤਰਾਂ ਦੋਂਹਾਂ ਪੰਜਾਬਾਂ ਦੇ ਬੱਚੇ ਬੱਚੇ ਦੀ ਜ਼ੁਬਾਨ 'ਚ ਚੜ੍ਹ ਗਈਆਂ ਸਨ, ਉਹ ਇਹ ਸਨ :

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀ
ਖੋਏ ਤੁਸੀਂ ਵੀ ਓ ਖੋਏ ਅਸੀਂ ਵੀ ਆਂ
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ
ਹੋਏ ਤੁਸੀਂ ਵੀ ਓ ਹੋਏ ਅਸੀਂ ਵੀ ਆਂ
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ
ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ
ਲਾਲੀ ਅੱਖੀਆਂ ਦੀ ਪਈ ਦੱਸਦੀ ਏ
ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਉਸਤਾਦ ਦਾਮਨ 4 ਸਤੰਬਰ 1911 ਨੂੰ ਲਾਹੌਰ ਵਿਖੇ ਜਨਾਬ ਮੀਰਾਂ ਬਖਸ਼ ਦੇ ਗ੍ਰਹਿ ਵਿਖੇ ਮਾਤਾ ਕਰੀਮ ਬੀਬੀ ਦੀ ਕੁੱਖੋਂ ਜਨਮੇ ਸਨ। ਇਨ੍ਹਾਂ ਦਾ ਬਚਪਨ ਦਾ ਨਾਮ ਚਿਰਾਗ ਦੀਨ ਸੀ ਪਰ ਸ਼ਾਇਰੀ ਵਿਚ ਉਨ੍ਹਾਂ ਨੂੰ ਉਸਤਾਦ ਦਾਮਨ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ। ਚਿਰਾਗ ਦੀਨ ਵਧੀਆ ਦਰਜੀ ਸਨ। ਉਹ ਕੇਵਲ 10 ਜਮਾਤਾਂ ਹੀ ਪੜ੍ਹ ਸਕੇ। ਉਹ ਧੋਤੀ ਕੁੜਤਾ, ਫਤੂਹੀ ਤੇ ਸਿਰ ਉਤੇ ਪਰਨਾ ਪਹਿਨਦੇ ਸਨ। ਇਕ ਚਾਦਰ ਹਮੇਸ਼ਾ ਉਹ ਆਪਣੇ ਖੱਬੇ ਮੋਢੇ ਉਤੇ ਰੱਖਦੇ, ਇਹ ਪੰਜਾਬੀ ਪਹਿਰਾਵਾ ਅਖ਼ੀਰ ਤਕ ਉਨ੍ਹਾਂ ਦੇ ਨਾਲ ਰਿਹਾ।

ਦਾਮਨ ਕਾਮਰੇਡ ਬੰਦਾ ਸੀ ਤੇ ਪਾਕਿਸਤਾਨ ਵਿਚ ਅਜਿਹੇ ਨਿਜ਼ਾਮ ਦੀ ਸਥਾਪਨਾ ਚਾਹੁੰਦਾ ਸੀ ਜਿਸ ਵਿਚ ਬੰਦੇ ਹੱਥੋਂ ਬੰਦੇ ਦੀ ਲੁੱਟ ਬੰਦ ਹੋਵੇ। ਉਹ ਰਾਜਨੀਤੀ ਵਿਚ ਮਜ਼ਹਬ ਦੀ ਉਲਾਰ ਸਥਿਤੀ ਦੇ ਵਿਰੋਧੀ ਸਨ। ਦਾਮਨ ਦੀ ਸ਼ਾਇਰੀ ਨੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲੀ ਨੂੰ ਉਚਾ ਤੇ ਸਤਿਕਾਰ ਭਰਿਆ ਦਰਜਾ ਦਿਵਾਇਆ। ਮੈਂ 'ਨਵੀਂ ਦੁਨੀਆ' ਦੇ ਪਾਠਕਾਂ ਅਤੇ ਉਸਤਾਦ ਦਾਮਨ ਦੀ ਸ਼ਾਇਰੀ ਵਿਚਕਾਰ ਬਹੁਤੀ ਦੇਰ ਨਹੀਂ ਠਹਿਰਨਾ ਚਾਹੁੰਦਾ। ਆਓ ਦਾਮਨ ਦੀ ਸ਼ਾਇਰੀ ਦਾ ਜ਼ਾਇਕਾ ਚੱਖਦੇ ਹਾਂ :

ਤੇਰਾ ਇਕ ਦਿਲ ਏ ਜਾਂ ਦੋ?
ਕਿਧਰੇ ਮਸਜਿਦ ਵਿਚ ਘਰ ਤੇਰਾ
ਕਿਧਰੇ ਮੰਦਰ ਵਿਚ ਬਸੇਰਾ
ਆਪੇ ਤੂੰ ਬੁਤ ਖਾਨੇ ਜਾ ਕੇ
ਬੁਤਾਂ ਵਿਚ ਕਰਨਾ ਏ ਲੋਅ
ਤੇਰਾ ਇਕ ਦਿਲ ਏ ਜਾਂ ਦੋ?

--------------

ਜਦੋਂ ਕਦੇ ਪੰਜਾਬੀ ਦੀ ਗੱਲ ਕਰਾਂ
ਫਾਂ ਫਾਂ ਕਰਦਾ ਫੂੰ ਫੂੰ ਆਉਂਦਾ
ਤੂੰ ਪੰਜਾਬੀ ਪੰਜਾਬੀ ਕੀ ਲਾਈ ਹੋਈ ਆ
ਚਾਂ ਚਾਂ ਕਰਦਾ ਚੂੰ ਚੂੰ ਆਉਂਦਾ
ਉਹ ਬੋਲਦਾ ਬੋਲਦਾ ਟੁਰੀ ਜਾਂਦੀ
ਖੌਰੇ ਮੇਰਿਆਂ ਬੁੱਲਾਂ ਨੂੰ ਸਿਊਂ ਆਉਂਦਾ
ਇਹ ਗੱਲ ਹੈ ਮਾਂ ਤੇ ਪੁੱਤਰਾਂ ਦੀ
ਕੋਈ ਤੀਸਰਾ ਇਹਦੇ ਵਿਚ ਕਿਉਂ ਆਉਂਦਾ?

--------------

ਇਥੇ ਬੋਲੀ ਪੰਜਾਬੀ ਹੀ ਬੋਲੀ ਜਾਇਗੀ
ਉਰਦੂ ਵਿਚ ਕਿਤਾਬਾਂ ਦੇ ਠਣਦੀ ਰਹੇਗੀ
ਇਹਦਾ ਪੁਤ ਹਾਂ ਇਹਦੇ ਤੋਂ ਦੁੱਧ ਮੰਗਣਾ
ਮੇਰੀ ਭੁੱਖ ਏਹੀ ਛਾਤੀ ਤਣਦੀ ਰਹੇਗੀ
ਇਹਦੇ ਲਖ ਹਰੀਫ (ਵੈਰੀ) ਪਏ ਹੋਣ ਪੈਦਾ
ਦਿਨ ਬ ਦਿਨ ਇਹਦੀ ਸ਼ਕਲ ਬਣਦੀ ਰਹੇਗੀ
ਉਦੋਂ ਤੀਕ ਪੰਜਾਬੀ ਨੇ ਨਹੀਂ ਮਰਨਾ
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

--------------

ਕਹਿੰਦਾ ਕੌਣ ਏ ਮੱਟਾਂ ਦੇ ਮੱਟ ਦੇ ਦੇ
ਰੱਖਣ ਵਾਸਤੇ ਇਕ ਦੋ ਜਾਮ ਈ ਸਹੀ
ਲੱਖ ਸ਼ੁੱਕਰ ਏ ਮਜ਼ਹਬ ਨਹੀਂ ਸਿਰ ਚੜਿਆ
ਮੈਂ ਹੁਸਨ ਦਾ ਅਣਦਾ ਗੁਲਾਮ ਈ ਸਹੀ
ਮੈਅ ਖਾਨੇ 'ਚ ਮੁੱਲਾਂ ਨੂੰ ਲੈ ਆਇਆਂ
ਪੀਂਦਾ ਨਹੀਂ ਪਰ ਚਲੋ ਬਦਨਾਮ ਈ ਸਹੀ

--------------

ਈਦ ਦਿਹਾੜੇ ਫਜ਼ਰੇ ਫਜ਼ਰੇ, ਲਭਣਾ ਫਿਰਨਾਂ ਦਾਰੂ
ਲੋਕੀਂ ਵੱਲ ਮਸੀਤੇ ਚੱਲੇ, ਮੈਂ ਵਿਚ ਘਿਰਨਾਂ ਦਾਰੂ
ਐਵੇਂ ਰਿੰਦ ਦੁਆਵਾਂ ਮੰਗਦੇ ਰਹੇ ਜੇ ਦਿਲੋਂ ਬਜਾਨੋਂ
ਅਸਮਾਨਾਂ ਤੋਂ ਕਿਰਨਾਂ ਬਣ ਕੇ ਇਕ ਦਿਨ ਕਿਰਨਾਂ ਦਾਰੂ

--------------

ਘੁੰਡ ਮੁਖੜੇ ਤੋਂ ਲਾਹ ਓ ਯਾਰ!
ਵੇਦ ਕਿਤਾਬਾਂ ਪੜ੍ਹ ਪੜ੍ਹ ਥੱਕਾ
ਕੁਝ ਨਾ ਬਣਿਆ ਕੱਚਾ ਪੱਕਾ
ਓੜਕ ਰਹਿ ਗਿਆ ਹੱਕਾ ਬੱਕਾ
ਮੱਕੇ ਗਿਆ ਤੇ ਕੁਝ ਨਾ ਮੁੱਕਾ
ਐਵੇਂ ਮੁੱਕ ਮੁਕਾਈਏ ਕਾਹਦੇ
ਮੁਕਦੀ ਗੱਲ ਮੁੱਕਾ ਓ ਯਾਰ
ਘੁੰਡ ਮੁੱਖੜੇ ਤੋਂ ਲਾਹ ਓ ਯਾਰ

--------------

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ
ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ
ਗੋਦੀ ਜਿਹਦੀ 'ਚ ਪਲ ਕੇ ਜਵਾਨ ਹੋਇਉਂ
ਉਹ ਮਾਂ ਛੱਡ ਦੇ ਤੇ ਗਿਰਾਂ ਛੱਡ ਦੇ
ਜੇ ਪੰਜਾਬੀ ਪੰਜਾਬੀ ਈ ਕੂਕਣਾ ਈਂ
ਜਿਥੇ ਖਲਾ ਖਲੋਤਾ ਏਂ ਥਾਂ ਛੱਡਦੇ
ਮੈਨੂੰ ਇੰਜ ਲਗਦੈ ਲੋਕੀਂ ਆਖਦੇ ਨੇ
ਤੂੰ ਪੁੱਤਰਾ ਆਪਣੀ ਮਾਂ ਛੱਡ ਦੇ

--------------

ਉਰਦੂ ਦਾ ਮੈਂ ਦੋਖੀ ਨਾ ਹੀਂ
ਦੁਸ਼ਮਣ ਨਹੀਂ ਅੰਗਰੇਜ਼ੀ ਦਾ
ਪੁਛਦੇ ਓ ਮੇਰੇ ਦਿਲ ਦੀ ਬੋਲੀ
ਹਾਂ ਜੀ ਹਾਂ ਪੰਜਾਬੀ ਏ

ਬੁੱਲਾ ਮਿਲਿਆ ਏਸੇ ਵਿਚੋਂ
ਏਸੇ ਵਿਚੋਂ ਵਾਰਸ ਵੀ
ਧਾਰਾਂ ਮਿਲੀਆਂ ਏਸੇ ਵਿਚੋਂ
ਮੇਰੀ ਮਾਂ ਪੰਜਾਬੀ ਏ
ਇਹਦੇ ਦੁੱਖਾਂ ਦੇ ਵਿਚ ਮੱਖਣੀ
ਮੱਖਣਾਂ ਦੇ ਵਿਚ ਘਿਉ ਈ ਚੱਖਣੀ
ਡੱਬ ਖੜੱਬੀ ਦੁੱਧਲ ਜੇ ਹੀ
ਇਕ ਸਾਡੀ ਗਾਂ ਪੰਜਾਬੀ ਏ

--------------

ਰੱਬ ਦੀਆਂ ਹੂਰਾਂ ਆਪ ਪਿਲਾਣੀ
ਜੰਨਤ ਵਿਚ ਬਹਾ ਕੇ
ਵਕਤ ਗੁਆ ਨਾ ਮੁਫਤੀ ਰੱਖ ਤੂੰ
ਰਿੰਦਾਂ ਨਾਲ ਬਹਾ ਕੇ
ਜੰਨਤ ਵਿਚ ਮੈਅ ਖਾਨੇ ਹੋਏ
ਤੂੰ ਨਹੀਂ ਉਥੇ ਜਾਣਾ
ਸਾਨੂੰ ਜੀ ਆਇਆਂ ਨੂੰ ਕਹਿਣਾ
ਹੂਰਾਂ ਨੇ ਖੁਦ ਆ ਕੇ।

--------------

ਸਾਕੀ ਮੱਟ ਉਲਾਰ ਮੈਂ ਬੁਕ ਕਰਨਾਂ
ਵਿੱਥ ਉਂਗਲਾਂ ਵਿਚ ਨਹੀਂ ਰਹਿਣਾ ਦੇਂਦਾ
ਲਾ ਕੇ ਡੀਕ ਮੈਂ ਪੀਣੀ ਸ਼ਰਾਬ ਸਾਰੀ
ਤੁਪਕਾ ਇਕ ਨਹੀਂ ਜ਼ਮੀਨ 'ਤੇ ਢਹਿਣ ਦੇਂਦਾ
ਮੇਰਾ ਖ਼ੂਨ ਗਰਮਾ ਜਹਾਦ ਕਰਨਾ
ਵੈਰੀ ਨਹੀਂ ਸ਼ਰਾਬ ਦਾ ਰਹਿਣ ਦੇਂਦਾ
ਤਕੜਾ ਰਹੀਂ ਮੈਖਾਨਾ ਆਬਾਦ ਰੱਖੀਂ
ਤੇਰੇ ਨਾਲ ਨਈਂ ਮੁੱਲਾਂ ਨੂੰ ਖਹਿਣ ਦੇਂਦਾ।

--------------

ਤੂੰ ਸ਼ਿਕਾਰੀ ਮੈਂ ਪੰਛੀ ਹਾਂ ਵਿਚ ਪਿੰਜਰੇ
ਜੇਕਰ ਬੋਲਣ ਨਹੀਂ ਦੇਂਦਾ ਤਾਂ ਫੜਕਣ ਤਾਂ ਦੇ
ਜਿਹੜੇ ਤੀਰ ਤੂੰ ਮਾਰੇ ਨੇ ਵਿਚ ਸੀਨੇ
ਜੇਕਰ ਕੱਢਣ ਨਹੀਂ ਦੇਂਦਾ ਤਾਂ ਰੜਕਣ ਤਾਂ ਦੇ
ਹੋ ਸਕਦਾ ਏ ਹਲਚਲ ਮਚਾ ਦੇਵੇ
ਮੇਰੇ ਦਿਲ ਦੀ ਧੜਕਣ ਨੂੰ ਧੜਕਣ ਤਾਂ ਦੇ
'ਦਾਮਨ' ਖੁਸ ਗਏ ਪਰ ਹੈ ਜੀਭ ਬਾਕੀ
ਕੁਝ ਕਹਿਣ ਦੇ ਬੁਲ੍ਹਾਂ ਨੂੰ ਸੜਕਣ ਤਾਂ ਦੇ

--------------

ਪੀਰ ਜਾਂਦੇ ਨੂੰ ਮਸਤੀਆਂ ਆਉਂਦੀਆਂ ਨੇ
ਭੁੱਟੋ ਸੁਹਣਾ ਮੁੰਡਾ ਜਦੋਂ ਕਹਿਣ ਲੱਗਦਾ
ਮੇਰੇ ਮੁਲਕ ਦੇ ਦੋ ਖੁਦਾ,
ਲਾ ਇੱਲਾ ਤੇ ਮਾਰਸ਼ਲ ਲਾਅ
ਇਕ ਰਹਿੰਦਾ ਦੇ ਅਰਸ਼ਾਂ ਉਤੇ,
ਦੂਜਾ ਰਹਿੰਦਾ ਫਰਸ਼ਾਂ ਉਤੇ
ਉਹਦਾ ਨਾਂਅ ਦੇ ਅੱਲਾ ਮੀਆਂ,
ਇਹਦਾ ਨਾਂ ਏ ਜਨਰਲ ਜੀਯਾ
ਵਾਹ ਬਈ ਵਾਹ ਜਨਰਲ ਜੀਯਾ!
ਕੌਣ ਕਹਿੰਦਾ ਤੈਨੂੰ ਏਥੋਂ ਜਾਹ

--------------

ਪਾਕਿਸਤਾਨ 'ਚ ਮੌਜਾਂ ਈ ਮੌਜਾਂ
ਜਿੱਧਰ ਵੇਖੋ ਫੌਜਾਂ ਈ ਫੌਜਾਂ

--------------

ਕਵਾਨੀਨ (ਕਾਨੂੰਨ) ਇਹ ਸਾਰੇ ਨੇ ਮਾੜਿਆਂ ਲਈ
ਭਾਵੇਂ ਹੋਣ ਕਾਲੇ ਭਾਵੇਂ ਹੋਣ ਗੋਰੇ
ਤਗੜਾ ਧੌਣ ਕਾਨੂੰਨ ਦੀ ਮੋੜ ਲੈਂਦਾ
ਦੇ ਕੇ ਸੋਨੇ ਤੇ ਦੌਲਤਾਂ ਨਾਲ ਬੋਰੇ

--------------

ਚੋਰਾਂ ਦੀ ਪੱਗ ਸਾਧਾਂ ਲਾਹ ਲਈ,
ਚਾਰ ਚੁਫੇਰੇ ਪੈ ਗਿਆ ਸ਼ੋਰ
ਏਥੇ ਐਨੀ ਅੰਨ੍ਹੀ ਪੈ ਗਈ,
ਚੋਰ ਵੀ ਆਖਣ ਚੋਰ ਓ ਚੋਰ!

--------------

ਅਸੀਂ ਓਸ ਮਕਾਨ ਦੇ ਰਹਿਣ ਵਾਲੇ,
ਜਿਥੇ ਜ਼ੋਰ ਦਿਨ ਰਾਤ ਹੈ ਜਾਲਿਆਂ ਦਾ
ਹਕਦਾਰ ਨੂੰ ਹਕ ਨਾ ਮਿਲਣ ਏਥੇ,
ਕੰਮ ਕਾਜ ਹੁੰਦਾ ਸਾਕਾਂ ਸਾਲਿਆਂ ਦਾ
ਦੁੱਧ ਪੀਂਦੇ ਵੀ ਸੀਨੇ ਤੇ ਡੰਗ ਮਾਰਨ,
ਕੀ ਲਾਭ ਹੈ ਸੱਪਾਂ ਨੂੰ ਪਾਲਿਆਂ ਦਾ?
ਵਾੜ ਖੇਤੀ ਦੀ ਖੇਤੀ ਨੂੰ ਖਾਣ ਲੱਗੀ,
ਕਾਲਾ ਮੂੰਹ ਹੈ ਇਹਨਾ ਰਖਵਾਲਿਆਂ ਦਾ।

BeLL STUCCO & RENOVATION
Residential Commertial
ਰੈਨੋਂਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA SOCKET RENOVATION
Call: ਅਮਰ (AMAR)
780 271 2266 Fax: 780 463 7363

A City Limos Ltd.
Ph: 780-462-4940
Toll Free: 1-888-462-4623





Wedding
School Proms
Birthday
City Tours
Airport Service
Edmonton-Calgary Vancouver
Contact
780-951-7260



e-mail: dhaliwalsd@hotmail.com, www.acitylimousine.com

# ਆਪਣਾ ਆਪਣਾ ਹਿੱਸਾ



ਵਰਿਆਮ ਸਿੰਘ ਸੰਧੂ

ਮੱਝ ਨੂੰ ਬਾਹਰ ਕੱਢ ਕੇ ਖੁਰਲੀ ਵਿਚ ਤੂੜੀ ਤੇ ਚਟਾਲਾ ਰਲਾਉਂਦਿਆਂ ਘੁੱਦੂ ਨੇ ਮੱਝ ਦੀਆਂ ਨਾਸਾਂ ਵਿਚੋਂ ਉੱਡਦੀ ਹਵਾੜ ਨੂੰ ਤੱਕਿਆ ਤੇ ਧਾਰ ਕੱਢਣ ਲਈ ਬਾਲਟੀ ਲਿਆਉਣ ਵਾਸਤੇ ਆਵਾਜ਼ ਦਿਤੀ, ਫਿਰ ਮੱਝ ਦੇ ਪਿੰਡੇ 'ਤੇ ਪਾਈ ਗੋਹੇ ਨਾਲ ਲਿੱਬੜੀ ਪਾਟੀ ਦਰੀ ਨੂੰ ਸੂਤ ਕੀਤਾ ਅਤੇ ਪਾਲੇ ਨਾਲ ਕੰਬਦੇ ਅੰਗਾਂ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰਦਾ ਧੁੰਦ ਵਿਚੋਂ ਦੂਰ ਚੜ੍ਹਦੇ ਸੂਰਜ ਵੱਲ ਵੇਖਣ ਲੱਗਾ। ਪਰ ਧੁੰਦ ਤਾਂ ਸੂਰਜ ਨੂੰ ਇੰਜ ਨੱਪ ਕੇ ਬੈਠੀ ਸੀ, ਜਿਵੇਂ ਕੋਈ ਤਕੜਾ ਭਲਵਾਨ ਮਾੜੇ ਭਲਵਾਨ ਦੀ ਗਿੱਚੀ 'ਤੇ ਗੋਡਾ ਰੱਖੀ ਬੈਠਾ ਹੋਵੇ। ਘੁੱਦੂ ਦਾ ਹੱਥ ਸਹਿਜੇ ਹੀ ਉਸ ਦੀ ਧੌਣ 'ਤੇ ਚਲਾ ਗਿਆ। ਕਈ ਸਾਲ ਪਹਿਲਾਂ ਭਲਵਾਨੀ ਕਰਦਿਆਂ ਉਸ ਨੇ ਆਪਣੇ ਉਸਤਾਦ ਜਿੰਦੇ ਪੱਧਰੀ ਵਾਲੇ ਦੇ ਅਤੇ ਹੋਰ ਭਲਵਾਨਾਂ ਦੇ ਗੋਡਿਆਂ ਦੀ ਮਾਰ ਜ਼ੋਰ ਕਰਦਿਆਂ ਤੇ ਘੁਲਦਿਆਂ ਝੱਲੀ ਸੀ। ਇਸੇ ਲਈ ਹੀ ਤਾਂ ਉਨ੍ਹਾਂ ਦੇ ਪਿੰਡ ਦੇ ਬਾਰੇ 'ਝਰਲ' ਨੇ ਉਹਨੂੰ ਮਖੌਲ ਨਾਲ ਕਿਹਾ ਸੀ, ''ਓਏ ਧਰਮਿਆਂ! ਭੈਣ ਦੇਣਿਆਂ ਕਿੱਡਾ ਤੇਰਾ ਸਰੀਰ ਆ। ਜੇ ਰੋਜ਼ ਢਹਿਣ ਦਾ ਹੀ ਕੰਮ ਫੜਨਾ ਸੀ ਤਾਂ ਏਦੂੰ ਚੰਗਾ ਸੀ ਕੰਜਰਾ ਤੇਰੇ ਸਰੀਰ 'ਚੋਂ ਮੋਝੇ ਕਰ ਕੇ ਦੋ ਬੰਦੇ ਬਣ ਜਾਂਦੇ- ਇਕ ਹੱਲ ਵਾਹਿਆ ਕਰਦਾ ਤੇ ਦੂਜਾ ਪੱਠੇ ਪਾਉਂਦਾ। ਸਹੁਰੇ ਨੂੰ ਟਕੇ ਦੀ ਅਕਲ ਨ੍ਹੀਂ ...'' ਤੇ ਸਾਰੇ ਭਰਾਵਾਂ 'ਚੋਂ ਛੋਟਾ ਧਰਮਾ 'ਘੁੱਦੂ' ਹੀ ਰਹਿ ਗਿਆ ਸੀ। ਹੁਣ ਉਹ ਨਾ ਭਲਵਾਨ ਸੀ ਤੇ ਨਾ ਹੀ ਧੌਣ ਉਤੇ ਕਿਸੇ ਦੇ ਗੋਡੇ ਦਾ ਡਰ। ਪਰ ਫਿਰ ਵੀ ਉਹਨੂੰ ਲੱਗਾ ਉਹਦੀ ਧੌਣ ਜਿਵੇਂ ਪੀੜ ਕਰ ਰਹੀ ਹੋਵੇ। ਉਸ ਦੀ ਧੌਣ 'ਤੇ ਇਹ ਕਿਸਦਾ ਗੋਡਾ ਸੀ!

ਮੱਝ ਚੋਣ ਲਈ ਭਾੜਾ ਤੇ ਬਾਲਟੀ ਲਈ ਆਉਂਦੀ ਭੈਣ ਬਚਨੋਂ ਜਿਹੜੀ ਮਾਂ ਦੇ ਮਰਨ ਤੇ ਜਿਸ ਦਿਨ ਦੀ ਸਹੁਰਿਉਂ ਆਈ ਸੀ, ਇਥੇ ਹੀ ਸੀ-ਘੁੱਦੂ ਨੂੰ ਬਾਲਟੀ ਫੜਾ ਕੇ ਪੱਠਿਆਂ 'ਤੇ ਆਟਾ ਧੂੜਣ ਲੱਗੀ।

ਘੁੱਦੂ ਮੱਝ ਦੇ ਪਿੰਡੇ 'ਤੇ ਥਾਪੀ ਮਾਰ ਕੇ ਹੇਠਾਂ ਬਹਿ ਗਿਆ।

''ਹੈਂ ਵੀਰਾ ਵੇਖੇਂ ਨਾ ਦੋਵੇਂ ਵੱਡੇ ਭਾਊ ਆਉਣ ਈ ਵਾਲੇ ਨੇ.... ਵੱਡਾ ਭਾਊ ਰਾਤ ਦਾ ਕਰਮ ਸੂੰਹ ਕੋਲ ਅੱਡੇ 'ਤੇ ਆ ਗਿਆ ਹੋਣਾ.... ਵੇਖੇਂ ਨਾ ... ਤੂੰ ਜਿਹੜਾ ਸ੍ਹਾਬ ਕਤਾਬ ਬਣਦਾ .... ਉਨ੍ਹਾਂ ਨਾਲ ਨਬੇੜ ਲੈ... ਵੇਖੇ ਨਾ... ਮਾਂ ਦਾ ਕੱਠ ਵੀ ਕਰਨਾ ਹੋਇਆ .... ਉਹਦੇ ਫੁੱਲ ਵੀ ਹਰਦਵਾਰ ਲੈ ਕੇ ਜਾਣੇ ਆਂ... ਸਿਆਣਿਆਂ ਆਖਿਆ ਲੇਖਾ ਮਾਵਾਂ ਧੀਆਂ ਦਾ .... ਵੇਖੇਂ ਨਾ....।''

ਘੁੱਦੂ ਨੂੰ ਬੜੀ ਖਿਝ ਆਈ।

'ਇਹ ਆਗੀ ਵੱਡੀ ਬੇਬੇ ਮੈਨੂੰ ਮੱਤਾਂ ਦੇਣ ਵਾਲੀ'

ਉਹ ਆਪਣੇ ਤੋਂ ਛੋਟੀ ਬਚਨੋਂ ਬਾਰੇ ਸੋਚਦਾ ਜ਼ਹਿਰੀ ਥੁੱਕ ਅੰਦਰ ਲੰਘਾ ਗਿਆ, 'ਕੱਲ੍ਹ ਦੀ ਭੂਤਨੀ...।'

ਬਚਨੋਂ ਬੋਲੀ ਜਾ ਰਹੀ ਸੀ, ''ਵੇਖੇਂ ਨਾ.... ਮੈਨੂੰ ਪਤਾ ਤੇਰਾ ਹੱਥ ਤੰਗ ਆ.... ਪਰ ਇਹ ਕੰਮ ਵੀ ਅਕਸਰ ਕਰਨੇ ਹੋਏ। ਮੈਂ ਤਾਂ ਵੱਡਿਆਂ ਨੂੰ ਵੀ ਆਖਿਆ ਸੀ... ਤ੍ਹਾਡਾ ਸਰਦੈ ... ਤ੍ਹਾਡਾ ਹੱਥ ਖੁਲ੍ਹੈ... ਕੋਈ ਨੀਂ .... ਵੇਖੇਂ ਨਾ... ਉਹ ਅੱਗੋਂ ਆਂਹਦੇ ਅਸੀਂ ਖਾਣ ਲਈ ਦਾਣੇ ਈ ਖੜਦੇ ਆਂ। ਜ਼ਮੀਨ ਵੀ ਇਹ ਮੁਖਤ 'ਚ ਵਾਹੀ ਜਾਂਦੈ... ਵੇਖੇਂ ਨਾ ... ਸਾਰੇ ਤੇਰੇ ਭਾਈਏ ਅਰਗੇ ਕਿਵੇਂ ਹੋ ਜਾਣ ... ਸਾਰੇ ਮੁਲਖ ਤੇ ਭੈਣਾਂ ਆਪਣਾ ਹਿੱਸਾ ਲਈ ਜਾਂਦੀਆਂ ਪਰ ਉਹਨੇ ਕਦੀ ਇਕ ਵਾਰ ਵੀ ਨ੍ਹੀਂ ਆਖਿਆ...''

ਘੁੱਦੂ ਜਿਵੇਂ ਗਲ ਵਿਚ ਡੱਕਾ ਦਿਤੀ ਬੈਠਾ ਸੀ; ਚੀਕ ਹੀ ਪਿਆ, ''ਓ ਤੂੰ ਵੀ ਲੈ ਜਾਹ ਤੇ ਉਹ ਵੀ ਲੈ ਜਾਣ... ਜ਼ਮੀਨ ਸਹੁਰੀ ਨੇ ਵੜਾ ਮੈਨੂੰ ਕਾਰੂੰ ਪਾਤਸ਼ਾਹ ਬਣਾ 'ਤਾ''

ਉੱਚੀ ਚੀਕਵੀਂ ਆਵਾਜ਼ ਸੁਣ ਕੇ ਤੇ ਜ਼ੋਰ ਨਾਲ ਥਣ ਨੱਪਿਆ ਜਾਣ ਕਰ ਕੇ ਮੱਝ ਭੁੜਕ ਪਈ ਤੇ ਘੁੱਦੂ ਚਿੱਤੜਾਂ ਪਰਨੇ ਡਿੱਗ ਪਿਆ। ਬਚਾਉਂਦਿਆਂ ਵੀ ਥੋੜ੍ਹਾ ਕੁ ਦੁੱਧ ਡੁੱਲ੍ਹ ਹੀ ਗਿਆ। ਉਸ ਉਠ ਕੇ ਭੌੜ੍ਹਾ ਚੁੱਕ ਲਿਆ ਤੇ ਮੱਝ 'ਤੇ ਕਾੜ੍ਹ! ਕਾੜ੍ਹ!! ਵਰ ਪਿਆ।

''ਵੇਖੇਂ ਨਾ ... ਸਿੱਧਿਆਂ ਨੂੰ ਪੁੱਠਾ ਆਉਂਦੈ ... ਵੇਖੇਂ ਨਾ .... ਸਿੱਧਿਆਂ ਨੂੰ ਪੁੱਠਾ ਆਉਂਦੈ ....'' ਬੁੜਬੜਾਉਂਦੀ ਬਚਨੋਂ 'ਭੂੰ ਭੂੰ ਕਰਦੀ ਬਾਲਟੀ ਫੜ ਕੇ ਤੁਰ ਗਈ।

''ਇਹਨੇ ਬੇਜ਼ਬਾਨ ਨੇ ਤੇਰਾ ਕੀ ਵਿਗਾੜਿਆ?'' ਚੌਂਕੇ 'ਚੋਂ ਉਠ ਕੇ ਘੁੱਦੂ ਦੀ ਪਤਨੀ ਰਤਨੀ ਚੀਕੀ, ''ਹੋਰਨਾਂ ਦਾ ਸਾੜ ਵਿਚਾਰੇ ਪਸ਼ੂ 'ਤੇ ਕਿਉਂ ਕੱਢਦਾ ਫਿਰਦਾਂ...''

ਮੱਝ ਡਰ ਕੇ ਖੁਰਲੀ ਦੇ ਇਕ ਬੰਨੇ ਕੰਨ ਖੜੇ ਕਰ ਕੇ ਡੈਂਬਰੀਆਂ ਅੱਖਾਂ ਨਾਲ 'ਖਿਮਾਂ ਜਾਚਨਾ' ਦੀ ਮੁਦਰਾ ਵਿਚ ਖੜੀ ਕੰਬੀ ਜਾ ਰਹੀ ਸੀ।

ਦੂਰੋਂ ਮੋਟਰ ਸਾਈਕਲ ਦੀ ਆਵਾਜ਼ ਸੁਣਾਈ ਦਿਤੀ। ਘੁੱਦੂ ਡੰਗਰਾਂ ਦੀਆਂ ਖੁਰਲੀਆਂ ਵਿਚ ਐਵੇਂ ਹੱਥ ਮਾਰਨ ਲੱਗ ਪਿਆ। ਕੁੱਤਿਆਂ ਦੇ ਭੌਂਕਣ ਦੇ ਨਾਲ ਨਾਲ ਆਵਾਜ਼ ਨੇੜੇ ਆਉਂਦੀ ਗਈ ਤੇ ਥੋੜ੍ਹੀ ਦੇਰ ਬਾਅਦ ਮੋਟਰ ਸਾਈਕਲ ਉਨ੍ਹਾਂ ਦੇ ਦਰਵਾਜ਼ੇ ਅੱਗੇ ਆ ਖੜੋਤਾ। ਰਤਨੀਂ ਨੇ ਸਿਰ 'ਤੇ ਪੱਲਾ ਲੈਂਦਿਆਂ ਡਿਉਢੀ ਦਾ ਦਰਵਾਜ਼ਾ ਖੋਲ੍ਹਿਆ; ਉਹਦੇ ਦੋਵੇਂ ਜੇਠ ਸਵਰਨ ਸਿੰਘ ਤੇ ਕਰਮ ਸਿੰਘ ਸਨ। ਉਨ੍ਹਾਂ ਮੋਟਰ ਸਾਈਕਲ ਡਿਉਢੀ ਵਿਚੋਂ ਲੰਘਾ ਕੇ ਕੱਚੇ ਵਿਹੜੇ ਵਿਚ ਖੜਾ ਕਰ ਦਿਤਾ। ਵੱਡੇ ਸਵਰਨ ਨੇ ਆਪਣੀਆਂ ਅੱਖਾਂ ਤੋਂ ਐਨਕਾਂ ਲਾਹੀਆਂ, ਰੁਮਾਲ ਨਾਲ ਉਨ੍ਹਾਂ ਨੂੰ ਸਾਫ ਕੀਤਾ ਤੇ ਫਿਰ ਦਸਤਾਨੇ ਪਹਿਨੇ ਹੱਥਾਂ ਨਾਲ ਓਵਰਕੋਟ ਤੋਂ ਸਿੱਲ ਨੂੰ ਪੂੰਝਦਾ ਡਿਉਢੀ ਵਿਚ ਪਏ ਆਪਣੇ ਪਿਉ ਬਿਸ਼ਨ ਸਿੰਘ ਦੇ ਬਿਸਤਰੇ ਵੱਲ ਵਧਿਆ, ਛੋਟੇ ਕਰਮ ਸਿੰਘ ਨੇ ਗਰਮ ਲੋਈ ਦੀ ਬੁੱਕਲ ਸਵਾਰੀ ਤੇ ਤਿੱਲੇ ਵਾਲੀ ਜੁੱਤੀ ਹੇਠਾਂ ਲੱਗਾ ਗੋਹਾ ਉਤਾਰਨ ਲਈ ਪੈਰ ਨੂੰ ਚੌਂਤਰੇ ਦੀ ਵੱਟ ਨਾਲ ਘਸਾਉਂਦਿਆਂ ਬਚਨੋਂ ਵੱਲ ਮੂੰਹ ਕੀਤਾ।

''ਘੁੱਦੂ ਕਿੱਥੇ ਆ?''

ਬਚਨੋ ਨੇ ਬੁੱਕਲ 'ਚੋਂ ਬਾਂਹ ਕੱਢਕੇ ਡੰਗਰਾਂ ਵੱਲ ਕੀਤੀ, ਜਿਥੇ ਮੋਟਰ ਸਾਈਕਲ ਦੇ ਖੜਾਕ ਨਾਲ ਕਿੱਲਾ ਪੁਟਾ ਗਏ ਵਹਿੜਕੇ ਨੂੰ ਘੁੱਦੂ ਫੜ ਰਿਹਾ ਸੀ।

''ਓ ਆ ਭਈ ਭਲਵਾਨਾ! ਰਤਾ ਮਸ਼ਵਰਾ ਕਰ ਲਈਏ। ਭਾ ਜੀ ਹੁਰਾਂ ਤੋਂ ਵੀ ਰੋਜ਼ ਰੋਜ਼ ਨੂੰ ਛੁੱਟੀ ਨੀਂ ਆਇਆ ਜਾਂਦਾ... ਮੈਨੂੰ ਵੀ ਸੌ ਕੰਮ ਰਹਿੰਦੇ ਨੇ... ਨਾਲੇ ਬੁਢੜੀ ਦੇ ਫੁੱਲ ਜੇ ਤੂੰ ਜਾਣਾ ਤੂੰ ਸਹੀ... ਤੇ ਜੇ ਮੈਂ ਜਾਣਾ ਤਾਂ ਸਹੀ... ਗੰਗਾ ਪਾ ਆਈਏ.... ।''

''ਆਉਨਾ'' ਘੁੱਦੂ ਨੇ ਬੇਪਰਵਾਹੀ ਨਾਲ ਜਵਾਬ ਦਿਤਾ ਤੇ ਪੁੱਟੇ ਹੋਏ ਕਿੱਲ੍ਹੇ ਨਾਲ ਬੱਝਾ ਵਹਿੜਕੇ ਦਾ ਰੱਸਾ ਖੋਲ੍ਹਦਾ ਆਪਣੇ ਮੁੰਡੇ ਨੂੰ ਕਹਿਣ ਲੱਗਾ, ''ਓ ਕਾਕੂ ਮੰਜਾ ਕੱਢ ਕੇ ਬਾਪੂ ਆਵਦੇ ਕੋਲ ਡਿਉਢੀ 'ਚ ਡਾਹ..''

ਇਸ ਤੋਂ ਪਹਿਲਾਂ ਕਿ ਕਾਕੂ ਮੰਜਾ ਲਿਆਉਂਦਾ, ਬੁੱਢੇ ਬਿਸ਼ਨ ਸਿੰਘ ਨੇ ਕਿਹਾ, ''ਕਾਕੂ ਖੁਰਸੀ ਲੈ ਆ'' ਤੇ ਉਹ ਸਿੱਧਾ ਹੋ ਕੇ ਇਕ ਪਾਸੇ ਨੂੰ ਖਿਸਕ ਕੇ ਬੈਠ ਗਿਆ ਤੇ ਸਵਰਨ ਸਿੰਘ ਲਈ ਬੈਠਣ ਲਈ ਮੰਜੀ ਤੇ ਥਾਂ ਖਾਲੀ ਕਰ ਦਿਤੀ। ਪਰ ਸਵਰਨ ਸਿੰਘ ਪੱਗ ਦਾ ਪੱਲਾ ਠੀਕ ਕਰਦਾ ਮੰਜੀ ਲਾਗੇ ਖੜੋਤਾ ਦਾੜ੍ਹੀ ਪਲੋਸਣ ਲੱਗਾ।

ਸਵਰਨ ਸਿੰਘ ਤਿੰਨਾਂ ਭਰਾਵਾਂ 'ਚੋਂ ਸਭ ਤੋਂ ਵੱਡਾ ਤੇ ਪੜ੍ਹਿਆ ਲਿਖਿਆ ਸੀ। ਆਪਣੀ ਹਿੰਮਤ ਨਾਲ ਪੜ੍ਹ ਕੇ ਉਹ ਓਵਰਸੀਅਰ ਲੱਗ ਗਿਆ ਸੀ ਤੇ ਚੰਗੀ 'ਕਮਾਈ' ਕਰਦਾ ਸੀ। ਉਹ ਸ਼ਹਿਰ ਹੀ ਕੋਠੀ ਪਾ ਕੇ ਰਹਿ ਰਿਹਾ ਸੀ। ਇਕੋ ਇਕ ਧੀ ਉਸ ਨੇ ਚੰਗੇ ਘਰ ਵਿਆਹ ਲਈ ਸੀ। ਦੋਵੇਂ ਮੁੰਡੇ ਵੀ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਸਨ। ਚੰਗੇ ਤੇ ਵੱਡੇ ਲੋਕਾਂ ਨਾਲ ਉਹਦਾ ਸੰਪਰਕ ਸੀ, ਲੈਣ ਦੇਣ ਸੀ, ਮਿਲਵਰਤਣ ਸੀ। ਇਕ ਆਪਣਾ ਹੀ ਵਿਸ਼ੇਸ਼ ਦਾਇਰਾ ਬਣ ਚੁੱਕਾ ਸੀ।

ਪਿੰਡ ਉਸ ਦਾ ਆਉਣ ਜਾਣ ਘੱਟ ਹੀ ਸੀ। ਜਿਹੜੀ ਦੋ ਢਾਈ ਕਿੱਲੇ ਜ਼ਮੀਨ ਉਸ ਦੇ ਹਿੱਸੇ ਆਉਂਦੀ ਸੀ; ਉਹ ਘੁੱਦੂ ਹੀ ਵਾਹੁੰਦਾ ਸੀ ਤੇ ਉਹ ਬਕੌਲ ਉਸ ਦੇ ''ਖਾਣ ਲਈ ਸਾਲ ਦੇ ਦਾਣੇ ਹੀ ਖੜਦਾ ਸੀ।'' ਆਪਣੇ ਅੰਗਾਂ ਸਾਕਾਂ ਤੇ ਯਾਰਾਂ ਦੋਸਤਾਂ ਵਿਚ ਉਹ ਇਹੋ ਹੀ ਕਹਿੰਦਾ ਕਿ ਉਸ ਨੇ ਜ਼ਮੀਨ ਘੁੱਦੂ ਨੂੰ ਮੁਫ਼ਤ ਹੀ ਦਿਤੀ ਹੋਈ ਹੈ।

ਕਾਕੂ ਕੁਰਸੀ ਲੈ ਆਇਆ। ਲੋਹੇ ਦੀ ਇਹ ਇਕੋ ਇਕ ਕੁਰਸੀ ਬੜੇ ਸਾਲਾਂ ਤੋਂ ਉਨ੍ਹਾਂ ਦੇ ਘਰ ਸੀ।

''ਪੁੱਤ! ਖੁਰਸੀ ਤੇ ਕੱਪੜਾ ਫੇਰ ਲੈ ਜ਼ਰਾ'' ਬੁੱਢੜੇ ਬਿਸ਼ਨ ਸਿੰਘ ਨੇ ਆਪਣੀ ਉੱਡੇ ਰੰਗ ਵਾਲੀ ਖੱਦਰ ਦੀ ਰਜ਼ਾਈ ਨੂੰ ਠੀਕ ਕੀਤਾ ਤੇ ਆਪਣੇ ਕੇਸਾਂ ਦੀ ਜਟੂਰੀ ਕਰ ਕੇ ਕੰਬਦੇ ਹੱਥਾਂ ਨਾਲ ਮੈਲੀ ਪੱਗ ਸਿਰ 'ਤੇ ਲਪੇਟਣ ਲੱਗਾ। ਬਿਸ਼ਨ ਸਿੰਘ ਜਦੋਂ ਵੀ ਸਵਰਨ ਸਿੰਘ ਦੇ ਸਾਹਮਣੇ ਹੁੰਦਾ ਸੀ, ਉਹਦੀ ਅਵਸਥਾ ਇੰਜ ਹੀ ਹੁੰਦੀ ਜਿਵੇਂ ਕੋਈ ਜੱਟ ਤਹਿਸੀਲਦਾਰ ਦੇ ਸਾਹਮਣੇ ਖੜਾ ਹੋਵੇ। ਉਹ ਉਸ ਨੂੰ ਕਿਸੇ ਹੋਰ ਦੀ ਮਿੱਟੀ ਦਾ ਬਣਿਆ ਲੱਗਦਾ, ਜਿਹੜੀ ਡਾਢੀ ਸਾਫ਼, ਵਧੀਆ ਤੇ ਚੀਕਨੀ ਹੋਵੇ। ਜਿਸਦੇ ਖਬਰੇ ਗੁੱਡੀਆਂ ਤੇ ਬਾਵੇ ਬਣਦੇ ਹਨ। ਸਵਰਨ ਦੇ ਰਹਿਣ ਸਹਿਣ ਤੇ ਉਸ ਦੀ ਪੋਚਾਪਾਚੀ ਦੇ ਸਾਹਮਣੇ ਉਹ ਆਪਣੇ ਆਪ ਨੂੰ ਡਾਢਾ ਖੁਰਦਰਾ ਜਿਹਾ ਮਹਿਸੂਸ ਕਰਦਾ। ਇਸੇ ਲਈ ਸ਼ਹਿਰ ਜਾ ਕੇ ਉਹ ਕਦੀ ਵੀ ਸਵਰਨ ਸਿੰਘ ਦੇ ਘਰ ਦੇ ਕੂਲੇ ਜਿਹੇ ਮਾਹੌਲ ਵਿਚ ਬਹੁਤੀ ਦੇਰ ਨਹੀਂ ਸੀ ਟਿਕ ਸਕਿਆ। ਉਸ ਨੂੰ ਲੱਗਦਾ ਜਿਵੇਂ ਉਹਦੇ ਪੈਰ ਉਸ ਘਰ ਵਿਚ ਠੀਕ ਤਰ੍ਹਾਂ ਨਾਲ ਨਾ ਉਠ ਰਹੇ ਹੋਣ। ਉਹਦੀ ਨੂੰਹ ਤੇ ਪੋਤਰੇ ਪੋਤਰੀਆਂ ਉਹਨੂੰ ਜਿਵੇਂ ਘੂਰ ਘੂਰ ਵੇਖਦੇ ਹੋਣ। ਉਹਨੂੰ ਲੱਗਦਾ ਜਿਵੇਂ ਕੋਈ ਮਿੱਟੀ ਦੇ ਘੁਰਨਿਆਂ ਵਿਚ ਖੇਡਦੇ ਸਹੇ ਨੂੰ ਸੰਗਮਰਮਰ ਦੀ ਗੁਫਾ ਵਿਚ ਛੱਡ ਆਇਆ ਹੋਵੇ।

ਕਾਕੂ ਨੇ ਕੁਰਸੀ ਸਾਫ਼ ਕਰ ਦਿਤੀ। ਬਿਸ਼ਨ ਸਿੰਘ ਸਵਰਨ ਨੂੰ ਇਕ ਵਚਨ ਜਾਂ ਬਹੁਵਚਨ ਵਿਚ ਸੰਬੋਧਨ ਕਰਨ ਦੀ ਦੋਚਿੱਤੀ ਵਿਚ ਹੀ ਸੀ ਕਿ ਸਵਰਨ ਕੁਰਸੀ 'ਤੇ ਬੈਠ ਗਿਆ। ਅਜਿਹੇ ਸਮੇਂ ਬਿਸ਼ਨ ਸਿੰਘ ਕਈ ਵਾਰ ਆਪਣੇ ਆਪ 'ਚ ਡਾਢਾ ਕੱਚਾ ਜਿਹਾ ਹੁੰਦਾ। ਉਹਦਾ ਆਪਣਾ ਆਪ ਹੁੰਗਾਰ ਉੱਠਦਾ, ''ਇਹ ਕਿਹੜਾ ਵੈਸਰਾਏ ਦਾ ਬੀ ਐ... ਮੇਰਾ ਮੁੰਡਾ ਈ ਐ... ਮੈਂ ਕਿਉਂ...?''

ਕਰਮ ਸਿੰਘ ਆਪ ਹੀ ਮੰਜਾ ਚੁੱਕ ਕੇ ਡਿਉਢੀ ਵਿਚ ਲੈ ਆਇਆ। ਉਹ ਘੁੱਦੂ ਤੋਂ ਦੋ ਸਾਲ ਵੱਡਾ ਸੀ। ਪੜ੍ਹਾਈ ਵਲੋਂ ਲਾਪਰਵਾਹ ਤੇ ਸ਼ਰਾਰਤਾਂ 'ਚ ਨੰਬਰ ਇਕ। ਉਹ ਸੰਤ ਮਹਿਰੀ ਦੇ ਬਾਲਣ ਵਿਚ ਬਸਤਾ ਲੁਕਾ ਕੇ ਹਾਣੀਆਂ ਨਾਲ ਖਿੱਦੋ ਖੂੰਡੀ ਖੇਡਣ ਨਿਕਲ ਜਾਂਦਾ ਤੇ ਛੁੱਟੀ ਹੋਣ ਸਮੇਂ ਬਸਤਾ ਚੁੱਕ ਘਰ ਜਾ ਵੜਦਾ। ਛੋਟਾ ਹੋਣ ਕਰ ਕੇ ਘੁੱਦੂ ਉਹਦੇ ਨਾਲ ਹੀ ਰਹਿੰਦਾ। ਇਕੱਠੇ ਹੀ ਉਹ ਸਕੂਲ ਗਏ ਤੇ ਇਕੱਠੇ ਹੀ ਪੜ੍ਹਾਈ ਵਿੱਚੇ ਛੱਡ ਕੇ ਉਹ ਘਰ ਦੇ ਕੰਮ ਵਿਚ ਪਿਉ ਦੀ ਮਦਦ ਕਰਾਉਣ ਲੱਗ ਪਏ।

ਜਵਾਨੀ ਚੜ੍ਹਦਿਆਂ ਹੀ ਕਰਮਾਂ ਤਾਂ ਪਾਂਡੀ ਬਣ ਕੇ ਸਮਗਲਿੰਗ ਦਾ ਮਾਲ ਢੋਣ ਲੱਗ ਪਿਆ ਤੇ ਘੁੱਦੂ ਜਿਸਮ ਦਾ ਤਾਜ਼ਾ ਤੇ ਹੱਡਾਂ ਪੈਰਾਂ ਦਾ ਖੁਲ੍ਹਾ ਹੋਣ ਕਰ ਕੇ ਭਲਵਾਨੀ। ਕਰਮੇਂ ਦਾ ਪਾਂਡੀ ਹੋਣਾ ਤਾਂ ਸੁਕਾਰਥੇ ਆਇਆ। ਹੌਲੀ ਹੌਲੀ ਉਹਨੇ ਬਲੈਕ ਦੇ ਮਾਲ ਵਿਚ ਆਪ ਹਿੱਸਾ ਰੱਖਣਾ ਸ਼ੁਰੂ ਕਰ ਦਿਤਾ। ਅੱਜ ਹੋਰ ਕਲ੍ਹ ਹੋਰ। ... ਤੇ ਕਰਮਾਂ ਵੀ ਲਾਗਲੇ ਕਸਬੇ ਦੇ ਚੌਕ ਵਿਚ ਆਪਣਾ ਮਕਾਨ ਬਣਵਾ ਕੇ ਠਾਠ ਵਿਚ ਰਹਿ ਰਿਹਾ ਸੀ। ਡੇਅਰੀ ਤੇ ਮੁਰਗੀ ਖਾਨਾ ਖੋਲ੍ਹ ਰੱਖਿਆ ਸੀ। ਉਹਦੇ ਘਰ ਪੂਰੀ ਲਹਿਰ ਬਹਿਰ ਸੀ।

ਤੇ ਭਲਵਾਨੀ ਕਰਦਾ ਕਰਦਾ ਧਰਮ ਸਿੰਘ ਘੁੱਦੂ ਹੀ ਰਹਿ ਗਿਆ ਸੀ। ਪਿਉ ਵਾਲੀ ਹਲ ਦੀ ਜੰਘੀ ਉਸ ਦੇ ਹੱਥ ਸੀ। ਬਾਬੇ 'ਝਰਲ' ਨੇ ਭਾਵੇਂ ਮਖੌਲ ਵਿਚ ਹੀ ਉਹਦੇ ਦੋ ਬੰਦੇ ਬਣ ਜਾਣ, ਗੱਲ ਕੀਤੀ ਸੀ - ਪਰ ਘੁੱਦੂ ਸੱਚੀਂ ਹੀ ਵਾਹੀ ਵਿਚ ਦੂਜੇ ਜ਼ੋਰ ਨਾਲ ਲੱਗਾ ਰਿਹਾ ਸੀ। ਉਹ ਆਪਣੇ ਵਲੋਂ ਤਾਂ ਤੇਜ਼ ਦੌੜਨ ਦਾ ਬਹੁਤ ਯਤਨ ਕਰਦਾ, ਪਰ ਸੁਪਨੇ ਵਿਚ ਡਰ ਕੇ ਭੱਜਣ ਵਲਿਆਂ ਵਾਂਗ, ਉਸਦਾ ਹਰ ਚੁੱਕਿਆ ਪੈਰ ਅੱਗੇ ਧਰੇ ਜਾਣ ਦਾ ਨਾਂ ਹੀ ਨਹੀਂ ਲੈਂਦਾ। ਜਿਵੇਂ ਕੋਈ ਗੈਬੀ ਸ਼ਕਤੀ ਉਹਦੇ ਲੱਕ ਨੂੰ ਜੱਫਾ ਮਾਰੀ ਪਿਛਾਂਹ ਖਿੱਚੀ ਲਿਜਾ ਰਹੀ ਸੀ।

ਵਹਿੜਕੇ ਦਾ ਕਿੱਲਾ ਗੱਡਦਿਆਂ ਘੁੱਦੂ ਜਿਉਂ ਹੀ ਕਿੱਲੇ ਨੂੰ ਸੱਟ ਮਾਰ ਰਿਹਾ ਸੀ, ਉਹਨੂੰ ਲੱਗ ਰਿਹਾ ਸੀ ਜਿਵੇਂ ਇਹ ਸੱਟ ਉਹਦੇ ਆਪਣੇ ਸਿਰ ਵਿਚ ਵੱਜੀ ਹੋਵੇ ਅਤੇ ਉਹ ਨਾਲ ਹੀ ਧਰਤੀ ਦੇ ਅੰਦਰ ਨਿੱਘਰਦਾ ਜਾ ਰਿਹਾ ਹੋਵੇ। ਮਨ ਹੀ ਮਨ ਉਹ ਦੋਹਾਂ ਭਰਾਵਾਂ ਨਾਲ ਕੀਤੀ ਜਾਣ ਵਾਲੀ ਗੱਲਬਾਤ ਬਾਰੇ ਸੋਚ ਰਿਹਾ ਸੀ। ਦੋਹਾਂ ਭਰਾਵਾਂ ਬਾਰੇ ਸੋਚ ਕੇ ਉਹ ਝੁੰਜਲਾ ਉਠਿਆ ਤੇ ਤੀਜੀ ਭੈਣ ਬਚਨੋ...। ਉਫ! ਇਹ ਕੇਹੇ ਰਿਸ਼ਤੇ ਸਨ।

ਵੱਡੇ ਤੇ ਉਸਨੂੰ ਖਿਝ ਸੀ ਕਿ ਉਹ ਅੰਗਾਂ ਸਾਕਾਂ ਦੇ ਸਾਹਮਣੇ ਘੁੱਦੂ ਨੂੰ ਯਤੀਮ ਜਿਹਾ ਬਣਾ ਕੇ ਪੇਸ਼ ਕਰਦਾ ਸੀ। ਦਾਣੇ ਲਿਜਾ ਕੇ ਵੀ ਜ਼ਮੀਨ ਬਾਰੇ ਇੰਝ ਕਹਿੰਦਾ ਸੀ; ਜਿਵੇਂ ਘੁੱਦੂ ਨੂੰ ਦਾਨ ਕਰ ਦਿਤੀ ਹੋਵੇ। ਜ਼ਮੀਨ ਘੁੱਦੂ ਤੋਂ ਛੱਡੀ ਨਹੀਂ ਸੀ ਜਾਂਦੀ ਜਾਂ ਛੱਡਿਆਂ ਉਸ ਦਾ ਗੁਜ਼ਾਰਾ ਨਹੀਂ ਸੀ ਹੁੰਦਾ। ਪਰ ਏਦਾਂ 'ਮੁਫਤ ਦੇ ਅਹਿਸਾਨ' ਹੇਠਾਂ ਉਸ ਤੋਂ ਦੱਬਿਆ ਵੀ ਨਹੀਂ ਸੀ ਜਾਂਦਾ। ... ਤੇ ਕਰਮ ਸਿੰਘ ਤਾਂ ਬਰਾਬਰ ਦਾ ਹਿੱਸਾ ਵੀ ਵੰਡਾ ਕੇ ਲੈ ਜਾਂਦਾ ਸੀ; ਪਰ ਇਹ ਵੀ ਇਤਰਾਜ਼ ਕਰਦਾ ਸੀ ਕਿ ਘੁੱਦੂ ਦੇ ਹੱਥਾਂ ਵਿਚ ਬਰਕਤ ਨਹੀਂ। ਉਹਨੂੰ ਹਿੱਸੇ ਵਿਚੋਂ ਕੁੱਝ ਨਹੀਂ ਬਚਦਾ। ਅਜੇ ਕੱਲ ਮਾਂ ਦੇ ਫੁੱਲ ਚੁਗਦਿਆਂ ਉਹ ਆਪਣੇ ਭਣਵੱਈਏ ਨੂੰ ਕਹਿ ਰਿਹਾ ਸੀ, ''ਭਾਈਆ! ਐਤਕੀਂ ਮੇਰੀ ਸਲਾਹ ਏ ਪਿੰਡ ਆਲੀ ਦੋ ਕਿੱਲੇ ਆਪ ਹੀ ਟਰੈਕਟਰ ਨਾਲ ਵਹਾ ਕੇ ਮੱਝਾਂ ਲਈ ਪੱਠੇ ਬੀਜ ਛੱਡਾਂ। ਇਸ 'ਚੋਂ ਬਚਦਾ ਬਚਾਉਂਦਾ ਤਾਂ ਅੱਗੇ ਕੁਛ ਨ੍ਹੀਂ।''

''ਮਾੜੀ ਗੱਲ ਨ੍ਹੀਂ... ਮਾੜੀ ਗੱਲ ਨ੍ਹੀਂ... ਚੰਗਾ ਰਹੇਂਗਾ...'' ਬਚਨੋਂ ਦਾ ਘਰ ਵਾਲਾ ਬੋਲਿਆ ਸੀ।

ਘੁੱਦੂ ਨੂੰ ਪਤਾ ਸੀ ਕਿ ਉਹ ਉਸ ਨੂੰ ਸੁਣਾ ਕੇ ਗੱਲਾਂ ਕਰ ਰਹੇ ਸਨ। ਉਹ ਅੰਦਰੇ ਅੰਦਰ ਭਰਿਆ ਪੀਤਾ ਬੈਠਾ ਸੀ। ਬੋਲਿਆ ਕੁਝ ਨਹੀਂ। ਜ਼ਮੀਨ ਤਾਂ ਅੱਗੇ ਹੀ ਥੋੜ੍ਹੀ ਸੀ; ਜੇ ਇਹ ਦੋ ਕਿੱਲੇ ਵੀ ਹੱਲ ਹੇਠੋਂ ਨਿਕਲ ਗਈ? ਉਸ ਨੂੰ ਫਿਕਰ ਸੀ।

ਆਪ ਤਾਂ ਉਹ ਗੱਲ ਕਰਨੋਂ ਝਿਜਕਦਾ ਸੀ। ਲਾ ਪਾ ਕੇ ਵਿਚਲਾ ਬੰਦਾ ਭੈਣ ਭਣਵੱਈਆ ਸੀ ਜਾਂ ਪਿਉ ਜਿਨ੍ਹਾਂ ਨੂੰ ਉਹ ਆਪਣਾ ਦੁੱਖ ਦੱਸ ਸਕਦਾ ਸੀ। ਉਹਨਾਂ ਦੀ ਮਦਦ ਮੰਗ ਸਕਦਾ ਸੀ। ਪਰ ਭਣਵੱਈਆ ਤਾਂ ਉਸ ਦੇ ਸਾਹਮਣੇ ਕਰਮ ਸਿੰਘ ਨੂੰ ਜ਼ਮੀਨ ਛੁਡਾ ਲੈਣ ਲਈ ਕਹਿ ਰਹਾ ਸੀ। ਤੇ ਭੈਣ ਬਚਨੋ ਨੇ ਉਸ ਦੀ ਮਦਦ ਕੀ ਕਰਨੀ ਸੀ। ਉਸ ਨੂੰ ਤਾਂ ਅੱਗੇ ਹੀ ਇਤਰਾਜ਼ ਰਹਿੰਦਾ ਸੀ ਕਿ ਵੱਡੇ ਭਰਾ ਭਰਜਾਈ ਉਸ ਨਾਲ ਚੰਗਾ ਵਰਤਦੇ ਸਨ। ਉਸ ਨਾਲ ਦੁੱਖ ਸੁੱਖ ਵੰਡਾਉਂਦੇ ਆਉਂਦੇ ਜਾਂਦੇ ਸਨ। ਔਖੇ ਸੌਖੇ ਵੇਲੇ ਕੰਮ ਵੀ ਆਉਂਦੇ ਸਨ। ਸਾਲ ਛਿਮਾਹੀਂ ਸੂਟ ਵੀ ਬਣਾ ਦਿੰਦੇ ਸਨ। ਪਰ ਘੁੱਦੂ ਸੀ ਕਿ ਔਖੇ ਵੇਲੇ ਮਦਦ ਤਾਂ ਕੀ ਕਰਨੀਂ - ਉਹਨੂੰ ਮਿਲਣ ਤਾਂ ਕੀ ਜਾਣਾ। ਜੇ ਕਿਧਰੇ ਸਾਲ ਛਿਮਾਹੀ ਉਹਦਾ ਮੁੰਡਾ ਆ ਗਿਆ ਤਾਂ ਉਸ ਬਾਰੇ ਕਹਿੰਦੀ :

''ਹਾਇਆ! ਏਨਾ ਨਮੋਹਾ!... ਮੁੰਡਾ ਹੋਣ ਤੇ ਉਹੋ ਜਿਹੜੇ ਚਾਰ ਪਰੋਲੇ ਜਿਹੇ ਦਿਤੇ ਸੀ- ਬੱਸ ... ਮੇਰੀ ਜ਼ਬਾਨ ਸੜ ਜੇ ... ਜੇ ਕਿਤੇ ਮੁੰਡੇ ਨੂੰ ਦੋ ਟਾਕੀਆਂ ਬਣਾ ਕੇ ਦਿਤੀਆਂ ਹੋਣ ਜਾਂ ਛਿੱਲੜ ਹੀ ਹੱਥ ਤੇ ਰੱਖਿਆ ਹੋਵੇ। ਵੇਖੇਂ ਨਾ ... ਅਸੀਂ ਕਿਤੇ ਇਹਦੇ ਪੈਸੇ ਲੀੜਿਆਂ ਤੇ ਨਾਂ ਨ੍ਹੀਂ ਬੈਠੇ - ਪਰ ਫਿਰ ਵੀ ਭੈਣ ਭਰਾ ਦਾ ਹੰਮਾ ਹੁੰਦਾ... ਵੇਖੇਂ ਨਾ'' ਤੇ ਉਹ ਅੱਖਾਂ ਤੇ ਚੁੰਨੀ ਟੇਰਨ ਲੱਗ ਪੈਂਦੀ।

ਘੁੱਦੂ ਬਚਨੋਂ ਤੋਂ ਅੰਦਰੋਂ ਅੰਦਰ ਭੁੱਜਿਆ ਪਿਆ ਸੀ। ਉਸ ਦਿਨ ਮਾਂ ਦਾ ਸਸਕਾਰ ਕਰਨ ਤੋਂ ਪਹਿਲਾਂ ਇਸ਼ਨਾਨ ਕਰਾਉਣ ਵੇਲੇ ਮਾਂ ਦੇ ਕੰਨਾਂ ਵਿਚ ਪਈਆਂ ਸੋਨੇ ਦੀਆਂ ਵਾਲੀਆਂ ਲਾਹ ਕੇ ਵਿਚਕਾਰਲੀ ਭਰਜਾਈ ਨੂੰ ਫੜਾ ਦਿਤੀਆਂ ਸਨ। ਉਹ ਜਿਵੇਂ ਵਾਲੀਆਂ 'ਤੇ 'ਲੱਤ ਫੇਰਦੀ ਰਹੀ ਸੀ।'

ਇਕ ਪਲ ਉਹਨੂੰ ਮਾਂ ਤੇ ਵੀ ਖਿਝ ਆਈ। ਪਰ ਫੇਰ ਮਾਂ ਦਾ ਝੁਰੜੀਆਂ ਭਰਿਆ ਚਿਹਰਾ ਤੇ ਡੂੰਘੀਆਂ ਚਮਕਦੀਆਂ ਅੱਖਾਂ ਯਾਦ ਆਉਣ ਤੇ ਉਹ ਮਾਂ ਦੇ ਪਿਆਰ ਵਿਚ ਭਿੱਜ ਗਿਆ। ਇਕੋ ਮਾਂ ਹੀ ਸੀ, ਜਿਸਨੇ ਉਸ ਨੂੰ ਅੰਤਾਂ ਦਾ ਪਿਆਰ ਕੀਤਾ ਸੀ। ਸਦਾ ਉਹਦੇ ਹੱਕ ਵਿਚ ਡੱਟ ਕੇ ਬੋਲੀ ਸੀ। ਜਿਹੜੀ ਗੱਲ, ਜਿਹੜੀ ਭਾਸ਼ਾ ਵਿਚ, ਜਿੰਨੇ ਜ਼ੋਰ ਨਾਲ ਘੁੱਦੂ ਕਹਿਣਾ ਚਾਹੁੰਦਾ ਹੁੰਦਾ, ਉਹਦੀ ਮਾਂ ਉਹ ਗੱਲ ਉਸ ਨਾਲੋਂ ਜ਼ੋਰਦਾਰ ਅੰਦਾਜ਼ ਵਿਚ ਕਿਹਾ ਕਰਦੀ। ਉਹੋ ਹੀ ਸੀ; ਜਿਹੜੀ ਘੁੱਦੂ ਬਾਰੇ ਕਹਿੰਦੀ ਸੀ, ''ਇਹ ਤਾਂ ਮੇਰਾ ਲੋਲ੍ਹੜ ਪੁੱਤ ਏ... ਭੋਲਾ ਭਾਲਾ ... ਸ਼ਿਵਾਂ ਵਰਗਾ.... ਤੁਸੀਂ ਤਾਂ ਸਭ ਕਾਂਟੇ ਓਂ...।''

ਘੁੱਦੂ ਨੂੰ ਅਫਸੋਸ ਸੀ ਕਿ ਉਹ ਮਰਦੀ ਹੋਈ ਮਾਂ ਦੇ ਕੋਲ ਨਹੀਂ ਸੀ। ਸਾਰੀ ਉਮਰ ਮਾਂ ਉਹਦੇ ਕੋਲ ਰਹੀ ਪਰ ਮਰਨ ਸਮੇਂ ਉਸ ਕੋਲੋਂ ਚਲੀ ਗਈ। ਦੋ ਮਹੀਨੇ ਹੋਏ ਉਸ ਨੂੰ ਅਚਾਨਕ ਬੁੱਲ੍ਹਾ ਵੱਜ ਗਿਆ ਤੇ ਪਾਸਾ ਮਾਰਿਆ ਗਿਆ। ਸਵਰਨ ਉਸ ਨੂੰ ਆਪਣੇ ਨਾਲ ਸ਼ਹਿਰ ਲੈ ਗਿਆ ਤਾਂ ਕਿ ਉਸ ਨੂੰ ਵੱਡੇ ਹਸਪਤਾਲ ਵਿਚ ਦਾਖ਼ਲ ਕਰਵਾ ਕੇ ਇਲਾਜ ਕਰਵਾ ਸਕੇ।

ਲਗਭਗ ਡੇਢ ਮਹੀਨਾ ਇਲਾਜ ਚਲਦਾ ਰਿਹਾ, ਪਰ ਬੁੱਢੜਾ ਤੇ ਕਮਜ਼ੋਰ ਸਰੀਰ ਬੀਮਾਰੀ ਦੀ ਮਾਰ ਨਾ ਝੱਲ ਸਕਿਆ।

ਤੇ ਰਹਿ ਗਿਆ ਸੀ ਬਾਕੀ ਬੁੱਢੜਾ ਬਿਸ਼ਨ ਸਿੰਘ, ਜਿਹੜਾ ਉਸ ਦੀਆਂ ਔਖਿਆਈਆਂ ਨੂੰ ਸਮਝਦਾ ਸੀ। ਉਸ ਦੀ ਤੰਗੀ, ਜਿਸ ਦੀ ਆਪਣੀ ਤੰਗੀ ਸੀ। ਉਸਨੇ ਆਪ ਜੂ ਸਾਰੀ ਉਮਰ ਕਿਸਾਨ ਦੀ ਜੂਨ ਭੋਗੀ ਸੀ। ਪਰ ਉਹ ਵਿਚਾਰਾ ਏਨਾ ਨਿਰਮਾਣ ਤੇ ਦੱਬੂ ਜੱਟ ਸੀ ਜਾਂ ਇੰਜ ਕਹਿ ਲਈਏ ਕਿ ਉਹਦੇ ਵੱਡੇ ਪੁੱਤਾਂ ਦੇ ਪੈਸੇ ਦਾ ਜਬ੍ਹਾ ਉਸ ਤੇ ਕੁਝ ਇੰਝ ਬੈਠਾ ਸੀ ਕਿ ਉਹ ਉਭਾਸਰ ਕੇ ਕੋਈ ਗੱਲ ਉਨ੍ਹਾਂ ਨੂੰ ਕਹਿ ਹੀ ਨਹੀਂ ਸੀ ਸਕਦਾ।

''... ਓ ਆ ਮਾਂ ਦਿਆ ਸ਼ਿਵ ਜੀ! ... ਹੈਥੋਂ ਕਿੱਲੇ ਨੂੰ ਈ ਠੱਕ ਠੱਕ ਕਰੀ ਜਾਨੈਂ... ਅਸੀਂ ਹੋਰ ਵੀ ਕੋਈ ਕੰਮ ਕਰਨੈਂ...'' ਕਰਮ ਸਿੰਘ ਨੇ ਘੁੱਦੂ ਨੂੰ ਆਵਾਜ਼ ਮਾਰੀ।

ਘੁੱਦੂ ਮਿੱਟੀ ਨਾਲ ਲਿੱਬੜੇ ਹੱਥ ਤੇੜ ਦੀ ਚਾਦਰ ਨਾਲ ਪੂੰਝਦਾ ਉਠ ਖੜਾ ਹੋਇਆ ਤੇ ਹੌਲੀ ਹੌਲੀ ਤੁਰਦਾ ਡਿਉਢੀ ਵਿਚ ਆਣ ਕੇ ਉਨ੍ਹਾਂ ਕੋਲ ਖੜਾ ਹੋ ਗਿਆ।

''ਬਹਿ ਜਾ'' ਕਰਮ ਸਿੰਘ ਨੇ ਘੁੱਦੂ ਨੂੰ ਮੰਜੇ 'ਤੇ ਬੈਠ ਜਾਣ ਲਈ ਇਸ਼ਾਰਾ ਕੀਤਾ। ਬਚਨੋਂ ਵੀ ਬੁੱਕਲ ਸਵਾਰਦੀ ਪਿਉ ਦੀ ਪੁਆਂਦੀ ਆ ਬੈਠੀ।

''ਬਜ਼ੁਰਗਾ! ਭਾ ਜੀ ਰਾਤੀ ਮੇਰੇ ਕੋਲ ਆ ਗੇ ਸੀ। ਅਸੀਂ ਤਾਡ੍ਹੇ ਨਾਲ ਮਸ਼ਵਰਾ ਕਰਨ ਆਏ ਆਂ...''

''ਕਰੋ ਜੀ ਮਸ਼ਵਰਾ .... ਜਿਹੜਾ ਕਰਨਾ ... ਕੀ ਗੱਲ ਐ... '' ਬਿਸ਼ਨ ਸਿੰਘ ਨੇ ਹੌਲੀ ਜਿਹੀ ਦਾੜ੍ਹੀ ਖੁਰਕੀ।

''ਵੇਖ ਸਲਾਹ ਨਾਲ ਰਲਕੇ - ਆਪੋ ਵਿਚ ਅਸੀਂ ਜਿਹੜੀ ਗੱਲ ਕਰਾਂਗੇ ... ਉਹਦੇ ਨਾਲ ਦੀ ਰੀਸ ਨ੍ਹੀਂ. ...'' ਕਰਮ ਸਿੰਘ ਇਕ ਪਲ ਰੁਕਿਆ ਤੇ ਸਾਰਿਆਂ ਦੇ ਚਿਹਰਿਆਂ ਵੱਲ ਤੱਕਿਆ। ਫਿਰ ਖੰਘੂਰਾ ਮਾਰ ਕੇ ਬੋਲਿਆ, ''ਗੱਲ ਇਕ ਤਾਂ ਇਹ ਐ ਕਿ ਮਾਂ ਦਾ 'ਕੱਠ ਕਰਨਾ ਗੱਜ ਵੱਜ ਕੇ... ਸਾਰੇ ਅੰਗ ਸਾਕ ਸੱਦਣੇ ਨੇ... ਬੁੱਢੜੀ ਕਰਮਾਂ ਆਲੀ ... ਦੋਹਤਿਆਂ ਪੋਤਿਆਂ ਵਾਲੀ ਹੋ ਕੇ... ਉਮਰ ਭੋਗ ਕੇ ਗਈ ਆ... ਉਹਨੂੰ ਵੱਡਿਆਂ ਕਰਨਾਂ ... ਹੈਂ ਕੀ ਸਲਾਹ ਐ?''

''ਪੁੱਤ! ਮੇਰੀ ਸਲਾਹ ਕੀ ਹੋਣੀ ਐ... ਪਰ ਸਾਡੇ ਅਰਗੇ ਛੋਟੇ ਬੰਦਿਆਂ ਨੂੰ ਕਾਹਦਾ ਵੱਡਾ ਕਰਨਾ ਹੋਇਆ...'' ਬਿਸ਼ਨ ਸਿੰਘ ਦੀ ਟੁੱਟਵੀਂ ਆਵਾਜ਼ ਸੀ।

''ਮੈਂ ਵੀ ਕਰਮ ਨੂੰ ਕਿਹਾ ਕਿ ਇਹ ਫਜ਼ੂਲ ਖ਼ਰਚੀ ਐ... ਇਹ ਮੰਨਦਾ ਨ੍ਹੀਂ ...'' ਸਵਰਨ ਸਿੰਘ ਨੇ ਰਾਇ ਦਿਤੀ।

'ਓ ਭਾ ਜੀ! ਭਾਈਚਾਰਾ ਕੀ ਆਖੂ! ਚੰਗੇ ਭਲੇ ਪੁੱਤ ਕਮਾਉਂਦੇ ... ਪੈਸੇ ਵਾਲੇ ... ਕੀ ਮਰੀ ਪੈ ਗੀ... ਤੁਹਾਡੇ ਪੜ੍ਹਿਆਂ ਲਿਖਿਆਂ ਲਈ ਹੋਊ ਫਜ਼ੂਲ ਖਰਚੀ... ਨਾਲੇ ਤੁਹਾਨੂੰ ਕੀ... ਤੁਸੀਂ ਤਾਂ ਸ਼ਹਿਰ ਰਹਿਣਾ। ਏਥੇ ਮਿਹਣੇ ਤਾਂ ਸਾਨੂੰ ਵੱਜਣੇ ਨੇ...'' ਕਰਮ ਸਿੰਘ ਅਜੇ ਬੋਲ ਹੀ ਰਿਹਾ ਸੀ ਕਿ ਬਚਨੋਂ ਉਹਦੀ ਗੱਲ ਟੁੱਕ ਕੇ ਬੋਲ ਪਈ :

''.... ਹਾਹੋ... ਨਹੀਂ ਭਾ ਜੀ, ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਓ...'' ਬਚਨੋਂ ਸਵਰਨ ਸਿੰਘ ਨੂੰ ਤਿੱਖੀ ਹੋ ਕੇ ਪਈ, ''ਭਾਊ ਕਰਮ ਸੂੰਹ ਠੀਕ ਆਂਹਦਾ ਏ... ਓਧਰ ਮੇਰੇ ਸਹੁਰੇ ਤਾਂ ਤਿਆਰੀਆਂ ਵੀ ਕੱਸੀ ਬੈਠੇ ਹੁਣੇ ਨੇ.... ਮੈਨੂੰ ਤਾਂ ਦਰਾਣੀਆਂ ਜਠਾਣੀਆਂ ਛਿੱਬੀਆਂ ਦੇ ਦੇ ਮਾਰ ਛੱਡਣਾ...।''

ਘੁੱਦੂ ਨੂੰ ਪਤਾ ਸੀ; ਬਿਸ਼ਨ ਸਿੰਘ ਦੇ ਰਾਹੀਂ ਗੱਲ ਉਸ ਨਾਲ ਹੀ ਹੋ ਰਹੀ ਸੀ। ਉਸ ਦਾ ਜੀਅ ਕੀਤਾ ਬਚਨੋਂ ਦੇ ਵੱਟ ਕੇ ਚਪੇੜ ਮਾਰੇ। ਸਵਰਨ ਸਿੰਘ ਠੀਕ ਹੀ ਕਹਿ ਰਿਹਾ ਸੀ ਕਿ ਇਹ ਫਜ਼ੂਲ ਖ਼ਰਚੀ ਹੈ। ਘੁੱਦੂ ਨੂੰ ਆਪਣਾ ਘਰ ਦਿਸ ਰਿਹਾ ਸੀ।

''ਵੇਖੋ ਭਈ! ਮੈਂ ਪਿੱਛੇ ਤਾਂ ਨ੍ਹੀਂ ਹਟਦਾ! ਜਿੰਨਾ ਖਰਚ ਮੇਰੇ ਹਿੱਸੇ ਆਉਂਦਾ, ਦਸ ਦਿਓ ਅਟਾ ਸਟਾ ... ਪਰ ਮੇਰਾ ....'' ਸਵਰਨ ਸਿੰਘ ਬੋਲਿਆ।

ਘੁੱਦੂ ਨੂੰ ਆਸ ਸੀ ਸਵਰਨ ਸਿੰਘ ਇਸਦੇ ਵਿਰੋਧ ਵਿਚ ਡਟੇਗਾ। ਪਰ ਉਹਦੇ ਸਹਾਰੇ ਦੀ ਲੱਜ ਛੇਤੀ ਹੀ ਉਸ ਦੇ ਹੱਥੋਂ

ਡਿਗ ਪਈ ਤੇ ਉਹ ਸੋਚਾਂ ਤੇ ਫਿਕਰਾਂ ਦੇ ਖੂਹ ਤੇ ਉਹਦੇ ਅੰਦਰ ਹੀ ਅੰਦਰ ਧੂੰਆਂ ਇੱਕਠਾ ਹੋ ਰਿਹਾ ਸੀ।

''ਪੰਜ ਸੱਤ ਹਜ਼ਾਰ ਤਾਂ ਸਹਿਜੇ ਲੱਗ ਜੂ... ਨਾਲੇ ਭਾ ਜੀ ਹੁਰੀਂ ਕਹਿੰਦੇ ਆ ਸਤਾਈ ਸੌ ਰੁਪਇਆ ਮਾਂ ਦੀ ਬੀਮਾਰੀ ਤੇ ਇਨ੍ਹਾਂ ਖਰਚ ਕੀਤਾ। ਆਪਾਂ ਤਿੰਨਾਂ ਨੂੰ ਨੌ ਨੌ ਸੌ ਆਊਂਦਾ...'' ਕਰਮ ਸਿੰਘ ਸਾਰੇ ਖਰਚ ਦਾ ਵਿਸਥਾਰ ਦੱਸ ਰਿਹਾ ਸੀ।

ਮਾਂ ਦੀ ਬੀਮਾਰੀ ਦਾ ਖਰਚ ਵੰਡੇ ਜਾਣ ਦੀ ਗੱਲ ਸੁਣ ਕੇ ਘੁੱਦੂ ਨੂੰ ਧੱਕਾ ਲੱਗਾ। ਉਹ ਦੰਦਾਂ ਵਿਚ ਬੁੱਲ੍ਹ ਟੁੱਕਣ ਲੱਗਾ। ਉਹਨੂੰ ਸੁੱਝ ਨਹੀਂ ਸੀ ਰਹੀ, ਕੀ ਕਹੇ - ਕੀ ਨਾ ਕਹੇ?

''ਮਾਂ ਦੀ ਬੀਮਾਰੀ ਤੇ ਖਰਚ ਕਰਤਾ। ਫਿਰ ਕੀ ਐ? ਇਹਨੇ ਵਿਚਾਰੇ ਨੇ ਸਾਰੀ ਉਮਰ ਉਹਨੂੰ ਰੋਟੀ ਵੀ ਤਾਂ ਖਵਾਈ ਹੈ।'' ਬਿਸ਼ਨ ਸਿੰਘ ਨੇ ਹਿੰਮਤ ਕਰਕੇ ਜਿਵੇਂ ਗੱਲ ਕਹਿ ਹੀ ਦਿਤੀ।

''ਲੈ ਵੇਖੋਂ ਨਾ ਬਾਪੂ ... ਆਹ ਰਈ ਨ੍ਹੀਂ ਠੀਕ... ਜੇ ਇਹਨੇ ਰੋਟੀ ਖਵਾਈ ਤਾਂ ਸਾਰੀ ਉਮਰ ਗੁਲੱਮ ਵੀ ਤਾਂ ਉਹ ਇਹਦਾ ਈਂ ਕਰਦੀ ਰਹੀ ਐ। ਇਹਦੇ ਨਿਆਣੇ ਸਾਂਭੇ, ਗੂੰਹ ਮੂਤ ਧੋਤਾ...'' ਬਚਨੋਂ ਬੁੱਕਲ 'ਚੋਂ ਹੱਥ ਕੱਢ ਕੇ ਪੰਜਾ ਹਿਲਾ ਹਿਲਾ ਗੱਲਾਂ ਕਰ ਰਹੀ ਸੀ, ''ਵੇਖੋਂ ਨਾ ਮਾਂ ਪਿਉ ਦੇ ਹਿੱਸੇ ਦੀ ਜੈਦਾਦ ਵੀ ਤਾਂ ਫਿਰ ਇਹੋ ਖਾਂਦਾ ਸੀ...''

''... ਤੂੰ ... ਤੂੰ ਚੁੱਪ ਵੀ ਕਰ। ਵੱਡੀ ਵਕੀਲਣੀ ਆ 'ਗੀ।'' ਘੁੱਦੂ ਚਮਕ ਕੇ ਪਿਆ। ਉਹਦੀਆਂ ਨਾਸਾਂ ਫਰਕ ਰਹੀਆਂ ਸਨ। ਏਨੀ ਠੰਢ ਵਿਚ ਵੀ ਉਹਦਾ ਮੱਥਾ ਭਖ ਰਿਹਾ ਸੀ।

''ਲੈ... ਮੈਂ ਨ੍ਹੀਂ ਬਹਿੰਦੀ... ਵੇਖੋਂ ਨਾ ਇਹਨੂੰ ਤਾਂ ਮੈਂ ਜ਼ਹਿਰ ਲਗਦੀ ਆਂ ਨਿਰ੍ਹੀ... ਵੇਖੋਂ ਨਾ... ਲੈ ਮੈਂ ਨ੍ਹੀਂ ਬਹਿੰਦੀ...'' ਬਚਨੋਂ ਹੱਥ ਮਾਰਦੀ ਗੁੱਸੇ ਵਿਚ ਉਬਲਦੀ ਤੁਰ ਗਈ।

ਤਣਾਉ ਵਾਲਾ ਮਾਹੌਲ ਬਣ ਜਾਣ ਕਰ ਕੇ ਕਰਮ ਸਿੰਘ ਨੇ ਗੱਲ ਟਾਲਣੀ ਚਾਹੀ ਕਿ ਬਚਨੋਂ ਮੂੰਹ ਭੂਆ ਕੇ ਫਿਰ ਬੋਲ ਪਈ।

''... ਵੇਖੋਂ ਨਾ ... ਮੇਰਾ ਹਿੱਸਾ ਵੀ ਆ ਏਦਾਂ ਜ਼ਮੀਨ 'ਚ ... ਤੂੰ ਬਹੁਤਾ ਆਇਆ... ਵਕੀਲਣੀ ਤੇ ਵਕੀਲਣੀ ਸਹੀ...।''

''ਚੱਲੋ ਛੱਡੋ! ਬਾਕੀ ਗੱਲਾਂ ਫਿਰ ਕਰ ਲਾਂਗੇ... ਸ਼ਾਂਤ ਹੋਵੋ... '' ਤੇ ਐਤਕੀਂ ਸਿੱਧਾ ਘੁੱਦੂ ਨੂੰ ਸੰਬੋਧਨ ਹੋਇਆ, ''ਭਾ ਜੀ ਕੋਲ ਤਾਂ ਟੈਮ ਨ੍ਹੀਂ ... ਬੁੱਢੜੀ ਦੇ ਫੁੱਲ ਦੱਸ ਤੂੰ ਗੰਗਾ ਲੈ ਕੇ ਜਾਣੇ ਜਾਂ ਮੈਂ...।''

ਦੋ ਮਿੰਟ ਘੁੱਦੂ ਚੁੱਪ ਕਰ ਕੇ ਬੈਠਾ ਰਿਹਾ। ਉਹਦੇ ਅੰਦਰ ਅਨੇਕਾਂ ਵਿਚਾਰ ਇਕ ਦੂਸਰੇ ਨੂੰ ਲਿਤਾੜਦੇ ਹੋਏ, ਕੱਟ ਵੱਢ ਕੇ ਭੱਜੇ ਜਾ ਰਹੇ ਸਨ। ਪਲ ਭਰ ਲਈ ਬਾਹਰਲੀ ਧੁੰਦ ਜਿਵੇਂ ਉਹਦੇ ਅੰਦਰ ਪਸਰ ਗਈ ਸੀ। ਉਹ ਸੁੰਨ ਹੋਇਆ ਗੁੰਮ ਸੁੰਮ ਬੈਠਾ ਰਿਹਾ। ਤੇ ਫਿਰ ਜਿਵੇਂ ਉਹਦਾ ਧੁਖਦਾ ਅੰਦਰ ਮੱਚ ਪਿਆ ਹੋਵੇ। ਉਹ ਇਕ ਦਮ ਉਠਕੇ ਖੜੋ ਗਿਆ।

''ਵੇਖੋ ਜੀ! ਤੁਹਾਡੇ ਤੋਂ ਕੋਈ ਗੁੱਝੀ ਛਿਪੀ ਗੱਲ ਨ੍ਹੀਂ... ਆਪਾਂ ਆਂ ਮਰੇਤੇ... ਆਪਣੇ ਤੋਂ ਤਾਂ ਅਜੇ ਨ੍ਹੀਂ ਜੇ ਇਹ ਗੰਗਾ ਗੁੰਗਾ ਪੁਗਦੀਆਂ... ਉਹ ਪਲ ਭਰ ਲਈ ਰੁਕਿਆ। ਸੰਘ 'ਚ ਰੁਕਿਆ ਥੁੱਕ ਲੰਘਾਇਆ ਤੇ ਸਿਰ ਝਟਕ ਕੇ ਬੋਲਿਆ, ''ਜੇ ਬਹੁਤੀ ਗੱਲ ਐ ... ਤਾਂ ਬੁਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ... ਤੇ ਐਹ ਬੁਢੜਾ ਬੈਠਾ ਤੁਹਾਡੇ ਸਾਹਮਣੇ ਜਿਊਂਦਾ ਜਾਗਦਾ...'' ਉਸ ਬਿਸ਼ਨ ਸਿੰਘ ਵੱਲ ਇਸ਼ਾਰਾ ਕੀਤਾ - ''ਇਹਦੇ ਮੈਂ ਕੱਲ੍ਹਾ ਈ ਗੰਗਾ ਪਾ ਆਊਂ...'' ਤਿੰਨੇ ਪਿਉ ਪੁੱਤ ਹੈਰਾਨ ਹੋਏ ਉਸ ਦੇ ਮੂੰਹ ਵੱਲ ਵੇਖ ਰਹੇ ਸਨ। ਪਰ ਉਹ ਰੁਕਿਆ ਨਹੀਂ।

''ਸੱਚੀ ਗੱਲ ਆ... ਅਜੇ ਆਪਣੀ ਪੁਜਤ ਨ੍ਹੀਂ ... ਤੇ ਜੇ ਇਹ ਸੌਦਾ ਵੀ ਨ੍ਹੀਂ ਮਨਜ਼ੂਰ ਤਾਂ ਸਰਦਾਰ ਜੀ .... ਔਹ ਕਿੱਲੀ 'ਤੇ ਮੇਰੇ ਤੀਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਦਿਓ... ਜਦੋਂ ਮੇਰੀ ਪਹੁੰਚ ਪਈ .... ਮੈਂ ਆਪੇ ਪਾ ਆਊਂ...''

ਤੇ ਉਹ ਉਨ੍ਹਾਂ ਦੇ ਵਿਹੰਦਿਆਂ ਵਿਹੰਦਿਆਂ ਮੂੰਹ ਘੁੱਟ ਕੇ ਅੰਦਰ ਨੂੰ ਤੁਰ ਪਿਆ।

---

ਸੁਪਨੇ ਅਤੇ ਯਥਾਰਥ

# ਇਬਾਰਤ ਇਕ ਖ਼ਤ ਦੀ

ਸਰੋਦ ਸੁਦੀਪ

ਬੀਤੀ ਰਾਤ ਕੋਈ ਰਾਤ ਦੇ ਬਾਰ੍ਹਾਂ ਵਜੇ ਮੈਂ ਇੱਕ ਨਾ ਦੱਸੀ ਜਾਣ ਵਾਲੀ ਖੁਸ਼ਬੂ ਨਾਲ ਜਾਗ ਉਠਿਆ ਸੀ । ਚੰਗੇ ਖਿਆਲਾਂ ਸਮੇਤ । ਆਪਣੀ ਸਮੱਗਰ ਸ਼ਕਤੀ ਨਾਲ ਇਕਸੁਰ ਹੋਇਆ । ਸਾਰੇ ਜੀਵਨ 'ਚ ਇਹ ਪਹਿਲੀ ਵਾਰ ਇਕਸੁਰ ਹੋਣ ਦਾ ਮੌਕਾ ਸੀ । ਮੇਰਾ ਸਰੀਰ ਬੰਸਰੀ ਵਾਂਗ ਸੁਰਾਂ ਕਢਦਾ-ਕਢਦਾ ਫੇਰ ਸੌਂ ਗਿਆ। ਕੋਈ ਦੋ ਘੰਟੇ ਬਾਅਦ ਜਾਗ ਫਿਰ ਖੁੱਲ ਗਈ ਤਾਂ ਦੱਸੀ ਜਾਣ ਵਾਲੀ ਗੱਲ ਦਾ ਵਾਰ ਵਾਰ ਸਿਮਰਨ ਹੁੰਦਾ ਰਿਹਾ,ਮਤਾਂ ਉਹ ਸਵੇਰ ਤੱਕ ਚੇਤੇ 'ਚੋਂ ਵਿਸਰ ਨਾ ਜਾਏ । ਤੜਕਸਾਰ ਸੁਹਣਾ ਜਿਹਾ ਖ਼ਤ ਲਿਖਿਆ ਜਾਣਾ ਸੀ । ਕਦੀ ਸਮਾਂ ਸੀ ਜਦ ਮੈਂ ਸੁਹਣੇ ਖ਼ਤ ਲਿਖਿਆ ਕਰਦਾ ਸੀ । ਰੰਗਦਾਰ ਲਿਫ਼ਾਫ਼ਾ ਲੈਣਾ, ਸੁਹਣੀ ਲਿਖਾਈ ਨਾਲ ਕਾਗਜ਼ਾਂ ਉਪਰ ਇਬਾਰਤ ਲਿਖਣੀ । ਫੇਰ ਡਾਕਖਾਨੇ ਖ਼ਤ ਨੂੰ ਖੁਦ ਪਾਉਣ ਜਾਣਾ । ਮੈਂ ਸਮਝਦਾ ਸੀ ਕਿ ਖ਼ਤ ਨੂੰ ਦੂਜੇ ਦੇ ਹੱਥ ਦੇਣਾ ਭਰੋਸੇਯੋਗ ਗੱਲ ਨਹੀਂ। ਲਿਫ਼ਾਫ਼ੇ ਦੇ ਸਾਈਜ਼ ਮੁਤਾਬਿਕ ਕਾਗਜ਼ ਦੀਆਂ ਤੈਹਾਂ ਲਾਉਣੀਆਂ, ਸਹੀ ਸਥਾਨ 'ਤੇ ਗੂੰਦ ਲਾਉਣੀ, ਫੇਰ ਉਸ ਨੂੰ ਬੰਦ ਕਰਨਾ। ਲਿਖਿਆ ਗਿਆ ਸਰਨਾਵਾਂ ਕਦੀ ਗਲਤ ਨਹੀਂ ਸੀ ਹੋਇਆ। ਅਕਸਰ ਇਹ ਖ਼ਤ ਅਦੀਬ ਲੋਕਾਂ ਤੇ ਦੋਸਤਾਂ ਨੂੰ ਲਿਖੇ ਜਾਂਦੇ ਸਨ। ਅੱਜ ਪਹਿਲੀ ਵਾਰ ਇਕ ਪਿਆਰਾ ਖ਼ਤ ਚੇਤੇ 'ਚੋਂ ਸਮੁੰਦਰ ਦੀ ਲਹਿਰ ਵਾਂਗ ਮਨ 'ਚ ਵਾਰ-ਵਾਰ ਉੱਠਦਾ ਰਿਹਾ । ਇਹ ਖ਼ਤ ਸਭ ਤੋਂ ਪਹਿਲਾਂ ਲਿਖੇ ਖ਼ਤਾਂ ਤੋਂ ਵੀ ਵੱਧ ਦਿਲ ਖਿਚਵਾਂ ਹੋਏਗਾ । ਮੈਂ ਵਾਰ ਵਾਰ ਜਾਗ ਉਠਦਾ ,ਵਾਰ ਵਾਰ ਲਮ-ਲੇਟ ਹੁੰਦਾ ਰਿਹਾ ਪਰ ਬੰਸਰੀ 'ਚੋਂ ਸ਼ਬਦਾਂ ਦੀਆਂ ਆਪ-ਮੁਹਾਰੇ ਉਠਦੀਆਂ ਲਹਿਰਾਂ ਬਰਾਬਰ ਬਰਕਰਾਰ ਰਹੀਆਂ। ਜੋ ਸ਼ਬਦ ਲਿਖੇ ਜਾਣੇ ਸਨ ਉਹ ਖੁਸ਼ੀ ਵਾਲੇ ਸਨ । ਹੁਣ ਇਸ ਵਿਚ ਵੀ ਕੋਈ ਸ਼ੱਕ ਨਹੀਂ ਸੀ ਕਿ ਇਹ ਖ਼ਤ ਦੇਵੀ ਅਤੇ ਉਸ ਦੀ ਨਿੱਕੀ ਭੈਣ ਵਲ ਲਿਖਿਆ ਜਾਣਾ ਸੀ । ਨਹੀਂ ਤਾਂ ਹੁਣ ,ਉਸਦੀ ਗੱਲ ਨੂੰ ਕੌਣ ਸੁਣਦਾ ਸੀ ! ਕੌਣ ਪੜ੍ਹਦਾ ਸੀ !! ਜਿਵੇਂ ਜਿਵੇਂ ਉਮਰ ਅਨੁਸਾਰ ਅੰਦਰ ਮੌਤ ਵੱਡੀ ਹੋ ਰਹੀ ਸੀ ,ਤਿਵੇਂ ਤਿਵੇਂ ਦੇਵੀਆਂ ਵੱਡੀਆਂ ਹੋ ਰਹੀਆਂ ਸਨ । ਅੰਦਰ ਆਈ ਖੁਸ਼ੀ ਨੂੰ ਠੀਕ ਠੀਕ ਦੱਸਿਆ ਜਾਣਾ ਆਸਾਨ ਕੰਮ ਨਹੀਂ। ਅੱਜ ਉਸੇ ਸ਼ਕਤੀ ਤੋਂ ਕੰਮ ਲੈਣਾ ਪਏਗਾ ਜਿਸਨੇ ਮੈਨੂੰ ਅੱਧੀ ਰਾਤੀਂ ਉਠਾ ਕੇ ਬਿਠਾ ਦਿੱਤਾ ਸੀ । ਸਾਹਜਰੇ ਜਾਗਣ ਸਮੇਂ ਦੱਸੀ ਜਾਣ ਵਾਲੀ ਗੱਲ ਪੈਰਾਂ ਤੋਂ ਸਿਰ ਤੱਕ ਇਕ ਸੁਰ ਹੋਈ ਪਈ ਸੀ।

ਕਿਸੇ ਵੇਲੇ ਮੇਰੇ ਲੜਕੇ ਨੇ ਦੇਵੀ ਅਤੇ ਉਸ ਦੀ ਨਿੱਕੀ ਭੈਣ ਦੀਆਂ ਬਹੁਤ ਸੋਹਣੀਆਂ ਤਸਵੀਰਾਂ ਖਿੱਚੀਆਂ ਸਨ ਅਤੇ ਉਨ੍ਹਾਂ ਦੀ ਕੰਪਿਊਟਰ ਵਿਚ ਸੰਭਾਲ ਕਰ ਰੱਖੀ ਹੈ । ਸਾਰੀਆਂ ਫੋਟੋਆਂ ਬਹੁਤ ਸੋਹਣੀਆਂ ਨੇ ਪਰ ਦੇਵੀ ਦੀ ਇਕ ਫੋਟੋ ਤਾਂ ਸੋਚਣ ਸਮਝਣ ਤੋਂ ਵੀ ਬਾਹਰ ਹੈ । ਉਂਗਲਾਂ ਦੀ ਕੜਿੰਗੀ ਜਿਹੀ ਪਾਈ ਹੋਈ, ਵਿੰਗਾ ਜਿਹਾ ਖੁੱਲ੍ਹਾ ਹੋਇਆ ਮੂੰਹ ਜਿਸ ਵਿਚ ਦੋ ਉਤਲੇ ਅਤੇ ਦੋ ਹੇਠਲੇ ਦੰਦ, ਥੋੜ੍ਹਾ ਥੋੜ੍ਹਾ ਹੱਸਣ ਵਰਗੇ, ਅੱਧ ਪਚੱਧੇ ਪੈਰ ਇਕ ਦੂਜੇ ਉਤੇ ਰੱਖੇ ਹੋਏ, ਘੁੰਗਰਾਲੇ ਵਾਲ,ਬੰਦ ਅੱਖਾਂ ਜਾਣੋ ਰੱਬ ਨਾਲ ਗੱਲ ਕਰਨ ਬੈਠੀਆਂ ਹੋਣ । ਸਮੁੱਚਾ ਸਰੀਰ ਹੀ ਦੈਵੀ ਸ਼ਕਤੀ ਨਾਲ ਭਰਿਆ ਪਿਆ ਹੈ । ਇਹ ਫੋਟੋ ਜਦ ਮੈਂ ਦੇਖਣ ਲਗਦਾ ਹਾਂ ਤਾਂ ਦੇਖਣ 'ਤੇ ਹੀ ਲੱਗਾ ਰਹਿੰਦਾ ਹਾਂ । ਦੇਵੀ ਦੀ ਨਿੱਕੀ ਭੈਣ ਦੀਆਂ ਫੋਟੋਆਂ ਵੀ ਬਹੁਤ ਸੋਹਣੀਆਂ ਨੇ । ਇਕ ਫੋਟੋ ਵਿਚ ਉਹ ਕੰਪਿਊਟਰ ਦੇ ਮੇਜ 'ਤੇ ਬੈਠੀ ਹੈ ਅਤੇ ਉਸ ਨੇ ਗਾਣੇ ਸੁਣਨ ਲਈ ਹੈੱਡ-ਫੋਨ ਲਾ ਰੱਖਿਆ ਹੈ ਅਤੇ ਆਪਣੇ ਮਾਮੂ ਨੂੰ ਦੇਖ ਦੇਖ ਕੇ ਮਿੰਨ੍ਹਾ ਮਿੰਨ੍ਹਾ ਮੁਸਕਰਾਈ ਜਾਂਦੀ ਹੈ।

ਉਨ੍ਹਾਂ ਦਾ ਮਾਮੂ ਨੌਕਰੀ ਕਰਦਾ ਹੈ । ਹਰ ਸ਼ਨੀਵਾਰ ਆਉਂਦਾ ਹੈ ਅਤੇ ਸੋਮਵਾਰ ਸਵੇਰੇ-ਸਾਹਜਰੇ ਤੁਰ ਜਾਂਦਾ ਹੈ ਅਤੇ ਮਗਰ ਉਸਦਾ ਖਾਲੀ ਬਿਸਤਰ ਮੇਰੇ ਨਾਲ ਗੱਲਾਂ ਕਰਨ 'ਤੇ ਲੱਗਾ ਰਹਿੰਦਾ ਹੈ। ਇਕ ਵਾਰ ਉਸ ਦਾ ਐਸ ਐਮ ਐਸ ਆਇਆ ਸੀ ਜਿਸ ਨੂੰ ਪੜ੍ਹ ਕੇ ਮੇਰੇ ਅੰਦਰੋਂ ਸਾਰਾ ਦਿਨ ਖੁਸ਼ਬੂ ਦਾ ਦਰਿਆ ਵਗਦਾ ਰਿਹਾ ਭਾਵੇਂ ਅਜਿਹੇ ਸੁਨੇਹੇ ਹਰ ਕੋਈ ਹਰ ਕਿਸੇ ਨੂੰ ਭੇਜਦਾ ਰਹਿੰਦਾ ਹੈ ਪਰ ਪੁੱਤਰ ਵੱਲੋਂ ਪਿਤਾ ਨੂੰ ਅਜਿਹੇ ਸੁਨੇਹੇ ਗਹਿਰੇ ਮੋਹ 'ਚ ਉਤਾਰ ਜਾਂਦੇ ਹਨ। ਇਸ ਆਏ ਸੁਨੇਹੇ ਨੂੰ ਮੈਂ ਕਈਆਂ ਕੋਲ ਦੱਸ ਕੇ ਆਪਣੇ ਅੰਦਰ ਉਠਦੀ ਖੁਸ਼ੀ ਨੂੰ ਲੁਕੋਅ ਨਹੀਂ ਸੀ ਸਕਿਆ। ਮੋਬਾਇਲ 'ਤੇ ਸਤਰਾਂ ਪਈਆਂ ਸਨ।

ਡੈਡੀ, ਆਪ ਤੋ ਖੁਦ ਫੂਲ ਹੋ
ਹਮ ਆਪ ਕੋ ਕਿਆ ਦੇਂ
ਹੋਠੋਂ ਪੇ ਹਸੀਂ
ਆਖੋਂ ਮੇਂ ਖੁਸ਼ੀ
ਯੇ ਸੁਬ੍ਹਾ ਲੇ ਆਏ
ਆਪ ਕੇ ਲੀਏ ਇਤਨੀ
ਖੁਸ਼ੀ
ਕਿ ਕਭੀ ਸ਼ਾਮ ਨਾ ਹੋ-
ਮਿਲਿਏ



ਉਸ ਦੀ ਮੁਸਕਰਾਹਟ ਹੀ ਮੈਨੂੰ ਦੁਗਣਾ ਚੌਗਣਾ ਕਰ ਜਾਂਦੀ ਹੈ। ਜਦ ਵੀ ਉਹ ਨੌਕਰੀ 'ਤੇ ਜਾਣ ਲਗਦਾ ਹੈ, ਉਸਨੂੰ ਕਹਿ ਤਾਂ ਨਹੀਂ ਹੁੰਦਾ ਪਰ ਚਿਤ 'ਚ ਆਈ ਜਾਂਦਾ ਹੈ ਕਿ ਉਹ ਇਕ ਦਿਨ ਹੋਰ ਠਹਿਰ ਜਾਂਦਾ ਤਾਂ ਚੰਗਾ ਸੀ। ਪਰ ਨੌਕਰੀ ਤਾਂ ਨੌਕਰੀ ਠਹਿਰੀ। ਉਤੋਂ ਚਾਰ ਘੰਟੇ ਦਾ ਸਫ਼ਰ। ਜਾਂਦੇ ਸਾਰ ਹੀ ਕਾਲਜ ਦੀ ਕਲਾਸ ਲਾਉਣੀ। ਜਿਹਾ ਮਿਲਣਾ ਤਿਹਾ ਖਾਣਾ। ਉਸਦੀ ਸਾਥਣ ਹੁੰਦੀ ਤਾਂ ਉਸਨੂੰ ਪਕਾ ਕੇ ਖੁਆਉਂਦੀ। ਉਹ ਮੇਰਾ ਹੀ ਨਹੀਂ ਆਪਣੀ ਮਿਹਨਤੀ ਮਾਂ ਦਾ ਵੀ ਪੂਰਾ ਖਿਆਲ ਰਖਦਾ ਹੈ। ਭੈਣ ਤੋਂ ਵੀ ਕੁਰਬਾਨ ਹੋ ਹੋ ਜਾਂਦਾ ਹੈ। ਅੱਖਾਂ ਨਾਲ ਹੀ ਸਾਰਿਆਂ ਦੀ ਰਮਜ਼ ਸਮਝ ਜਾਂਦਾ ਹੈ। ਹੁਣੇ ਉਹ ਏਥੇ ਸੀ ,ਹੁਣੇ ਨਹੀਂ ਹੈ । ਦਿਨ ਦੇ ਦਿਨ ਲੰਘੀ ਜਾਂਦੇ ਹਨ, ਚਿਰਾਂ ਤੋਂ ਉਸਦੇ ਵਿਆਹ ਲਈ ਸਹੀ ਰਿਸ਼ਤਾ ਨਹੀਂ ਜੁੜਿਆ। ਮੈ ਉਸਨੂੰ ਕਈ ਵਾਰ ਕਿਹਾ ਹੈ ਕਿ ਕਾਕਾ ਤੂੰ ਆਪਣਾ ਸਾਥੀ ਆਪ ਲੱਭ ਲੈ । ਜਾਤਾਂ ਵਿਚ ਕੀ ਪਿਆ ਹੈ । ਪਰ ਉਸਨੇ ਸਾਡੇ ਉਪਰ ਹੀ ਛੱਡ ਰੱਖੀ ਹੈ।ਇਕ ਵਾਰ ਜਦ ਮੈਂ ਅੰਮ੍ਰਿਤਸਰ ਗਿਆ ਹੋਇਆ ਸੀ ਤਾਂ ਉਸਦਾ ਫੋਨ ਆਇਆ ਕਿ ਡੈਡੀ ਦਰਬਾਰ ਸਾਹਿਬ ਜਾ ਕੇ ਮੇਰੇ ਲਈ ਦੁਆ ਕਰਨਾ । ਮੈਂ ਆਖਿਆ ਸੀ ਕਿ ਜਰੂਰ ਕਰਾਂਗਾ । ਮੇਰੇ ਹੱਥ ਉਸ ਲਈ ਜੁੜ ਜੁੜ ਜਾਂਦੇ ਰਹੇ । ਹੁਣ ਬੀਤੇ ਐਤਵਾਰ ਇਕ ਰਿਸ਼ਤਾ ਆਇਆ ਸੀ । ਕੁੜੀ ਵਾਲਿਆਂ ਨੂੰ ਮੁੰਡਾ ਪਸੰਦ ਆਇਆ ਅਤੇ ਅਗਲੇ ਪ੍ਰੋਗਰਾਮ ਦੇ ਉਲੀਕੇ ਜਾਣ ਦਾ ਇੰਤਜ਼ਾਰ ਸੀ । ਬਸ ਇਹੋ ਖ਼ਬਰ ਮੈਂ ਖ਼ਤ ਵਿਚ ਦੇਵੀਆਂ ਨੂੰ ਲਿਖਣੀ ਸੀ ਜਿਸਨੇ ਮੈਨੂੰ ਅੱਧੀ ਰਾਤੀਂ ਚਾਈਂ ਚਾਈਂ ਉਠਾ ਕੇ ਬਿਠਾ ਦਿੱਤਾ । ਖ਼ਤ ਮਿਲਦੇ ਸਾਰ ਹੀ ਦੇਵੀ ਅਤੇ ਉਸ ਦੀ ਨਿੱਕੀ ਭੈਣ ਨੇ ਖੁਸ਼ ਹੋ ਜਾਣਾ ਸੀ ,ਉਨ੍ਹਾਂ ਦੀ ਖੁਸ਼ੀ ਨੇ ਮੇਰੇ ਕੋਲ ਇਕ ਅਸੀਸ ਵਾਂਗ ਤੁਰੇ ਆਉਣਾ ਸੀ । ਇਸ ਖੁਸ਼ੀ ਵਿਚ ਹੀ ਪਰਿਵਾਰ ਨੇ ਆਉਣ ਵਾਲੀ ਕੁੜੀ ਲਈ ਸੋਨੇ ਦਾ ਬਨਦਾ-ਫਬਦਾ ਇਕ ਸੈਟ ਖਰੀਦ ਲਿਆਂਦਾ ਸੀ । ਸੋਨੇ ਦੇ ਹਾਰ ਨੂੰ ਚੁਣਨ ਲਈ ਪਰਿਵਾਰ ਨੇ ਪੂਰੇ ਦੋ ਦਿਨ ਲਾਏ ਸਨ । ਆਉਂਦੇ ਐਤਵਾਰ ,ਅਛੋਪਲੇ ਅਤੇ ਸਹਿਜਮਤੇ ਉਨ੍ਹਾਂ ਨੇ ਇਸ ਲਿਆਂਦੇ ਗਿਫ਼ਟ ਨੂੰ, ਦੇਵੀਆਂ ਦੇ ਮਾਮੂ ਨੂੰ, ਚਾਣਚਕ ਇਹ ਹਾਰ ਦਿਖਾ ਕੇ ਚੱਕ੍ਰਿਤ ਕਰਨਾ ਸੀ। ਕਈ ਹੋਰ ਸਕੀਮਾਂ ਵੀ ਅੰਦਰਖਾਤੇ ਘੜੀਆਂ ਜਾ ਰਹੀਆਂ ਸਨ। ਮਕਾਨ ਦੇ ਰੰਗ ਰੋਗਨ ਬਾਰੇ ਵੀ ਸੋਚਿਆ ਗਿਆ।

ਸਵੇਰ ਦੇ ਸੱਤ ਵਜੇ ਮੈ ਉਠ ਬੈਠਾ । ਚਾਹ ਆ ਗਈ । ਖਿਆਲਾਂ ਖਿਆਲਾਂ ਵਿਚ ਹੀ ਹੱਥ ਚਾਹ ਦੇ ਗਲਾਸ ਵਿਚ ਜਾ ਵੱਜਾ ਅਤੇ ਚਾਹ ਰੁੜ੍ਹਦੀ ਰੁੜ੍ਹਦੀ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਬਿਸਤਰ ਨੂੰ ਭਿਉਂਦੀ ਗਈ। ਅਖਬਾਰ, ਰਸਾਲੇ, ਕਾਗਜ਼ ਸਭ ਗਿੱਲੇ ਹੋ ਗਏ। ਸਭ ਕੁਝ ਨੂੰ ਠੀਕ ਕਰਨ ਅਤੇ ਥਾਂ ਸਿਰ ਕਰਨ ਵਿੱਚ ਅੱਧਾ ਘੰਟਾ ਲੱਗ ਗਿਆ। ਘਰਵਾਲੀ ਬੋਲੇ-ਬਿਨ ਰਹਿ ਨਾ ਸਕੀ ''ਤੁਸੀਂ ਤਾਂ ਨਿਰੇ ਨਿਆਣੇ ਹੋ ਗਏ ਹੋ।'' ਫੇਰ ਉਹ ਬਿਸਤਰ ਨੂੰ ਸੰਵਾਰਨ 'ਚ ਰੁਝ ਗਈ ਸੀ।

ਮੈਂ ਕਿਵੇਂ ਦੱਸਦਾ ਕਿ ਅੱਜ ਇੱਕ ਸੁੰਦਰ ਖ਼ਤ ਲਿਖਿਆ ਜਾਣਾ ਹੈ। ਹੋਰ ਖ਼ਲਲ ਪੈਣ ਤੋਂ ਪਹਿਲਾਂ ਮੈਂ ਕਾਗਜ਼ ,ਪੈਨ ਚੁੱਕ ਕੇ ਬਾਹਰ ਖਾਲ਼ੀ ਥਾਂ 'ਤੇ ਜਾ ਬੈਠਾ ਜਿੱਥੇ ਅਕਸਰ ਅੱਗੇ ਬੈਠਦਾ ਹੁੰਦਾ ਹਾਂ । ਖੁੱਲ੍ਹਾ ਆਕਾਸ਼ ਦੇਖਣ ਨੂੰ ਚੰਗਾ ਲੱਗਦਾ ਹੈ । ਅੱਗੇ ਵਾਂਗੂ ਨਿੱਕੇ ਬੱਚੇ ਮੇਰੇ ਕੋਲ ਆਏ । ਉਨ੍ਹਾਂ ਨੂੰ ਪਿਆਰ ਦੇ ਕੇ ਘਰੋ-ਘਰੀ ਤੋਰ ਦਿੱਤਾ ਗਿਆ ਤਾਂ ਜੋ ਲਿਖੇ ਜਾਂ ਰਹੇ ਖ਼ਤ ਵਿਚ ਕਿਸੇ ਤਰ੍ਹਾਂ ਦਾ ਖ਼ਲਲ ਨਾ ਪਏ । ਮੈਂ ਖ਼ਤ ਲਿਖਣ ਹੀ ਲੱਗਾ ਸੀ ਕਿ ਧੁਰ ਅੰਦਰੋਂ ਆਵਾਜ਼ ਆਈ ਜੋ ਸਿਰ ਨੂੰ ਚੜ੍ਹ ਗਈ ਅਤੇ ਅੱਖਾਂ ਨਮ ਹੋ ਗਈਆਂ । ਇਸ ਤੋਂ ਪਹਿਲਾਂ ਕਿ ਅੱਖਾਂ ਦਾ ਪਾਣੀ ਸਮੁੰਦਰ 'ਚ ਬਦਲ ਜਾਏ, ਮੈਂ ਸਿਰ ਨੀਵਾਂ ਕਰ ਲਿਆ ਤਾਂ ਜੁ ਸੜਕ ਤੋਂ ਲੰਘਦੇ ਲੋਕ ਮੈਨੂੰ ਇਸ ਅਵਸਥਾ ਵਿਚ ਦੇਖ ਨਾ ਲੈਣ । ਜੇ ਕੋਈ ਸਤਿ ਸ੍ਰੀ ਅਕਾਲ ਕਰਨ ਲਈ ਖੜ੍ਹ ਵੀ ਜਾਂਦਾ ਤਾਂ ਮੈਂ ਸੱਜੇ ਹੱਥ ਦੇ ਇਸ਼ਾਰੇ ਨਾਲ ਉਸਨੂੰ ਅਗਾਂਹ ਜਾਣ ਲਈ ਆਖ ਦੇਂਦਾ । ਅੱਜ ਉਨ੍ਹਾਂ ਸਭ ਨੂੰ ਮੈਂ ਦੁਆ ਸਲਾਮ ਕਰਨ ਦੇ ਸਮਰੱਥ ਨਹੀਂ ਸੀ ਜਿਨ੍ਹਾਂ ਨੂੰ ਅਮੂਮਨ ਮੈਂ ਕਰਿਆ ਕਰਦਾ ਸੀ । ਅੰਦਰੋਂ ਆਈ ਆਵਾਜ਼ ਸੀ।

ਅੱਜ ਮੈਂ ਉਨ੍ਹਾਂ ਦੀ
ਆਵਾਜ਼ ਸੁਣੀ ਸੀ
ਹਾਕ ਹੂਕ 'ਚ ਬਦਲਦੀ ਬਦਲਦੀ
ਸਿਸਕੀਆਂ 'ਚ ਡੁੱਬ ਗਈ...
'ਸਾਨੂੰ ਇਨ੍ਹਾਂ ਕੋਲ ਨਾ ਦਿਓ
ਨਾ ਦਿਓ ਨਾਨੂੰ'
ਗਿਰਝਾਂ ਦੇ ਪੰਜਿਆਂ 'ਚ
ਫੇਰ ਉਹ ਭੌਰ-ਭੌਰ ਹੋ ਗਈਆਂ
ਉਂਞ ਮੈਂ ਉਨ੍ਹਾਂ ਦੀ ਆਵਾਜ਼ ਸੁਣੀ ਸੀ...

ਬੀਤੀ ਰਾਤ ਜੋ ਖੁਸ਼ਬੂ ਲੈ ਕੇ ਮੈਂ ਉਠਿਆ ਸੀ, ਉਹ ਗੁੰਮ ਗੁਆਚ ਗਈ ਸੀ। ਖ਼ਤ ਤਾਂ ਲਿਖਿਆ ਗਿਆ, ਪਰ ਖ਼ਤ ਦੀ ਇਬਾਰਤ ਬਦਲ ਗਈ। ਸੁਪਨੇ ਕਿਤੇ ਸੱਚ ਹੁੰਦੇ ਹਨ !!

ਪ੍ਰਦੇਸ ਵਸਦੇ ਲੋਕਾਂ ਦੇ ਦਿਲਾਂ ਦੀ ਚੀਸ ਹੈ 'ਬਖ਼ਸ਼ ਸੰਘਾ' ਪੁਸਤਕ 'ਸੁਣ ਨੀ ਕੁੜੀਏ ਜਿਊਣ ਜੋਗੀਏ'



# ਪ੍ਰਦੇਸ ਵਸਦੇ ਲੋਕਾਂ ਦੇ ਦਿਲਾਂ ਦੀ ਚੀਸ

# 'ਸੁਣ ਨੀ ਕੁੜੀਏ ਜਿਊਣ ਜੋਗੀਏ'

2047, 61 st. Edmonton AB Canada T6L IM5
(780-660-7520)




ਕਨੇਡਾ ਦੇ ਸ਼ਹਿਰ ਐਡਿਮੰਟਨ ਵੱਸਦੀ 'ਬਖ਼ਸ਼ ਸੰਘਾ' ਉਨ੍ਹਾਂ ਔਰਤ ਲੇਖਕਾਂ ਵਿਚੋਂ ਇੱਕ ਹੈ ਜੋ ਪੰਜਾਬ (ਭਾਰਤ) ਛੱਡ ਕੇ ਪ੍ਰਦੇਸ (ਕੈਨੇਡਾ) ਆ ਵੱਸੀਆਂ ਹਨ। ਪ੍ਰਦੇਸ ਚਾਹੇ ਕੈਨੇਡਾ ਹੋਵੇ ਅਮਰੀਕਾ, ਇੰਗਲੈਂਡ, ਆਸਟਰੇਲੀਆ ਜਾਂ ਕੋਈ ਹੋਰ ਸਭ ਇੱਕੋ ਜੇਹਾ ਹੈ, ਪਰਵਾਸ ਕਰਨ ਵਾਲਾ ਹਰ ਸਖ਼ਸ਼ ਅੱਧਾ ਏਥੇ ਨਵੇਂ ਦੇਸ਼ ਵੱਸਦਾ ਹੈ ਤੇ ਅੱਧਾ ਪਿਛਲੇ। ਏਥੋਂ ਦਾ ਰਹਿਣ ਸਹਿਣ ਉਸਦੇ ਰਾਸ ਨਹੀਂ ਆਉਂਦਾ, ਪਿਛਲਾ ਉਸਨੂੰ ਭੁਲਦਾ ਨਹੀਂ- ਸਰੀਰ ਇਥੇ ਰੂਹ ਉਥੇ। ਲੇਖਕ ਸੰਜੀਦਾ ਹੁੰਦੇ ਹਨ, ਉਹ ਵਧੇਰੇ ਸੋਚਦੇ ਹਨ ਤੇ ਦਿਲ ਦੇ ਦਰਦ ਕਲਮ ਰਾਹੀਂ ਪ੍ਰਗਟ ਕਰਦੇ ਹਨ। ਭਾਰਤ/ਪੰਜਾਬ ਵਿਚ ਹਾਲਤ ਐਸੀ ਨਹੀਂ ਕਿ ਕੋਈ ਮਿਹਨਤ ਦਾ ਸਹੀ ਮੁੱਲ ਪਵਾ ਸਕੇ। ਬੇਰੁਜ਼ਗਾਰੀ ਹੈ। ਰਿਸ਼ਵਤਖੋਰੀ ਹੈ। ਪੈਰ ਪੈਰ 'ਤੇ ਬੇਈਮਾਨੀ, ਹੇਰਾਫੇਰੀ, ਛਾਲਾਂ ਮਾਰ ਕੇ ਵਧਦੀ ਮਹਿੰਗਾਈ, ਬੇਨਿਯਮੀਆਂ ਦਾ ਸੈਲਾਬ ਜਿਵੇਂ ਸਿਰ ਨਹੀਂ ਪੁੱਟਣ ਦੇਂਦਾ। ਔਰਤ ਨੂੰ ਦੋਹਰੀ ਮਾਰ ਝੱਲਣੀ ਪੈਂਦੀ ਹੈ। ਇੱਕ ਤਾਂ ਔਰਤ ਦੀ ਆਜ਼ਾਦੀ ਜਗੀਰਦਾਰੀ ਸਮਾਜ ਵਿਚ ਸਿਰਫ ਕਹਿਣ ਨੂੰ ਹੈ। ਵਿਆਹ-ਮਨਮਰਜ਼ੀ ਉਸ ਦੀ ਜਾਨ ਦਾ ਖੌਅ ਹੈ, ਜਿਥੇ ਵਿਆਹੀ ਜਾਂਦੀ ਹੈ ਪਤੀ ਜੇ ਬੇਰੁਜ਼ਗਾਰੀ ਦੀ ਚੱਕੀ 'ਚ ਪਿੱਸਦਾ ਨਸ਼ਿਆਂ ਦੀ ਓਟ ਲੈ ਲੈਂਦਾ ਹੈ ਤਾਂ ਜਾਨੋ ਗਈ। ਸਮਾਜਕ ਨਾਬਰਾਬਰੀ। ਗਰੀਬ ਹੋਰ ਗਰੀਬ ਅਮੀਰ ਹੋਰ ਅਮੀਰ। ਪੜ੍ਹਾਈ ਬਹੁਤ ਮਹਿੰਗੀ। ਕਿੰਨਾ ਵੀ ਪੜ੍ਹ ਲਉ ਕੋਈ ਨੌਕਰੀ ਨਹੀਂ। ਵੱਡੀਆਂ ਦਿਓ-ਕੱਦ ਕੰਪਨੀਆਂ ਦਾ ਜਾਲ ਹੋਰ ਪੀਡਾ ਹੋਈ ਜਾ ਰਿਹਾ ਹੈ। ਪ੍ਰਬੰਧ ਚਿੜੀ ਨੂੰ ਖੰਭ ਵੀ ਛਟਪਟਾਉਣ ਤੋਂ ਮਨਾ ਕਰ ਰਿਹਾ ਹੈ। ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਬੇਮੁੱਖ ਹੋ ਕੇ ਸਿਹਤ, ਸਿਖਿਆ, ਪਾਣੀ, ਬਿਜਲੀ, ਸੜਕਾਂ ਆਦਿ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਨਿਜੀਕਰਨ ਦਾ ਸਹਾਰਾ ਲੈ ਰਹੀ ਹੈ। ਸਿੱਟੇ ਵਜੋਂ ਰੁਜ਼ਗਾਰ ਦੇ ਮਸਲੇ ਹੋਰ ਸੁੰਘੜ ਰਹੇ ਹਨੇ। ਬੱਚਿਆਂ ਦੇ ਭਵਿੱਖ ਦੀ ਚਿੰਤਾ ਰਾਤ ਦਿਨ ਵੱਢ-ਵੱਢ ਖਾਂਦੀ ਹੈ। ਅਤਿਅੰਤ ਮੰਦਹਾਲੀ ਕਾਰਨ ਕੋਈ ਚਾਰਾ ਨਾ ਚੱਲਦਾ ਵੇਖ ਤੇ ਉਧਰ ਸਾਮਰਾਜੀ (ਅਮੀਰ) ਮੁਲਕਾਂ ਦੀਆਂ ਰੰਗੀਨੀਆਂ ਤੇ ਡਾਲਰਾਂ ਦੀ ਚਕਾਚੌਂਧ ਦੇ ਹੜ੍ਹ ਅੱਗੇ ਚੁੰਧਿਆਈਆਂ ਅੱਖਾਂ ਇਸ ਤੇਜ਼ ਰੋਸ਼ਨੀ ਵਲ ਸ਼ਮ੍ਹਾ ਪ੍ਰਵਾਨਾ ਦੌੜ ਲਾ, ਜਾਨ ਜੋਖਮ 'ਚ ਪਾ ਸਾਰਾ ਕੁਝ ਵੇਚ ਵੱਟ ਬਹਾਰਲੇ ਮੁਲਕ ਜਾਣ ਦੀ ਦੌੜ 'ਚ ਸ਼ਾਮਲ ਹੋ ਕੇ ਸੋਨ ਸੁਨਹਿਰੀ ਪਰੀ ਦੇਸ਼ ਦੇ ਸੁਪਨੇ ਸਜਾਉਣ ਜਦ ਵਿਦੇਸ਼ ਪੁੱਜਦੇ ਹਨ ਤਾਂ ਇਥੇ ਆ ਕੇ ਇੱਕ ਤਾਂ ਜਨਮ ਭੌਂ ਤੇ ਮਾਂ ਬੋਲੀ ਬਹੁਤ ਯਾਦ ਆਉਂਦੀ ਹੈ, ਦੂਜਾ ਏਧਰ ਜਿਊਣ ਦਾ ਤਾਂ ਕੀ ਦੋ ਡੰਗ ਦੀ ਰੋਟੀ ਦਾ ਵੀ ਸੰਸਾ ਲਗਦਾ ਹੈ। ਰਾਤ ਦਿਨ ਚੂਹਾ ਦੌੜੀ ਸ਼ਿਫਟਾਂ ਵਿਚ ਤੇਜ਼ ਹੋਰ ਤੇਜ਼ ਭੱਜਣ ਲਈ ਅਣ ਦਿਸਦਾ ਭਵਿੱਖੀ ਛਾਂਟਾ ਮਜਬੂਰ ਕਰਦਾ ਹੈ। ਤਦ ਦਿਲ 'ਚੋਂ ਹੂਕ ਨਿਕਲਦੀ ਹੈ। ਮਾਂ ਹੀ ਨਹੀਂ ਨਾਨੀ ਵੀ ਹਰ ਰੂਪ ਵਿਚ ਚੇਤੇ ਆਉਂਦੀ ਹੈ। ਤਦ 'ਸਭ ਕੁਝ ਲੁਟਾ ਕੇ ਹੋਸ਼ ਮੇ ਆਏ ਤੋ ਕਿਆ ਹੂਆ' ਦੀ ਹਾਲਤ ਬਣਦੀ ਹੈ। ਲੋਕ ਦੁਖੜੇ ਰੋਣਾਂ ਚਾਹੁੰਦੇ ਨੇ ਪਰ ਕਿਥੇ ਰੋਣ। ਸੜਕਾਂ ਨੂੰ ਸੁਣਾਉਣ ਆਪਣੇ ਦੁੱਖ? ਜਾ ਕਾਰਾਂ ਨੂੰ? ਜਾਂ ਸੁੰਦਰ ਸੁੰਦਰ ਬੰਗਲਿਆਂ ਨੂੰ? ਤੇ ਫਿਰ ਕੋਈ ਵੀਰਾਗਣੀ 'ਬਖ਼ਸ਼' ਬਣ ਕੇ ਆਪਣੇ ਦੁੱਖਾਂ ਨੂੰ ਬੋਲੀਆਂ ਨੂੰ 'ਸੁਣ ਨੀ ਕੁੜੀਏ ਜਿਊਣ ਜੋਗੀਏ'ਦਾ ਰੂਪ ਦੇਂਦੀ । ਕੂੰਜ ਵਾਂਗ ਕੁਰਲਾਉਂਦੀ ਦਿਲ ਨੂੰ ਧੂਹ ਪਾਉਂਦੇ ਬੋਲ ਬੋਲਦੀ ਆਖਦੀ ਹੈ :

ਜਿਸ ਦਿਨ ਦੀ ਮੈਂ ਆਈ ਕਨੇਡਾ
ਫਿਕਰਾਂ ਦੇ ਵਿਚ ਪੈ ਗਈ
ਬੋਲੀ ਤਾਂ ਮੈਨੂੰ ਆਵੇ ਨਾਹੀਂ
ਯੈੱਸ/ਨੋ ਜੋਗੀ ਰਹਿ ਗਈ।
ਬਈ ਬੋਲਦੇ ਵੇਖ ਕੇ ਇੰਗਲਿਸ਼ ਲੋਕੀਂ
ਰਹਿ ਜਾਵਾਂ ਮੈਂ ਦੰਗ ਵੇ
ਮੇਰਾ ਉਡਦਾ ਜਾਵੇ
ਗਲਗਲ ਵਰਗਾ ਰੰਗ ਵੇ ...ਮੇਰਾ ਉਡਦਾ ਜਾਵੇ...

ਤੇ ਏਥੇ ਪ੍ਰਦੇਸ਼ ਆਕੇ ਸਿਰਫ ਬੋਲੀ ਦੀ ਸਮੱਸਿਆ ਹੀ ਨਹੀਂ ਹੈ, ਗੋਡੇ-ਗੋਡੇ ਬਰਫ 'ਚੋਂ ਦੀ ਨਿਕਲ ਕੇ ਕੰਮ 'ਤੇ ਜਾਣਾ ਹੁੰਦਾ ਹੈ। ਕੈਸਾ ਵੀ ਮੌਸਮ, ਕੰਮ ਤੋਂ ਕੋਈ ਛੋਟ ਨਹੀਂ।

ਮੂੰਹ ਸਿਰ ਨਾਲ ਬਰਫ ਦੇ ਢਕਿਆ
ਠੰਢੀਆਂ ਵੱਗਣ ਹਵਾਵਾਂ,
ਨਾਲ ਠੰਢ ਦੇ ਹੱਡ ਕੜਕਦੇ
ਫਿਰ ਵੀ ਕੰਮ ਤੇ ਜਾਵਾਂ,
ਜ਼ਿੰਦਗੀ ਡਾਲਰਾਂ ਦੀ
ਰੀਝਾਂ ਨਾਲ ਹੰਡਾਵਾਂ...ਜ਼ਿੰਦਗੀ ਡਾਲਰਾਂ ਦੀ

ਏਥੇ ਕੈਨੇਡਾ ਆ ਕੇ ਕੰਮ ਹੀ ਕੰਮ ਹੈ। ਸਮਾਜਕ ਜ਼ਿੰਦਗੀ ਗੁੰਮ ਗਵਾਚ ਜਾਂਦੀ ਹੈ। ਪੰਜਾਬੀ ਪਹਿਰਾਵਾ ਗੁੰਮ ਹੋ ਜਾਂਦਾ ਹੈ ਮਰਦ ਨਾਲੋਂ ਔਰਤ ਨੂੰ ਕਿਤੇ ਵੱਧ ਤਬਦੀਲੀ ਦਾ ਅਹਿਸਾਸ ਹੁੰਦਾ ਹੈ। ਆਪਣਾ ਸਭਿਆਚਾਰ ਬਹੁਤ ਪਿਛੇ ਰਹਿ ਕੇ ਗੁੰਮ ਜਾਂਦਾ ਹੈ। ਉਹ ਸਭਿਆਚਾਰ ਜਿਸ 'ਚ ਪਲ੍ਹੀ, ਜੰਮੀ, ਹੱਸੀ, ਖੁਸ਼ੀਆਂ, ਗਮੀਆਂ ਸਭ ਸੁਪਨਾ ਬਣ ਜਾਂਦਾ ਹੈ। ਪੰਜਾਬ 'ਚ ਕਾਰਾਂ ਸੁਪਨਾ ਹੁੰਦੀਆਂ ਨੇ ਤੇ ਇਥੇ ਇਨ੍ਹਾਂ ਬਿਨਾਂ ਗੁਜ਼ਾਰਾ ਹੀ ਨਹੀਂ ਹੁੰਦਾ।

ਪੈਂਟ ਵੀ ਪਾਉਂਦੀ
ਪਜਾਮਾ ਵੀ ਪਾਉਂਦੀ
ਹੁੰਦੀ ਨਾ ਰੀਸ ਸਲਵਾਰਾਂ ਦੀ
ਮੈਂ ਬਣ ਗਈ ਮਾਲਕ ਕਾਰਾਂ ਦੀ...



ਮੱਖਣ ਕੁਹਾੜ
makhansinghkohar@gmail.com
011-91-95013-65522

ਪਹਿਲਾਂ ਪਹਿਲਾਂ ਵਿਦੇਸ਼ ਆ ਕੇ ਬੰਦਾ ਬਹੁਤ ਖੁਸ਼ ਰਹਿੰਦਾ ਹੈ। ਕੰਮ ਮਿਲਣ 'ਤੇ ਬੜਾ ਖੁਸ਼ ਹੁੰਦਾ ਹੈ। ਪਰ ਸਹਿਜੇ ਸਹਿਜੇ ਚਾਅ, ਉਤਸ਼ਾਹ ਮੱਠਾ ਪੈਂਦਾ ਜਾਂਦਾ ਹੈ। ਪਰ ਮਾਲਕ ਤਾਂ ਕੰਮ ਹੀ ਚਾਹੁੰਦੇ ਹਨ। ਬਖ਼ਸ਼ ਬੋਲੀ ਰਾਹੀਂ ਬਾਖੂਬ ਬਿਆਨ ਕਰਦੀ ਹੈ ਕਿ ਕਿਵੇਂ ਇਥੇ ਆ ਕੇ ਵੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਰਾ ਕੁ ਘੱਟ ਕੰਮ ਕਰੋ, ਕੰਮ ਤੋਂ ਜੁਆਬ।

ਅੱਧੀ ਰਾਤ ਵੀ ਢਲ ਗਈ
ਚਲਾਈ ਕਾਰ ਤੇ ਤੁਰ ਪਈ ਕੰਮ 'ਤੇ
ਜਾ ਹੋਟਲ ਤੇ ਖੜ ਗਈ
ਜਾ ਹੋਟਲ ਤੇ ............
ਪਹਿਲਾਂ ਆਖਣ ਹਾਰਡ ਵਰਕਰ
ਹੁਣ ਕਹਿੰਦੇ ਸਲੋਅ ਕੰਮ ਕਰਦੀ
ਬੌਸ ਨੇ ਬੰਤੋ ਪਈ
ਕੰਮ ਤੋਂ ਫਾਇਰ ਕਰਤੀ..

ਕੈਨੇਡਾ ਜਾਂ ਕਿਸੇ ਵੀ ਸਾਮਰਾਜੀ ਅਮੀਰ ਦੇਸ਼ ਦੀ ਹਾਲਤ ਇਕੋ ਜਿਹੀ ਹੈ। ਜੋ ਕਮਾਉ ਇਥੇ ਹੀ ਨਾਲੋ ਨਾਲ ਖਰਚੀ ਜਾਉ, ਨਹੀਂ ਖਰਚੋਗੇ ਤੁਸੀਂ ਟਿਕ ਨਹੀਂ ਸਕੋਗੇ। ਕਿਰਾਏ 'ਤੇ ਮਕਾਨ ਐਨਾ ਮਹਿੰਗਾ ਹੈ ਕਿ ਜੇ ਤੁਸੀਂ ਨਵਾਂ ਬੈਂਕ ਤੋਂ ਕਰਜ਼ਾ ਲੈ ਕੇ ਖ਼ਰੀਦ ਲਉ ਤਾਂ 30 ਸਾਲ ਉਸ ਦੀਆਂ ਮਾਸਿਕ ਕਿਸ਼ਤਾਂ ਲਾਹੀ ਜਾਉ ਤਾਂ ਤੁਹਾਡਾ ਮਕਾਨ ਕਿਸੇ ਦਿਨ ਨੂੰ ਆਪਣਾ ਹੋ ਜਾਵੇਗਾ। ਇਸ ਮ੍ਰਿਗ -ਤ੍ਰਿਸ਼ਨਾਂ 'ਚ ਦੌੜ ਕਿਵੇਂ ਲਗਦੀ ਹੈ ਬਖ਼ਸ਼ ਦੀ ਇਸ ਬੋਲੀ ਰਾਹੀਂ ਸਪੱਸ਼ਟ ਹੁੰਦੀ ਹੈ :

ਮਾਪਿਆਂ ਤੇਰਿਆਂ ਅੱਡ ਕਰ ਦਿਤਾ
ਕਿਸ਼ਤਾਂ ਵਾਲਾ ਘਰ ਵੇ
ਇਕ ਸ਼ਿਫਟ ਨਾਲ ਹੋਏ ਨਾ ਗੁਜ਼ਾਰਾ
ਕਿਸ਼ਤ ਟੁੱਟਣ ਦਾ ਡਰ ਵੇ
ਮੇਰੇ ਕਮਲੇ ਢੋਲਣਾ..ਦੋ ਦੋ ਸ਼ਿਫਟਾਂ ਕਰ ਵੇ
ਮੇਰੇ ਕਮਲੇ ਢੋਲਣਾਂ

........

ਕਾਰ ਵੀ ਕਰਜ਼ੇ 'ਤੇ, ਉਸ ਦੀ ਕਿਸ਼ਤ, ਬੀਮੇ ਦੀਆਂ ਕਿਸ਼ਤਾਂ, ਹਰ ਪਾਸੇ ਬਿੱਲ ਹੀ ਬਿੱਲ-

ਦੋ ਦੋ ਸ਼ਿਫਟਾਂ ਕੰਮ ਮੈਂ ਕਰਦੀ
ਸੈਟਰਡੇ ਵੀ ਲਾਵਾਂ...
ਅਜੇ ਵੀ ਸੋਚਾਂ ਕਿਉਂ ਨਹੀਂ ਸਰਦਾ
ਇੰਨਾ ਮੈਂ ਕਮਾਵਾਂ
ਜ਼ਿੰਦਗੀ ਭੁਲੇਖਿਆਂ ਦੀ
ਰੀਝਾਂ ਨਾਲ ਹੰਡਾਵਾਂ

ਥਾਂ ਦੀ ਘਾਟ ਕਾਰਨ ਸਾਰੀਆਂ ਬੋਲੀਆਂ ਲਿਖੀਆਂ ਨਹੀਂ ਜਾ ਸਕਦੀਆਂ। ਕਿੰਨੇ ਹੀ ਕਿੰਨੇ ਦੁੱਖ ਨੇ। ਮਾਪੇ ਲੜਕੀ ਲਈ ਸਾਰਾ ਘਰ ਬਾਹਰ ਵੇਚ ਵੱਟ ਕੇ ਕੁੜੀ ਨੂੰ ਬਾਹਰ ਕੈਨੇਡਾ, ਅਮਰੀਕਾ ਆਦਿ ਭੇਜ ਦੇਂਦੇ ਨੇ ਪਰ ਇਥੇ ਆ ਕੇ ਕੁੜੀ ਦੇ ਮਾਪੇ ਚਾਹੁੰਦੇ ਨੇ ਭਈ ਕੁੜੀ ਸਾਨੂੰ ਵੀ ਸਪਾਂਸਰ ਕਰਕੇ ਬੁਲਾ ਲਵੇ ਤੇ ਮੁੰਡੇ ਦੇ ਮਾਪੇ ਵੱਖ ਇਹੀ ਚਾਹੁੰਦੇ ਨੇ। ਲੜਾਈ ਦੀ ਹਾਲਤ 'ਡਵੋਰਸ' ਤੀਕਰ ਚਲੀ ਜਾਂਦੀ ਹੈ। ਐਸੀਆਂ ਬੋਲੀਆਂ 'ਚੋਂ ਇਕ ਏਸੇ ਨੂੰ ਦਰਸਾਉਂਦੀ ਹੈ।

ਸੁਣ ਨੀ ਕੁੜੀਏ, ਸੁਣ ਨੀ ਕੁੜੀਏ, ਦਿਲ ਦੀ ਗੱਲ ਸੁਣਾਵਾਂ
ਮਾਪਿਆਂ ਮੇਰਿਆਂ ਬਾਹਰ ਭੇਜਿਆ ਲਾਕੇ ਚੰਗਾ ਨਾਵਾਂ
ਜੇ ਮੈਂ ਕਹਾਂ ਸਪਾਂਸਰ ਕਰਨਾ
ਘਰ ਵਿਚ ਪਵੇ ਲੜਾਈ
ਸੌਦੇਬਾਜ਼ੀ ਨੇ ਜ਼ਿੰਦਗੀ ਨਰਕ ਬਣਾਈ

ਪਤੀ ਪਤਨੀ 'ਚੋਂ ਇਕ ਨੇ ਸਵੇਰੇ ਕੰਮ 'ਤੇ ਜਾਣਾ ਹੈ ਤੇ ਸ਼ਾਮ ਨੂੰ ਆਉਣਾ ਹੈ। ਇਧਰੋਂ ਦੂਜੇ ਨੇ ਰਾਤ ਦੀ ਡਿਊਟੀ 'ਤੇ ਜਾਣਾ ਹੁੰਦਾ ਹੈ, ਦਿਨੇ ਨੀਂਦ ਪੂਰੀ ਕਰਨੀ ਹੁੰਦੀ ਹੈ ਪਰ ਫਿਰ ਵੀ ਨਹੀਂ ਸਰਦਾ। ਉਸ ਮਾਂ ਦੀ ਹਾਲਤ ਦੇਖੋ, ਜੋ ਨਿੱਕੇ ਜਿਹੇ ਬੱਚੇ ਨੂੰ ਸੁੱਤੇ ਪਏ ਛੱਡ ਕੇ ਕੰਮ 'ਤੇ ਤੁਰ ਪੈਂਦੀ ਹੈ। ਬੱਚਾ ਮਾਂ ਨੂੰ ਲੱਭਦਾ ਰੋਂਦਾ ਕੁਰਲਾਉਂਦਾ ਹੈ ਪਰ ਮਾਂ ਹੈ ਕਿ ਦੋ ਦੋ ਸ਼ਿਫਟਾਂ ਲਾਉਣ ਲਈ ਮਜ਼ਬੂਰ ਹੈ। ਬੱਚੇ ਮਾਪਿਆਂ ਦੇ ਪਿਆਰ ਤੋਂ ਵਿਹੂਣੇ ਹੋ ਜਾਂਦੇ ਹਨ। ਪਿਆਰ ਤੋਂ ਵਾਂਝੇ ਹੋ ਕੇ ਉਹ ਬਾਗੀ ਤਬੀਅਤ ਅਪਣਾ ਲੈਂਦੇ ਹਨ :

ਸੁਣ ਨੀ ਅੜੀਏ ਜੀਊਣ ਜੋਗੀਏ
ਦਿਲ ਦੀ ਗੱਲ ਸੁਣਾਵਾਂ
ਸੁੱਤੀ ਪਈ ਬੱਚੀ ਨੂੰ ਛੱਡ ਕੇ
ਨਿੱਤ ਕੰਮ 'ਤੇ ਜਾਵਾਂ
'ਮੰਮੀ ਮੰਮੀ' ਕਰਦੀ ਸਾਉਂਦੀ
ਮਾਵਾਂ ਹੋਈਆਂ ਕਮਾਵਾਂ
ਨੀ ਮਾਰੀ ਗਰਜਾਂ ਦੀ
ਦੋ ਦੋ ਸ਼ਿਫਟਾਂ ਲਾਵਾਂ.......

ਐਸੀ ਹਾਲਤ ਵਿਚ ਵਿਦੇਸ਼ਾਂ ਵਿਚ ਵਸਦਿਆਂ ਨੂੰ ਕਿੰਨਾ ਦੁੱਖ ਝੱਲਣਾ ਪੈਂਦਾ ਹੈ। ਕਿੰਨੀ ਦੌੜ ਦੌੜਨੀ ਪੈਂਦੀ ਹੈ। ਚਾਹੇ ਇਸ ਨੂੰ ਸੁੱਖ ਵੀ ਕਹਿ ਲਵੋ ਪਰ ਉਸ ਨੂੰ ਆਪਣਾ ਦੇਸ਼ ਨਹੀਂ ਭੁਲਦਾ - ਮੁੜ ਮੁੜ ਚੇਤੇ ਆਉਂਦਾ ਹੈ।

''ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ'' ਪਰ ਹੁਣ ਬੰਦਾ ਜਾਲ 'ਚ ਫਸੇ ਪੰਛੀ ਵਾਂਗ ਇਥੇ ਤਾਂ ਝਟਪਟਾਉਣ ਤੋਂ ਬਿਨਾਂ ਕੁਝ ਨਹੀਂ ਕਰ ਸਕਦਾ, ਸਗੋਂ ਇਥੇ ਤਾਂ ਝਟਪਟਾਉਣਾ ਵੀ ਸੁਪਨਾ ਹੋ ਜਾਂਦਾ ਹੈ।

ਯਾਦ ਤਾਂ ਆਉਂਦਾ ਸਾਰਾ ਕੁਝ ਵੇ
ਵੇਖ ਕੇ ਪਿੰਡ ਦੀ ਜੂਹ
ਕਿਤੇ ਨਾ ਦਿਸਦੇ ਪਿੱਪਲ ਟਾਹਲੀਆਂ
ਕਿਤੇ ਨਾ ਦਿਸਦੇ ਖੂਹ
ਸਭ ਕੁਝ ਬਦਲਿਆ ਵੇ
ਬਦਲੀ ਨਾ ਸਾਡੀ ਰੂਹ ........

ਅਨੇਕਾਂ ਐਸੀਆਂ ਹੋਰ ਬੋਲੀਆਂ ਨੇ ਜੋ ਬਖ਼ਸ਼ ਨੇ ਵਿਦੇਸ਼ੀਂ ਆਣ ਕੇ ਵੱਸੇ ਪ੍ਰਵਾਸੀਆਂ ਦੇ ਦੁਖੜੇ ਬਾਖੂਬ ਬਿਆਨ ਕਰਦੀਆਂ ਹਨ। ਸਾਇਬੇਰੀਆ 'ਚੋਂ ਤੁਰਦੀ ਕੂੰਜ ਦੀ ਕੁਰਲਾਹਟ ਵਾਂਗ ਦਿਲ ਦੀ ਹੂਕ ਬਣ ਕੇ ਨਿਕਲਦੀਆਂ ਆਪ ਮੁਹਾਰੀਆਂ ਇੰਨਾ 'ਕੂਕਾਂ' ਨੂੰ ਜਦ ਬੋਲੀਆਂ ਦੇ ਰੂਪ ਵਿਚ ਗਿੱਧੇ ਸਮੇਂ ਗਾਇਆ ਜਾਂਦਾ ਹੈ ਤਾਂ ਪੁਰਾਣਾ ਸਭਿਆਚਾਰ ਮੁੜ ਸੁਰਜੀਤ ਤਾਂ ਹੁੰਦਾ ਹੀ ਹੈ, ਇਹ ਗੱਲ ਵੀ ਸਾਬਤ ਹੁੰਦੀ ਹੈ ਕਿ ਸਭਿਆਚਾਰ ਉਹੀ ਪ੍ਰਫੁੱਲਤਾ ਹਾਸਲ ਕਰਦਾ ਹੈ ਜੋ ਆਪਣੇ ਦੁੱਖਾਂ ਨੂੰ ਬਿਆਨ ਕਰਦਾ ਹੈ ਤੇ ਔਰਤਾਂ ਤ੍ਰਿਝਣਾਂ, ਤੀਆਂ, ਗਿੱਧਿਆਂ, ਸਿੱਠਣੀਆਂ ਤੇ ਅਨੇਕਾਂ ਹੋਰ ਸਮਿਆਂ 'ਤੇ ਦਿਲਾਂ ਦੇ ਦੁੱਖ ਹੀ ਫ਼ਰੋਲਦੀਆਂ ਹਨ। ਪ੍ਰੋ. (ਡਾ.) ਕਰਮਜੀਤ ਸਿੰਘ ਨੇ ਇਨ੍ਹਾਂ ਬੋਲੀਆਂ ਬਾਰੇ ਬੜੀ ਖੋਜ ਕੀਤੀ ਹੈ ਕਿ ਕਿਸੇ ਸਭਿਆਚਾਰ ਨੂੰ ਚਿਰਜੀਵੀ ਰੱਖਣ ਲਈ ਲੋਕ ਦੁੱਖ ਬਿਆਨ ਕਰਨ ਦਾ ਸੁਰ ਅਤੀ ਜਰੂਰੀ ਹੁੰਦਾ ਹੈ। ਪੰਜਾਬੀ ਸਭਿਆਚਾਰ ਨੂੰ ਐਸੇ ਹੀ ਗੀਤਾਂ ਨੇ ਜੀਊਂਦਾ ਰੱਖਿਆ ਹੈ।

ਕਨੇਡਾ ਦੇ ਸ਼ਹਿਰ ਐਡਿਮੰਟਨ ਵੱਸਦੀ 'ਬਖ਼ਸ਼ ਸੰਘਾ' ਨੇ 'ਸੁਣ ਨੀ ਕੁੜੀਏ ਜਿਊਣ ਜੋਗੀਏ' ਪੁਸਤਕ ਵਿਚ ਪ੍ਰਸਤੁਤ ਬੋਲੀਆਂ ਰਾਹੀਂ ਅਨੇਕਾਂ ਹੋਰ ਸਮਾਜਕ, ਧਾਰਮਕ, ਰਾਜਨੀਤਕ, ਸਾਮਰਾਜ ਦੀਆਂ ਨੀਤੀਆਂ ਤੇ ਤਰੱਕੀ ਪਸੰਦ ਮੁਲਕ ਨੂੰ ਧੀ ਦਾ ਕੁੱਖ ਵਿਚ ਮਾਰਨਾ (ਭਰੂਣ ਹੱਤਿਆ), ਹਰ ਥਾਂ ਪੈਸੇ ਦਾ ਹੀ ਮੁੱਲ, ਭਾਰਤੀ ਜਗੀਰਦਾਰੀ ਸਮਾਰਾਏਦਾਰੀ ਸਮਾਜ ਵਿਚ ਔਰਤ ਹੋਣ ਦੇ ਵਖਰੇ ਦੁੱਖ, ਭਾਰਤੀ ਪੰਜਾਬੀ ਕਿਸਾਨੀ ਦੀ ਹਾਲਤ, ਭਾਰਤੀ ਹੁਕਮਰਾਨਾ ਦੀ ਦੰਭੀ ਵੋਟ ਰਾਜਨੀਤੀ, ਪਤੀ ਦਾ ਸ਼ਰਾਬ ਪੀਣ ਦਾ ਆਦੀ ਜਾਂ ਅਮਲੀ ਹੋ ਜਾਣਾ, ਹਰ ਥਾਂ ਪੈਸਾ ਹੀ ਪ੍ਰਧਾਨ ਹੋਣਾ, ਆਪਣੇ ਹਮਸਫਰ ਦੀ ਸਹੀ ਚੋਣ ਨਾ ਕਰ ਸਕਣਾ, ਮਾਪਿਆਂ ਦੇ ਸਹੇੜੇ ਵਿਆਹ 'ਚ ਊਣਤਾਈਆਂ ਤੇ ਪਿਆਰ ਵਿਆਹ ਦੇ ਸੁਪਨੇ ਤੇ ਦੁੱਖੜੇ, ਨੂੰਹ ਸੱਸ ਦਾ ਰਿਸ਼ਤਾ, ਮੁਲਕਾਂ ਦੇ ਆਪਸੀ ਯੁੱਧ ਤੇ ਆਮ ਲੋਕ, ਅੱਤਵਾਦ, ਅੰਧ-ਵਿਸ਼ਵਾਸ, ਵੋਟ ਰਾਜਨੀਤੀ ਤੇ ਅਖੌਤੀ ਲੋਕ ਰਾਜ, ਪਿਉ-ਧੀ, ਭੈਣ-ਭਰਾ ਤੇ ਹੋਰ ਰਿਸ਼ਤੇਦਾਰਾਂ ਦੇ ਸਬੰਧ, ਨਸ਼ਿਆਂ 'ਚ ਰੁੜਦੀ ਜਵਾਨੀ, ਸਾਰੇ ਦੁੱਖਾਂ ਦੇ ਹੱਲ ਲਈ ਏਕਤਾ ਤੇ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਹੀ ਹੀ ਇਕੋ ਇਕ ਰਾਹ ਅਤੇ ਜ਼ਿੰਦਗੀ ਨੂੰ ਜੈਸੀ ਹੈ ਰੋਣ ਧੋਣ ਦੀ ਥਾਂ ਜਿਉਣ ਦਾ ਵੱਲ ਸਿੱਖਣਾ ਆਦਿ ਹਰ ਸਮੱਸਿਆ ਨੂੰ ਬਖ਼ਸ਼ ਨੇ ਆਪਣੀਆਂ ਕਾਵਿ ਬੋਲੀਆਂ ਰਾਹੀਂ ਪ੍ਰਸਤੁਤ ਕੀਤਾ ਹੈ। ਸ਼ਾਇਦ ਹੀ ਕਿਧਰੇ ਸ਼ਬਦਾਂ ਨੂੰ ਉਚਾਰਨ ਹਿੱਤ ਬੋਲੀ ਨੂੰ ਸੰਗੀਤਕ ਸੁਰ ਅਨੁਸਾਰ ਢਾਲਣ ਲਈ ਇਕ ਅੱਧ ਅੱਖਰ ਨੂੰ ਇਧਰ ਉਧਰ ਕਰਨ ਦੀ ਲੋੜ ਪੈਂਦੀ ਹੈ ਵਰਨਾ ਸਾਰੀਆਂ ਹੀ ਬੋਲੀਆਂ ਗਿੱਧਿਆਂ ਵਿਚ ਬਾਖੂਬ ਗਾਈਆ ਜਾ ਸਕਣ ਦੇ ਐਨ ਸਮਰਥ ਹਨ।

ਬਖਸ਼ ਸੰਘਾ ਨੇ ਜੋ ਕੁਝ ਵੀ ਲਿਖਿਆ ਹੈ ਦਿਲ ਦੀਆਂ ਗਹਿਰਾਈਆਂ ਤੋਂ ਲਿਖਿਆ ਹੈ, ਜ਼ਿੰਦਗੀ ਦੇਹਰ ਪਹਿਲੂ, ਹਰ ਮਸਲੇ ਬਾਰੇ ਲਿਖਿਆ ਹੈ। ਪੁਸਤਕ ਪੜ੍ਹਨ ਯੋਗ ਹੈ। ਪੜ੍ਹਨ ਯੋਗ ਹੀ ਨਹੀਂ ਸਾਂਭਣਯੋਗ ਹੈ ਤੇ ਸਾਂਭਣ ਹੀ ਨਹੀਂ ਗਿੱਧਿਆਂ ਮੇਲਿਆਂ ਤੇ ਹੋਰ ਸਮਾਗਮਾਂ 'ਚ ਗਾਉਣ ਯੋਗ ਵੀ ਹੈ। 'ਅਦਾਰਾ ਨਵੀਂ ਦੁਨੀਆ' ਇਸਨੂੰ ਖਰੀਦ ਕੇ ਪੜ੍ਹਨ ਦੀ ਸਨਿਮਰ ਬੇਨਤੀ ਕਰਦੇ ਹੋਏ 'ਬਖ਼ਸ਼ ਸੰਘਾ' ਦੀ ਪੁਸਤਕ 'ਸੁਣ ਨੀ ਕੁੜੀਏ ਜਿਊਣ ਜੋਗੀਏ' ਦਾ ਅਗਾਂਹਵਧੂ ਲੇਖਣ ਹੋਣ ਦਾ ਪ੍ਰਮਾਣ ਪੇਸ਼ ਕਰਦਾ ਹੈ ਕਿ ਕਿਵੇਂ ਉਹ ਏਕਾ ਉਸਾਰ ਕੇ ਸਾਰੀਆਂ ਬੁਰਾਈਆਂ ਖਿਲਾਫ ਲੜਨਾ ਚਾਹੁੰਦੀ ਹੈ ਤੇ ਇਹ ਸੁਨੇਹਾ ਵੀ ਦੇਂਦੀ ਹੈ ਕਿ ਜ਼ਿੰਦਗੀ ਜਿਊਣ ਲਈ ਹੈ ਸਿਰਫ ਰੋਣ ਧੋਣ ਲਈ ਨਹੀਂ। ਸਰਮਾਏਦਾਰੀ ਸਮਾਜ ਵਿਚ ਹੰਸਾਂ ਨੂੰ ਕਾਗ ਬਣਾ ਦਿਤਾ ਜਾਂਦਾ ਹੈ।

ਹੁਣ ਤਾਂ ਕਾਗ ਵੇ ਮੋਤੀ ਚੁਗਦੇ
ਤੇ ਹੰਸ ਚੁਗੇਂਦੇ ਰੋੜ
ਵੇ ਤੂੰ ਸੁਣ ਹਾਣੀਆਂ ਮੇਰੀ ਝਾਂਜਰ ਦਾ ਸ਼ੋਰ........
-----------------------------------
ਸਾਡੀ ਧਰਤੀ ਸਾਡਾ ਅੰਬਰ ਕਿਉਂ ਪਾਵੇ ਕੋਈ ਪਾੜੇ
ਕਿਉਂ ਕਰ ਕੋਈ ਬਈ ਨਾਲ ਬੰਬਾਂ ਦੇ
ਨਿਰਦੋਸ਼ਾਂ ਨੂੰ ਸਾੜੇ
ਉਠੋ ਭਈ ਸਭ 'ਕੱਠੇ ਹੋ ਕੇ
ਤੋੜ ਦਿਉ ਜੰਜੀਰਾਂ
ਧਰਤੀ ਮਾਂ ਸਭ ਦੀ
ਮੇਟ ਦੇਉ ਲਕੀਰਾਂ ...ਧਰਤੀ ਮਾਂ ਸਭ ਦੀ...

ਇਕ ਵਾਰੀ ਫੇਰ 'ਬਖ਼ਸ਼ ਸੰਘਾ' ਨੂੰ ਪੁਸਤਕ 'ਸੁਣ ਨੀ ਕੁੜੀਏ ਜਿਊਣ ਜੋਗੀਏ' ਲਿਖਣ 'ਤੇ ਤਹਿ ਦਿਲੋਂ ਵਧਾਈ ਤੇ ਅਗਲੀ ਪੁਸਤਕ ਦੀ ਉਡੀਕ ਕਰਦੇ ਹੋਏ ਉਸੇ ਦੀ ਜ਼ਬਾਨੀ ਪਾਠਕਾਂ ਨੂੰ ਸੁਨੇਹਾਂ ਦੇਣਾ ਚਾਹੁੰਦਾ ਹਾਂ :

ਸੁਣ ਨੀ ਕੁੜੀਏ ਜਿਊਣ ਜੋਗੀਏ
ਗੀਤ ਪਿਆਰ ਦੇ ਗਾਈਏ।
ਜਗ ਦੀਆਂ ਗੱਲਾਂ ਜੱਗ ਕੋਲ ਰਹਿ ਜਾਣ
ਜੇਕਰ ਚਿੱਤ ਨਾ ਪਾਈਏ,
ਨੀ ਏਸ ਜਵਾਨੀ ਨੂੰ
ਰੀਝਾਂ ਨਾਲ ਹੰਢਾਈਏ......ਨੀ ਏਸ ਜਵਾਨੀ ਨੂੰ
ਤੇ ਨਾਲ ਹੀ ਬਖਸ਼ ਦਾ ਇਹ ਸੁਨੇਹਾ ਕਿ
ਦਿਲ ਦੇ ਦੀਵੇ ਅਮਲ ਦੀ ਬੱਤੀ
ਖੂਨ ਬਾਲ ਕੇ ਜਗਦੀ,
ਮਹਿੰਦੀ ਸ਼ਗਨਾਂ ਦੀ ਵਾਰ ਵਾਰ ਨਾ ਲਗਦੀ...ਮਹਿੰਦੀ ਸ਼ਗਨਾਂ ਦੀ

PASH DRIVING SCHOOL LTD.
"Learn to drive for LIFE... accident FREE with confidence"
Car Available For Road Test
Lady Instructor
7 Day A Week
Free Pick Up & Drop Off


Jas Badesha
780-908-2296
» Government Approved Insurance Reduction Course.
» Defensive Driving Course.
» Refresher Courses.


» Preparation For Class 7.
» Road Test Preparation.
» Package & Hourly Rates
pashdrivingschool@ymail.com

Shalu Badesha
780-660-3071



ਭਾਰਤੀ ਹਾਕੀ ਟੀਮ 2009 ਵਿਚ ਕੈਨੇਡਾ ਦੌਰੇ ਦੌਰਾਨ ਸਰੀ, ਬੀ.ਸੀ. ਵਿਖੇ ਮੈਚ ਖੇਡਣ ਤੋਂ ਪਹਿਲਾਂ।



# ਮੈਂ ਸੁਭਾਅ ਤੋਂ ਹੀ ਚੁਣੌਤੀਆਂ ਕਬੂਲ ਕਰਨ ਵਾਲਾ ਵਿਅਕਤੀ ਹਾਂ

## ਹਾਕੀ ਉਲੰਪੀਅਨ ਰਮਨਦੀਪ ਸਿੰਘ ਗਰੇਵਾਲ ਨਾਲ ਵਿਸ਼ੇਸ਼ ਮੁਲਾਕਾਤ

ਮੁਲਾਕਾਤੀ :
ਨਵੀਂ ਦੁਨੀਆ ਬਿਊਰੋ
ਐਡਮਿੰਟਨ (ਅਲਬਰਟਾ)

? ਰਮਨਦੀਪ ਜੀ, ਖੇਡਾਂ 'ਚ ਰਾਜਨੀਤੀ ਦਾ ਬੋਲਬਾਲਾ ਹੈ, ਸਿਫਾਰਸ਼ ਦੇ ਜ਼ੋਰ 'ਤੇ ਮਾੜੇ ਖਿਡਾਰੀ ਅੱਗੇ ਆ ਜਾਂਦੇ ਹਨ ਅਤੇ ਚੰਗੇ ਪਿੱਛੇ ਰਹਿ ਜਾਂਦੇ ਹਨ, ਕੀ ਤੁਹਾਨੂੰ ਵੀ ਇਸ ਵਰਤਾਰੇ ਤੋਂ ਕਦੇ ਪ੍ਰਭਾਵਤ ਹੋਣਾ ਪਿਆ?

– ਵਾਹਿਗੁਰੂ ਗਵਾਹ ਹੈ ਕਿ ਜਿੰਨਾ ਵੀ ਖੇਡਿਆ ਹੈ ਹਿੱਕ ਦੇ ਜ਼ੋਰ 'ਤੇ ਖੇਡਿਆ ਹੈ, ਰਾਜਨੀਤੀ ਦੇ ਜ਼ੋਰ 'ਤੇ ਨਹੀਂ। ਆਪਣੀ ਖੇਡ ਪਾਰੀ ਦੌਰਾਨ ਸਿਰਫ ਦੋ ਕੁ ਮੈਚਾਂ ਵਿਚ ਅੱਧੇ ਅੱਧੇ ਸਮੇਂ ਲਈ ਬਾਹਰ ਬਹਿਣਾ ਪਿਆ, ਪਰ 70-70 ਮਿੰਟ ਦੇ ਗਹਿਗੱਚ ਮੈਚ ਵੀ ਖੇਡੇ ਹਨ, ਹੁਣ ਤਾਂ ਹਾਕੀ ਹੋਰ ਵੀ ਤੇਜ਼ ਹੋ ਗਈ ਹੈ। ਮੈਂ 200 ਸੁਪਰ ਹਾਕੀ ਮੈਚ ਖੇਡੇ ਹਨ ਅਤੇ ਖੇਡ ਪਾਰੀ ਦੌਰਾਨ ਮੈਨੂੰ ਕਦੇ ਰੈਸਟ ਕਰਨ ਦਾ ਮੌਕਾ ਨਹੀਂ ਮਿਲਿਆ। ਮੈਂ 28 ਸਾਲ ਦਾ ਸੀ ਜਦੋਂ ਹਾਕੀ ਖੇਡਣੀ ਛੱਡ 'ਤੀ, ਇਹ ਰਾਜਨੀਤੀ ਤੋਂ ਕਿਨਾਰਾਕਸ਼ੀ ਦਾ ਹੀ ਸੱਬਬ ਸੀ। ਮਾਂ-ਬਾਪ ਦੀ ਵੀ ਇਹੋ ਪ੍ਰੇਰਨਾ ਸੀ ਕਿ ਆਪਣਾ ਕੰਮ ਲਗਨ ਨਾਲ ਕਰੋ।

? ਖੇਡ ਕੈਰੀਅਰ ਦੌਰਾਨ ਵਾਪਰੀ ਕੋਈ ਦਿਲਚਸਪ ਘਟਨਾ ਜਾਂ ਯਾਦਗਾਰੀ ਪਲ?

– ਦੇਸ਼ ਲਈ ਖੇਡਦਾ ਤੇ ਮਾਣ ਪ੍ਰਾਪਤ ਕਰਦਾ ਆਇਆ ਹਾਂ, ਏਸ਼ੀਅਨ ਹਾਕੀ ਗੇਮ ਨਾ ਜਿੱਤੇ ਹੁੰਦੇ ਤਾਂ ਮੇਰਾ ਇਤਿਹਾਸ ਸ਼ਾਇਦ ਕੋਈ ਹੋਰ ਹੁੰਦਾ। ਮੇਰੀ ਪੜ੍ਹਨ ਲਿਖਣ ਦੀ ਰੁਚੀ ਦੇਖਕੇ ਮੈਨੂੰ ਆਈ.ਜੀ. ਪੁਲਿਸ ਸ. ਮਹਿਲ ਸਿੰਘ ਭੁੱਲਰ ਨੇ ਸਿਵਲ ਸਰਵਿਸਜ਼ ਦੀ ਤਿਆਰੀ ਲਈ ਪ੍ਰੇਰਿਤ ਕੀਤਾ, ਸਮਾਂ ਵੀ ਦਿਤਾ। 1998 ਦੀਆਂ ਏਸ਼ੀਅਨ ਗੇਮਜ਼ ਜਿੱਤਣ ਤੋਂ ਬਾਅਦ ਫਿਰ ਆਪਣਾ ਡੀ.ਐਸ.ਪੀ. ਹੋਣਾ ਹੀ ਠੀਕ ਲੱਗਣ ਲੱਗ ਪਿਆ। 1996 ਐਟਲਾਂਟਾ ਉਲੰਪਿਕ ਬਾਅਦ ਵਿਸ਼ਵ ਇਲੈਵਨ ਟੀਮ ਚੁਣੀ ਗਈ ਤਾਂ ਮੈਨੂੰ ਇਸ ਟੀਮ ਲਈ ਚੁਣਿਆ ਗਿਆ। ਟੀਮ 'ਚ ਹੋਰ ਵੀ ਧੁਰੰਤਰ ਖਿਡਾਰੀ ਸਨ ਪਰ ਭਾਰਤੀ ਖਿਡਾਰੀਆਂ 'ਚੋਂ ਇਹ ਮਾਣ ਮੈਨੂੰ ਪ੍ਰਾਪਤ ਹੋਇਆ...ਇਦਾਂ ਦੀਆਂ ਗੱਲਾਂ ਹੀ ਹੁੰਦੀਆਂ ਹਨ ਜਿਨ੍ਹਾਂ ਨੂੰ ਕੋਈ ਖਿਡਾਰੀ ਦਿਲਚਸਪ ਘਟਨਾਵਾਂ ਦੇ ਰੂਪ ਵਿਚ ਮਾਣਦਾ ਹੈ।

? ਕੀ 'ਵਰਲਡ ਇਲੈਵਨ' ਲਈ ਚੁਣੇ ਜਾਣ ਪਿੱਛੇ ਤੁਹਾਡੀ ਕੋਈ ਖਾਸ ਤਕਨੀਕ ਸੀ?

– ਨਹੀਂ, ਚੋਣਕਾਰਾਂ ਨੇ ਇਸ ਟੂਰਨਾਮੈਂਟ ਦੌਰਾਨ ਵੱਖ ਵੱਖ ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਗਹੁ ਨਾਲ ਵਾਚਣ ਤੋਂ ਬਾਅਦ ਦੇਖਣਾ ਹੁੰਦਾ ਹੈ ਕਿ ਦੁਨੀਆ ਦਾ ਕਿਹੜਾ ਖਿਡਾਰੀ ਕਿਸ ਸਾਈਡ 'ਤੇ ਸਭ ਤੋਂ ਵਧੀਆ ਖੇਡਦਾ ਹੈ। ਮੈਂ ਲੈਫਟ ਹਾਫ ਤੇ ਖੇਡਦਾ ਸੀ ਅਤੇ ਮੈਨੂੰ ਲਗਦਾ ਹੈ ਕਿ ਐਂਟਲਾਂਟਾ ਉਲੰਪਿਕ ਟੂਰਨਾਮੈਂਟ ਦੌਰਾਨ ਮੇਰਾ ਪ੍ਰਦਰਸ਼ਨ ਚੋਣਕਾਰਾਂ ਨੂੰ ਵਧੀਆ ਲੱਗਿਆ।

? ਤੁਸੀਂ ਕਿੰਨਾ ਸਮਾਂ ਕੌਮਾਂਤਰੀ ਪੱਧਰ ਦੀ ਹਾਕੀ ਖੇਡੀ?

– 1994 ਤੋਂ ਸ਼ੁਰੂ ਕਰ ਕੇ ਲਗਭਗ ਸਾਢੇ 6 ਸਾਲ।

? ਤੁਹਾਡੇ ਮੇਜਰ ਟੂਰਨਾਮੈਂਟ ਕਿਹੜੇ ਰਹੇ।

– 1996 ਐਂਟਲਾਂਟਾ ਉਲੰਪਿਕ, 1998 ਹਾਲੈਂਡ ਵਿਸ਼ਵ ਕੱਪ, 1998 ਬੈਂਕਾਕ ਏਸ਼ੀਅਨ ਖੇਡਾਂ, 1998 ਕੁਆਲਾਲੰਪੁਰ ਕਾਮਨਵੈਲਥ ਖੇਡਾਂ ਤੇ 2000 ਸਿਡਨੀ ਉਲੰਪਿਕ ਕੁਝ ਗਿਣਨਯੋਗ ਟੂਰਨਾਮੈਂਟ ਹਨ।

? ਬਿਲਕੁਲ ਹੇਠਲੇ ਪੱਧਰ ਤੋਂ ਉਠ ਕੇ ਸਫਲਤਾ ਦੀ ਟੀਸੀ 'ਤੇ ਪਹੁੰਚਦਿਆਂ ਤੁਹਾਨੂੰ ਕੁਝ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ ਹੋਵੇਗਾ।

– ਔਕੜਾਂ ਦਾ ਸਾਹਮਣਾ ਹਰ ਬੰਦੇ ਨੂੰ ਕਰਨਾ ਪੈਂਦਾ ਹੈ। ਔਕੜਾਂ 'ਤੇ ਕਾਬੂ ਪਾ ਕੇ ਹੀ ਪ੍ਰਾਪਤੀਆਂ ਹੁੰਦੀਆਂ ਹਨ, ਜਿਵੇਂ ਕਿ ਅੰਗਰੇਜ਼ੀ ਦੀ ਇਕ ਕਹਾਵਤ ਵੀ ਹੈ 'ਨੋ ਪੇਨ, ਨੋ ਗੇਨ'। ਮੈਂ ਸੁਭਾਅ ਤੋਂ ਹੀ ਚੁਣੌਤੀਆਂ ਕਬੂਲ ਕਰਨ ਵਾਲਾ ਵਿਅਕਤੀ ਹਾਂ, ਨਾਲੇ ਜੋ ਔਕੜਾਂ ਨਾਲ ਲੜਦਾ ਹੈ, ਉਹੀ ਵਿਅਕਤੀ ਸਕਸੈਸਫੁੱਲ ਹੁੰਦਾ ਹੈ। ਪੰਜਾਬ ਪੁਲੀਸ ਵਿਚ ਡੀ.ਐਸ.ਪੀ. ਹੁੰਦਿਆਂ ਵੀ ਤੇ ਹੁਣ ਟੈਕਨੀਕਲ ਡਾਇਰੈਕਟਰ ਹੁੰਦਿਆ ਵੀ ਮੈਂ ਔਕੜਾਂ ਨਾਲ ਲੜਨ ਵਾਲਾ ਰਾਹ ਹੀ ਅਪਣਾਇਆ। ਆਪਣੇ ਇਸ ਸੁਭਾਅ ਸਦਕਾ ਹੀ ਮੈਂ ਆਪਣੇ ਆਪ ਨੂੰ ਹਰ ਥਾਂ ਸਰਵਾਈਵ ਰੱਖ ਸਕਿਆਂ ਹਾਂ। ਪਹਿਲੇ ਨੈਸ਼ਨਲ ਕੈਂਪ ਵਿਚ ਹੀ ਮੈਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਇਹ ਚੁਣੌਤੀ ਫਿਟਨੈੱਸ ਦੀ ਸੀ। ਮੇਰੀ ਸਕੂਲ ਵਿਚ ਕੋਈ ਪ੍ਰੋਫੈਸ਼ਨਲ ਟਰੇਨਿੰਗ ਨਹੀਂ ਸੀ ਹੋਈ, ਇਸ ਕਰ ਕੇ ਮੇਰੀ ਖੇਡ ਦਾ ਫਿਟਨੈੱਸ ਵਾਲਾ ਪੱਖ ਅਣਗੌਲਿਆ ਹੀ ਰਹਿ ਗਿਆ। ਕਾਲਜ ਪੱਧਰ 'ਤੇ ਵੀ ਇਹੋ ਸਥਿਤੀ ਰਹੀ। 1992 'ਚ ਨੈਸ਼ਨਲ ਕੈਂਪ ਦੀ ਤਿਆਰੀ ਦੌਰਾਨ ਸ. ਹਰਬੰਸ ਸਿੰਘ ਨੇ ਵੇਟ ਲਿਫਟਿੰਗ ਕਰਵਾਈ, ਗੋਡੇ ਦੁਖਣ ਲੱਗ ਪਏ, ਬੁਖਾਰ ਚੜ੍ਹਦਾ ਰਿਹਾ, ਪੀੜ ਨਾਲ ਜੂਝਦਾ ਰਿਹਾ ਪਰ ਪ੍ਰੈਕਟਿਸ ਵਿਚੋਂ ਗੈਰ ਹਾਜ਼ਰ ਨਹੀਂ ਹੋਇਆ। ਕੰਮ ਮੁਸ਼ਕਲ ਸੀ, ਪਰ ਸੋਚਿਆ ਕਿ ਚਲੋ ਕੀ ਹੋਜੂ ? ਸਰੀਰ ਹੀ ਹੈ, ਮਰਨ ਤਾਂ ਨੀਂ ਲੱਗੇ। ਹੌਲੀ ਹੌਲੀ ਸਰੀਰ ਸਭ ਕੁਝ ਸਹਿਣ ਕਰਨ ਲੱਗ ਪਿਆ। ਸਾਡੇ ਵੇਲੇ ਸਰੀਰਕ ਪੱਖ ਨੂੰ ਜਾਂਚਣ ਦੇ ਸੈਂਟ ਪੈਟਰਨ ਨਹੀਂ ਸਨ। ਮੇਰੇ ਵਰਗੇ ਪੜ੍ਹਾਈ ਲਿਖਾਈ ਵਿਚ ਚੰਗੀ ਦਿਲਚਸਪੀ ਰੱਖਣ ਵਾਲੇ ਲਈ ਸਰੀਰਕ ਫਿਟਨੈੱਸ ਦਾ ਪੱਖ ਕੁਝ ਜ਼ਿਆਦਾ ਹੀ ਔਖਾ ਸੀ। ਜਿਵੇਂ ਕਿ ਮੈਂ ਤੁਹਾਨੂੰ ਦੱਸਿਆ ਕਿ ਮੈਂ ਪੀ.ਏ.ਯੂ. ਦੀ ਪ੍ਰੋਡਕਟ ਸੀ। ਸਮੈਸਟਰ ਸਿਸਟਮ ਲਾਗੂ ਸੀ, ਕੈਂਪ ਤੋਂ ਆਉਂਦਿਆਂ ਹੀ ਪੜ੍ਹ ਕੇ ਪੇਪਰ ਦੇਣੇ ਪੈਂਦੇ ਸਨ। ਰੁਟੀਨ ਬਦਲ ਜਾਂਦਾ ਸੀ ਤੇ ਮੁੜ ਕੇ ਜਦੋਂ ਦੁਬਾਰਾ ਕੈਂਪ ਵਿਚ ਜਾਂਦਾ ਸਾਂ ਤਾਂ ਫਿਰ ਔਖਾ ਹੋਣਾ ਪੈਂਦਾ ਸੀ। ਪਰ .... ਫੇਰ ਤਾਂ ਜਿਵੇਂ ਸਰੀਰ ਨੂੰ ਗੇਝ ਹੀ ਪੈ ਗਈ, ਸਰੀਰ ਨਵੀਆਂ ਲੋੜਾਂ ਮੁਤਾਬਕ ਢਲ ਗਿਆ।

? ਚੜ੍ਹਦੀ ਕਲਾ ਵਾਲੀਆਂ ਘਟਨਾਵਾਂ ਤਾਂ ਤੁਸੀਂ ਬਿਆਨ ਕੀਤੀਆਂ, ਕਦੇ ਕੋਈ ਉਪਰਾਮਤਾ ਵੀ ਹੋਈ ਹੋਵੇ ਤੇ ਸੋਚਿਆ ਹੋਵੇ ਕਿ ਚਲੋ ਛੱਡੋ ਹਾਕੀ 'ਚ ਕੀ ਪਿਆ?

– ਕਈ ਵਾਰ ਇਉਂ ਵਾਪਰਿਆ, ਮੁਢਲੇ ਕੈਰੀਅਰ ਦੌਰਾਨ ਸੁਧਾਰ ਕਾਲਜ ਵਿਚ ਪੜ੍ਹਦਿਆਂ ਇਕ ਹਾਕੀ ਟਰਾਇਲ ਵਿਚ ਸਾਡੇ ਕੋਚ (ਨਾਂ ਕੀ ਲੈਣਾ ) ਨੇ ਇਕ ਅਜਿਹੀ ਟਿਪਣੀ ਕੀਤੀ ਕਿ ਮੇਰੀ ਚੋਣ ਐਨ ਆਖਰੀ ਮੌਕੇ 'ਤੇ ਕੈਂਸਲ ਹੋ ਗਈ, ਮੈਂ ਸੋਚਿਆ ਚਲੋ ਛੱਡੋ ਪਰ੍ਹੇ। ਮੈਂ ਮੁੜਕੇ ਸੁਧਾਰ ਕਾਲਜ ਹੀ ਨਹੀਂ ਗਿਆ ਤੇ ਪੀ.ਏ.ਯੂ. ਦਾਖਲਾ ਲੈ ਲਿਆ। ਇਸੇ ਤਰ੍ਹਾਂ ਮੈਨੂੰ ਕੌਮੀ ਕੈਂਪ 'ਚ ਤਾਂ ਬੁਲਾ ਲਿਆ ਜਾਂਦਾ ਪਰ ਮੇਰੀ ਸਪੀਡ ਨੂੰ ਲੈ ਕੇ ਟੀਮ 'ਚੋਂ ਬਾਹਰ ਰੱਖਿਆ ਜਾਂਦਾ। ਨਿਰਾਸ਼ ਹੋ ਕੇ ਇਕ ਵਾਰ ਮੈਂ ਆਪਣਾ ਸਾਮਾਨ ਬੰਨ੍ਹਿਆ ਤੇ ਚੱਲੋ ਛੱਡੋ ਪਰ੍ਹਾਂ ਆਖ ਕੈਂਪ 'ਚੋਂ ਆਪਣੀ ਬਾਈਕ 'ਤੇ ਨਿਕਲਣ ਹੀ ਲੱਗਾ ਸੀ ਕਿ ਬਾਹਰ ਉਲੰਪਿਅਨ ਸੁਖਜੀਤ ਸਿੰਘ ਲਵਲੀ, ਬਲਵੰਤ ਸਿੰਘ ਆਦਿ ਖੜ੍ਹੇ ਸਨ। ਮੈਂ ਉਨ੍ਹਾਂ ਕੋਲ ਰਿਸ਼ਤੇਦਾਰੀ ਵਿਚ ਜਾਣ ਦਾ ਬਹਾਨਾ ਮਾਰਿਆ ਪਰ ਉਹ ਕਹਿੰਦੇ ਚੱਲ ਕਸੌਲੀ ਚਲਦੇ ਹਾਂ। ਸੋ, ਇਹ ਮੌਕਾ ਵੀ ਟਲ ਗਿਆ।

ਇਸ ਤੋਂ ਅਗਲੇ ਕੈਂਪ 'ਚ ਕੋਚ ਡਿਸੂਜ਼ਾ ਨੇ ਮੈਨੂੰ ਟੀਮ 'ਚ ਸ਼ਾਮਲ ਕਰ ਲਿਆ ਅਤੇ ਕਮਾਲ ਦੀ ਗੱਲ ਹੈ ਕਿ ਇਕ ਮੈਚ ਖੇਡਣ ਮਗਰੋਂ ਉਹੀ ਕੋਚ ਨੇ ਮੈਨੂੰ ਭਾਰਤੀ ਟੀਮ ਦਾ ਅਗਲਾ ਕਪਤਾਨ ਐਲਾਨਣਾ ਸ਼ੁਰੂ ਕਰ ਦਿਤਾ ਅਤੇ ਮਨ ਦੀ ਹਾਲਤ ਮੁੜ 'ਛੱਡੋ ਪਰ੍ਹਾਂ' ਵਾਲੀ ਹੋਣੋਂ ਟਲ ਗਈ। ਜਦੋਂ ਚਾਂਸ ਮਿਲਿਆ ਤਾਂ ਫਿਰ ਚੱਲ ਸੋ ਚੱਲ ਹੋ ਗਈ। ਹਰ ਕੌਮੀ ਟੀਮ ਦਾ ਮੈਂਬਰ ਐਲਾਨਿਆ ਜਾਣ ਲੱਗਾ ਐਂਟਲਾਂਟਾ ਉਲੰਪਿਕ ਲਈ ਚੁਣਿਆ ਗਿਆ... ਜ਼ਿੰਦਗੀ 'ਚ ਉਤਰਾਅ ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ।

? ਤੁਹਾਡੇ ਸਮੇਂ ਹਾਕੀ 'ਚ ਕੀ-ਕੀ ਉਤਰਾਅ ਚੜ੍ਹਾਅ ਆਏ। ਕੀ ਕਦੇ ਟੀਮ ਰਾਜਨੀਤੀ ਦਾ ਸ਼ਿਕਾਰ ਵੀ ਹੋਈ।

1996 'ਚ ਜਿਹੜੀ ਭਾਰਤੀ ਟੀਮ ਖੇਡੀ ਉਹ ਬਹੁਤ ਵਧੀਆ ਸੀ, ਦੁਨੀਆ ਦੀ ਹਰ ਟੀਮ 'ਤੇ ਉਸ ਦੀ ਧਾਂਕ ਸੀ ਪਰ ਇਹ ਟੀਮ ਅੱਗੇ ਨਾ ਜਾ ਸਕੀ, ਰਾਜਨੀਤੀ ਦਾ ਸ਼ਿਕਾਰ ਹੋ ਗਈ। ਦਰਅਸਲ, ਖਿਡਾਰੀ ਤਿਆਰ ਕਰਨ ਨੂੰ ਸਮਾਂ ਨਹੀਂ ਲਗਦਾ ਪਰ ਟੀਮ ਤਿਆਰ ਕਰਨ ਨੂੰ ਸਮਾਂ ਲਗਦਾ ਹੈ। ਇਹ ਟੀਮ ਵਧੀਆ ਪ੍ਰਫਾਰਮ ਕਰ ਰਹੀ ਸੀ, ਜੇਕਰ ਇਸ ਨੂੰ ਚੰਗੇ ਕੋਚ ਮਿਲਦੇ ਤਾਂ ਇਸ ਟੀਮ ਨੇ ਚੰਗੀਆਂ ਪ੍ਰਾਪਤੀਆਂ ਕਰਨੀਆ ਸਨ। ਇਸ ਤੋਂ ਮਗਰੋਂ ਹਾਕੀ ਨੇ 2003 ਵਿਚ ਫਿਰ ਅੰਗੜਾਈ ਲਈ ਜਦੋਂ ਦੀਪਕ,ਜੁਗਰਾਜ,ਗਗਨ ਅਜੀਤ,ਪ੍ਰਭਜੋਤ,ਦਲੀਪ ਟਿਰਕੀ ਆਦਿ ਖਿਡਾਰੀ ਉਭਰੇ ਪਰ ਬਦਕਿਸਮਤੀ ਨਾਲ ਇਹ ਬੈਚ ਵੀ ਖਰਾਬ ਹੋ ਗਿਆ।

? ਕੀ ਹਾਕੀ ਦੇ ਮਾਮਲੇ 'ਚ ਪੰਜਾਬ ਨਾਲ ਕੋਈ ਖੇਤਰੀ ਵਿਤਕਰਾ ਹੋਇਆ ਹੈ?

– ਇਕ ਸਮੇਂ ਅਸੀਂ ਭਾਰਤੀ ਹਾਕੀ ਟੀਮ ਵਿਚੋਂ ਟੋਟਲੀ ਬਾਹਰ ਸੀ , ਇਹ ਸ਼ਾਇਦ ਸਭ ਤੋਂ ਮਾੜੀ ਟੀਮ ਸੀ, ਪੰਜਾਬੀਆਂ 'ਚ ਹੋਰ ਕੁਝ ਹੋਵੇ ਨਾ ਹੋਵੇ ਲੜਨ ਦੀ ਸਪਿਰਟ ਤਾਂ ਜ਼ਰੂਰ ਹੈ, ਜਿਸ ਕਾਰਨ ਟੀਮ ਦਾ ਹੌਸਲਾ ਪਸਤ ਨਹੀਂ ਹੁੰਦਾ। ਅਸੀਂ ਪੰਜਾਬੀ ਖਿਡਾਰੀ ਆਪਸ ਵਿਚ ਵੀ ਬਥੇਰਾ ਲੜ ਲੈਂਦੇ ਹਾਂ, ਮੈਂ ਤੇ ਬਲਜੀਤ ਢਿਲੋਂ ਬਹੁਤ ਲੜਦੇ ਰਹਿੰਦੇ ਸਾਂ, ਫਿਰ ਗਰਾਊਂਡ ਤੋਂ ਬਾਹਰ ਸਹਿਜ ਹੋ ਜਾਂਦੇ ਸਾਂ .... ਲੜਨ ਦੀ ਸਮਰਥਾ ਸਾਡੇ ਲਹੂ 'ਚ ਹੈ।

? ਤੁਸੀਂ ਖੇਡਾਂ 'ਚ ਰਾਜਨੀਤੀ ਦੀ ਗੱਲ ਕੀਤੀ, ਕੋਚਿੰਗ ਦੀ ਗੱਲ ਕੀਤੀ, ਖੇਡ ਵਿਭਾਗਾਂ ਦੇ ਮੁਖੀ ਸਿਆਸਤਦਾਨ ਤੇ ਅਫ਼ਸਰਸ਼ਾਹ ਥਾਪ ਦਿਤੇ ਜਾਂਦੇ ਹਨ, ਇਨ੍ਹਾਂ ਤੋਂ ਤਾਂ ਆਸ ਹੀ ਕੀ ਰੱਖੀ ਜਾ ਸਕਦੀ ਹੈ, ਪੰਜਾਬ ਖੇਡ ਵਿਭਾਗ ਦੇ ਮੁਖੀ ਜਦੋਂ ਪਦਮ ਸ੍ਰੀ ਕਰਤਾਰ ਸਿੰਘ ਜਾਂ ਹਾਕੀ ਸਟਾਰ ਸ. ਪ੍ਰਗਟ ਸਿੰਘ ਬਣੇ ਤਾਂ ਕੀ ਇਨ੍ਹਾਂ ਵਿਭਾਗਾਂ ਦੀ ਕਾਰਗੁਜ਼ਾਰੀ ਵਿਚ ਕੋਈ ਜ਼ਿਕਰਯੋਗ ਤਬਦੀਲੀ ਆਈ?

– ਸ੍ਰੀ ਕਰਤਾਰ ਸਿੰਘ ਦੇ ਵੇਲੇ ਦੀ ਮੈਨੂੰ ਕੋਈ ਬਹੁਤੀ ਜਾਣਕਾਰੀ ਨਹੀਂ ਕਿਉਂਕਿ ਉਦੋਂ ਮੈਂ ਮੇਰਾ ਧਿਆਨ ਖੇਡ ਵੱਲ ਹੀ ਜ਼ਿਆਦਾ ਕੇਂਦਰਿਤ ਸੀ। ਹਾਂ, ਸ. ਪ੍ਰਗਟ ਸਿੰਘ ਦੇ ਡਾਇਰੈਕਟਰ ਬਣਨ ਨਾਲ ਬਹੁਤ ਕੁਝ ਬਦਲਿਆ, ਉਨ੍ਹਾਂ ਨੇ ਅਜਿਹੇ ਕੰਮ ਕੀਤੇ ਜਿਨ੍ਹਾਂ 'ਤੇ ਮਾਣ ਕੀਤਾ ਜਾ ਸਕਦਾ ਹੈ। ਸ. ਪ੍ਰਗਟ ਸਿੰਘ ਨੇ ਵਿਦਿਅਕ ਸੰਸਥਾਵਾਂ ਵਿਚ ਕਾਫੀ ਸਮੇਂ ਤੋਂ ਬੰਦ ਪਏ ਖੇਡ-ਵਿੰਗਾਂ ਨੂੰ ਮੁੜ ਚਾਲੂ ਕਰਵਾਇਆ। ਖਿਡਾਰੀਆਂ ਲਈ ਖੁਰਾਕ ਭੱਤੇ ਦੀ ਰਕਮ ਦੁੱਗਣੀ ਕਰ ਦਿਤੀ। ਪੰਜਾਬ ਸਰਕਾਰ ਕੋਲੋਂ ਫੰਡਜ਼ ਲੈ ਕੇ 5000 ਹਾਕੀਆਂ/ਗੇਂਦਾਂ ਅਤੇ ਖੇਡ ਕਿੱਟਾਂ ਅਤੇ 68 ਗੋਲਕੀਪਰ ਕਿੱਟਾਂ ਖਿਡਾਰੀਆਂ ਨੂੰ ਮੁਫ਼ਤ ਮੁਹੱਈਆ ਕਰਵਾਈਆਂ। ਹੋਰ ਗੇਮਾਂ ਲਈ ਵੀ ਲੋੜੀਂਦਾ ਸਾਜ਼ੋ ਸਮਾਨ ਮੁਹੱਈਆ ਕਰਵਾਇਆ। ਕੋਚਾਂ ਦੀ ਭਰਤੀ ਵੀ ਕਰਵਾਈ, ਵੱਡਾ ਕਦਮ ਇਹ ਚੁੱਕਿਆ ਕਿ ਆਪੋ ਆਪਣੀ ਗੇਮ ਦੇ ਨਾਮਵਰ ਖਿਡਾਰੀਆਂ ਨੂੰ ਸਬੰਧਤ ਗੇਮਾਂ ਦੇ ਵਿਭਾਗਾਂ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਜਿਵੇਂ ਕਿ ਸੱਜਣ ਸਿੰਘ ਚੀਮਾਂ ਨੂੰ ਬਾਸਕਟਬਾਲ ਦਾ, ਸੁਖਬੀਰ ਗਰੇਵਾਲ ਨੂੰ ਹਾਕੀ,ਸੁਖਪਾਲ ਸਿੰਘ ਨੂੰ ਵਾਲੀਵਾਲ ਦਾ, ਐਥਲੈਟਿਕਸ ਦਾ.... ਮੈਨੂੰ ਨਾ ਨਹੀਂ ਯਾਦ ਆ ਰਿਹਾ, ਬਾਕਸਿੰਗ ਦਾ ਜੈਪਾਲ ਸਿੰਘ ਨੂੰ। ਨਵੇਂ 6 ਐਸਟਰੋਟਰਫ ਹਾਕੀ ਗਰਾਊਂਡ ਤਿਆਰ ਕਰਵਾਏ। ਪਰ ਅਜੇ ਵੀ ਮੇਰਾ ਮੰਨਣਾ ਹੈ ਕਿ ਕੋਚਾਂ ਦੀ ਘਾਟ ਹੈ ਅਤੇ ਕੋਚਾਂ ਦੀ ਘਾਟ ਕਾਰਨ ਬੁਨਿਆਦੀ ਢਾਂਚੇ ਦੇ ਸੁਧਾਰ ਵੀ ਬੇਮਾਅਨਾ ਹੋ ਜਾਂਦੇ ਹਨ।

? ਪਰ 65 ਦੇ ਪਾਠਕ੍ਰਮ ਦੀ ਪ੍ਰੋਡਕਟ ਪੁਰਾਣੀ ਭਾਂਤ ਦੇ ਕੋਚ ਵੀ ਖੇਡਾਂ ਦਾ ਕੀ ਸੁਆਰਣਗੇ?

– ਕੋਚ ਤਿਆਰ ਕਰਨ ਵਾਲੀ ਸੰਸਥਾ ਨੂੰ ਵਾਰ ਵਾਰ ਕੋਚਿੰਗ ਕੋਰਸਾਂ ਦੇ ਨਵੀਨੀਕਰਨ ਦੇ ਪ੍ਰਸਤਾਵ ਭੇਜੇ ਜਾ ਰਹੇ ਹਨ, ਚੰਗੇ ਨਤੀਜਿਆਂ ਦੀ ਆਸ ਤਾਂ ਕੀਤੀ ਹੀ ਜਾ ਸਕਦੀ ਹੈ।

? ਐਨ.ਆਈ.ਐਸ. ਦੀ ਗੱਲ ਤਾਂ ਛੱਡੋ, ਪੰਜਾਬ ਦੀ ਖੇਡ ਨੀਤੀ ਵੀ ਇਸ ਦਿਸ਼ਾ 'ਚ ਕੋਈ ਪ੍ਰਗਤੀ ਕਰਦੀ ਦਿਖਾਈ ਨਹੀਂ ਦਿੰਦੀ, ਉਂਝ ਤਾਂ ਪੰਜਾਬ ਦੀ ਕੋਈ ਖੇਡ ਨੀਤੀ ਹੀ ਨਹੀ ਹੈ?

-ਮੈਂ ਤੁਹਾਡੇ ਨਾਲ ਸਹਿਮਤ ਹਾਂ, ਆਸ ਸੀ ਕਿ ਨਵੀਂ ਵਿਧਾਨ ਸਭਾ ਚੋਣ ਤੋਂ ਪਹਿਲਾਂ ਨੀਤੀ ਬਣ ਜਾਵੇਗੀ, ਪਰ ਹੁਣ ਤਾਂ ਕੰਮ ਵਿਚ ਹੀ ਰਹਿ ਗਿਆ ਜਾਪਦਾ ਹੈ।

? ਖੇਡ ਐਸੋਸੀਏਸ਼ਨਾਂ ਵਿਚ ਇਸ ਸਮੇਂ ਪਰਿਵਾਰਾਂ, ਅਫਸਰਾਂ ਤੇ ਧੜੇਬੰਦੀਆਂ ਦਾ ਬੋਲਬਾਲਾ ਹੈ, ਇਸ ਦਾ ਕੀ ਪ੍ਰਭਾਵ ਪੈ ਰਿਹਾ ਹੈ?

– ਅਸੀਂ ਅੱਜ ਉਸ ਕਗਾਰ 'ਤੇ ਖੜ੍ਹੇ ਹਾਂ ਜਿੱਥੇ ਧੜੇਬੰਦੀਆਂ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ ਤੇ ਖੇਡ ਵਿੱਚ ਖ਼ਲਾਅ ਪੈਦਾ ਹੋ ਗਿਆ ਹੈ। ਖਿਡਾਰੀ ਨੂੰ ਸਮਝ ਨਹੀਂ ਪੈਂਦੀ ਕਿ ਉਹ ਕਿਸ ਧੜੇ ਨਾਲ ਖੜੇ, ਉਹ ਦੋਚਿੱਤੀ ਵਿਚ ਰਹਿੰਦੇ ਹਨ। ਇਹ ਚੀਜ਼ਾਂ ਛੇਤੀ ਹੱਲ ਹੋਣੀਆਂ ਚਾਹੀਦੀਆਂ ਹਨ। ਖੇਡਾਂ ਦੇ ਪ੍ਰਬੰਧਨ ਦੀ ਇਕੋ ਬਾਡੀ ਹੋਣੀ ਚਾਹੀਦੀ ਹੈ। ਖੇਡ ਦਾ ਨੌਕਰੀ ਜਾਂ ਕੈਰੀਅਰ 'ਚ ਫਾਇਦਾ ਮਿਲਣਾ ਵੀ ਨਿਸ਼ਚਿਤ ਹੋਣਾ ਚਾਹੀਦਾ ਹੈ। ਖੇਡ 'ਚੋਂ ਖਿਡਾਰੀ ਨੂੰ ਚਾਰ ਪੈਸੇ ਮਿਲਣੇ ਚਾਹੀਦੇ ਹਨ, ਤਾਂ

ਹੀ ਮਾਪੇ ਆਪਣੇ ਬੱਚੇ ਨੂੰ ਖੇਡਾਂ ਵੱਲ ਭੇਜਣਗੇ। ਜੇਕਰ ਖਿਡਾਰੀ ਨੂੰ ਮਗਰੋਂ ਰੋਟੀ ਲਈ ਧੱਕੇ ਖਾਣੇ ਪੈਣ ਤਾਂ ਖੇਡਾਂ ਪ੍ਰਤੀ ਲੋਕਾਂ ਦਾ ਉਤਸ਼ਾਹ ਖਤਮ ਹੀ ਹੋਵੇਗਾ। ਖੇਦ ਦੀ ਗੱਲ ਹੈ ਕਿ ਨੌਕਰੀਆਂ ਖਤਮ ਹੋ ਰਹੀਆਂ ਹਨ, ਪੰਜਾਬ ਪੁਲਿਸ, ਰੇਲਵੇ ਕਿਸੇ ਪਾਸੇ ਵੀ ਕੋਈ ਭਰਤੀ ਨਹੀਂ ਹੋ ਰਹੀ।

? ਤਕਨੀਕੀ ਤਬਦੀਲੀਆਂ, ਨੇਮਾਂ, ਸਾਜ਼ ਸਾਮਾਨ (ਨਵੇਂ) ਦੇ ਸਨਮੁੱਖ ਤੁਸੀਂ ਭਾਰਤੀ ਹਾਕੀ ਨੂੰ ਕਿਸ ਸਥਿਤੀ 'ਚ ਖ਼ਿਆਲ ਕਰਦੇ ਹੋ?

– ਅਸੀਂ ਤਬਦੀਲੀਆਂ ਦੇ ਓਹਲੇ 'ਚ ਆਪਣੀਆਂ ਨਕਾਮੀਆਂ ਛੁਪਾਉਣ ਦਾ ਯਤਨ ਕਰਦੇ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਹਾਕੀ ਬਹੁਤ ਤੇਜ਼ ਹੋ ਗਈ ਹੈ। ਸ. ਪ੍ਰਿਥੀਪਾਲ ਸਿੰਘ ਦੀ ਹਿੱਟ ਬਾਰੇ ਮਸ਼ਹੂਰ ਸੀ ਕਿ ਉਹ ਹਿੱਟ ਮਾਰਦੇ ਸਨ ਤਾਂ ਗੋਲੀ ਗੋਲ ਛੱਡ ਕੇ ਭੱਜ ਜਾਂਦਾ ਸੀ, ਪਰ ਹੁਣ ਅਜਿਹੀ ਹਿੱਟ ਹਰ ਖਿਡਾਰੀ ਮਾਰੀ ਜਾਂਦਾ ਹੈ। ਜਿਹੜੇ ਨੇਮ ਤਬਦੀਲ ਕੀਤੇ ਜਾਂਦੇ ਹਨ, ਉਨ੍ਹਾਂ ਦੀ ਤਬਦੀਲੀ ਅਥਾਰਟੀ ਵਲੋਂ ਸਾਰਿਆਂ ਨੂੰ ਇਕ ਨਿਸ਼ਚਿਤ ਸਮਾਂ ਪਹਿਲਾਂ ਦੇ ਦਿਤੀ ਜਾਂਦੀ ਹੈ। ਦੁਖਾਂਤ ਇਹ ਹੈ ਕਿ ਅਸੀਂ ਇਨ੍ਹਾਂ ਬਦਲੇ ਨੇਮਾਂ ਨੂੰ ਅਪਣਾਉਣ ਵਿਚ ਕਾਫੀ ਦੇਰ ਕਰ ਦਿੰਦੇ ਹਾਂ। ਇਸ ਕਰ ਕੇ ਜਦੋਂ ਅਸੀਂ ਕੌਮਾਂਤਰੀ ਮੁਕਾਬਲਿਆਂ ਵਿਚ ਉਤਰਦੇ ਹਾਂ ਤਾਂ ਦੂਜਿਆਂ ਨਾਲੋਂ ਦੋ ਕਦਮ ਪਿੱਛੇ ਹੁੰਦੇ ਹਾਂ। ਗੇਮ ਬਹੁਤ ਦਿਮਾਗੀ ਹੋ ਗਈ ਹੈ, ਹੁਣ ਖਿਡਾਰੀ ਨੂੰ ਸੰਪੂਰਨਤਾ ਹਾਸਲ ਕਰਨ ਲਈ ਤਕਨੀਕੀ/ਤਕਨੀਕੀ ਸਾਧਨਾਂ ਦਾ ਵੀ ਸਹਾਰਾ ਲੈਣਾ ਪੈਂਦਾ ਹੈ, ਪਰ ਬਦਕਿਸਮਤੀ ਨਾਲ ਅਸੀਂ ਇਸ ਮਾਮਲੇ ਵਿਚ ਅਸੀਂ ਹੋਰਨਾਂ ਨਾਲੋਂ ਕਾਫੀ ਮਗਰ ਤੁਰੇ ਫਿਰਦੇ ਹਾਂ।


ਰਮਨਦੀਪ ਗਰੇਵਾਲ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਨਵੀਂ ਦੁਨੀਆ ਦੇ ਸੰਪਾਦਕੀ ਮੰਡਲ ਦੇ ਮੈਂਬਰ ਨਵਤੇਜ ਬੈਂਸ ਗੱਲਬਾਤ ਕਰਦੇ ਹੋਏ।

? ਖੇਡਾਂ ਦੀ ਦੁਨੀਆਂ 'ਚ ਕਲੱਬਾਂ ਦੀ ਕੀ ਭੂਮਿਕਾ ਹੈ?

– ਕਲੱਬਾਂ ਦੀ ਕਦੇ ਬਹੁਤ ਵੱਡੀ ਭੂਮਿਕਾ ਸੀ, ਪਰ ਹੁਣ ਕਲੱਬਾਂ ਦੀ ਆਪਣੀ ਹਾਲਤ ਹੀ ਬਹੁਤ ਖਰਾਬ ਹੋ ਗਈ ਹੈ। ਹਾਕਸ ਕਲੱਬ , ਰੋਪੜ ਬੰਦ ਹੋਣ ਕੰਢੇ ਹੈ ... ਨਾਮਧਾਰੀ ਕਲੱਬ, ਬਾਰਡਰ ਹਾਕਸ ਆਦਿ ਧੜੇਬੰਦੀਆਂ ਦੀਆਂ ਸ਼ਿਕਾਰ ਹੋ ਗਈਆਂ ਹਨ।

? ਵਿਸ਼ਵੀਕਰਨ ਦਾ ਵੀ ਪ੍ਰਭਾਵ ਪਿਆ ਹੋਵੇਗਾ – ਏਅਰ ਇੰਡੀਆ, ਪੰਜਾਬ ਐਂਡ ਸਿੰਧ ਬੈਂਕ, ਜੇ.ਸੀ.ਟੀ. ਆਦਿ 'ਚ ਵਧੀਆ ਖਿਡਾਰੀ ਰੱਖਣ ਦੀ ਹੋੜ ਹੁੰਦੀ ਸੀ, ਹੁਣ ਸਭ ਨੇ ਇਨ੍ਹਾਂ ਲਈ ਦਰਵਾਜ਼ੇ ਬੰਦ ਕਰ ਲਏ ਹਨ। ਸਮੇਂ-ਸਮੇਂ 'ਤੇ ਬਣੀਆਂ ਸਰਕਾਰਾਂ ਸ਼ਰਾਬ ਕੰਪਨੀਆਂ ਦੇ ਪੈਸਿਆਂ ਨਾਲ ਵਿਸ਼ਵ ਕਬੱਡੀ ਕੱਪ ਕਰਵਾ ਰਹੇ ਹਨ... ਇਹ ਸਭ ਕੀ ਹੋ ਰਿਹਾ ਹੈ?

– ਹਰ ਖਿਡਾਰੀ ਨੂੰ ਪੈਸੇ ਦੀ ਲੋੜ ਹੈ। ਉਹ ਚਾਹੁੰਦਾ ਹੈ ਕਿ ਸਪੋਰਟਸ ਵਿਚ ਕੈਰੀਅਰ ਬਣਾਉਣ ਮਗਰੋਂ ਉਸ ਕੋਲ ਪੈਸਾ ਆਵੇ। ਪੈਸਾ ਸਪੌਂਸਰ ਜਰਸੀ ਦੇ ਲੋਗੋ ਤੋਂ ਆਉਂਦਾ ਹੈ। ਭਾਵੇ ਖੇਡ ਦੀ ਬਰਾਂਡ ਵੈਲਿਯੂ ਤੋਂ ਖਿਡਾਰੀ ਦੀ ਕਮਾਈ ਤੈਅ ਹੁੰਦੀ ਹੈ। ਕ੍ਰਿਕਟ ਤੇ ਹਾਕੀ ਦੋਵਾਂ ਦੀ ਸਪਾਂਸਰਸ਼ਿਪ 'ਸਹਾਰਾ ਇੰਡੀਆ' ਕੋਲ ਹੈ। ਕੰਪਨੀ ਕ੍ਰਿਕਟ 'ਤੇ ਇਕ ਦਿਨ ਦਾ ਤਿੰਨ ਕਰੋੜ ਖ਼ਰਚ ਦਿੰਦੀ ਹੈ, ਜਦ ਕਿ ਹਾਕੀ 'ਤੇ ਤਿੰਨ ਕਰੋੜ ਸਾਲ ਦਾ ਖ਼ਰਚ ਹੁੰਦਾ ਹੈ। ਸੰਤੁਲਨ ਨਹੀਂ ਬਣ ਰਿਹਾ। ਹਾਕੀ ਦੀਆਂ ਕਈ ਅਕੈਡਮੀਆਂ, ਟਾਟਾ ਅਕੈਡਮੀ, ਨਾਮਧਾਰੀ ਸੰਪ੍ਰਦਾਇ ਅਕੈਡਮੀ ਆਦਿ, ਖਿਡਾਰੀ ਤਾਂ ਪੈਦਾ ਕਰ ਰਹੀਆਂ ਹਨ ਪਰ ਉਨ੍ਹਾਂ ਲਈ ਨੌਕਰੀਆਂ ਨਹੀਂ ਪੈਦਾ ਹੋ ਰਹੀਆਂ। ਕ੍ਰਿਕਟ, ਟੈਨਿਸ, ਗੌਲਫ਼ ਛੱਡ ਕੇ ਬਾਕੀ ਖੇਡਾਂ ਦੇ ਖਿਡਾਰੀਆਂ ਦਾ ਹਾਲ ਕੋਈ ਬਹੁਤਾ ਚੰਗਾ ਨਹੀਂ।

? ਐਨ.ਆਰ.ਆਈਜ਼ ਨੂੰ ਆਮ ਤੌਰ 'ਤੇ ਪੰਜਾਬ ਦੇ ਹਰ ਖੇਤਰ ਦੇ ਵਿਕਾਸ ਲਈ ਨਿਵੇਸ਼ ਕਰਨ ਦਾ ਸੱਦਾ ਦਿਤਾ ਜਾਂਦਾ ਹੈ, ਤੁਸੀਂ ਵੀ ਇਨ੍ਹਾਂ ਤੋਂ ਖੇਡ-ਖੇਤਰ ਲਈ ਅਜਿਹੀ ਉਮੀਦ ਰਖਦੇ ਹੋ?

– ਨਹੀਂ, ਮੈਂ ਐਨ.ਆਰ.ਆਈ. ਭਰਾਵਾਂ ਨੂੰ ਕੇਵਲ ਇਹੋ ਕਹਿੰਦਾ ਹਾਂ ਕਿ ਆਪਣੇ ਪਿੰਡਾਂ ਖੇਡਾਂ ਦਾ ਵਿਕਾਸ ਕਰੋ.... ਇਸੇ ਵਿਚ ਸਭ ਕੁਝ ਆ ਜਾਵੇਗਾ। ਸ਼ਰਾਬ/ਗਾਇਕਾਂ/ਕੋਠਿਆਂ 'ਤੇ ਖ਼ਰਚਾ ਕਰਨ ਨਾਲੋ ਕੁਝ ਹਿੱਸਾ ਖੇਡਾਂ, ਪੜ੍ਹਾਈ 'ਤੇ ਵੀ ਖ਼ਰਚ ਕਰਨਾ ਚਾਹੀਦਾ ਹੈ।

? ਕਨੇਡਾ, ਸਸਕੈਚਵਨ 'ਚ ਕੋਚਿੰਗ ਕਰਦਿਆਂ ਕਿਵੇਂ ਮਹਿਸੂਸ ਕਰਦੇ ਹੋ?

– ਭਾਰਤ ਵਿਚ ਕੋਚ ਨੂੰ ਖਿਡਾਰੀ ਦੇ ਮੁਕਾਬਲੇ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ,ਪਰ ਕੋਚ ਨਾਲੋਂ ਖਿਡਾਰੀ ਦੀ ਵੈਲਿਯੂ ਜ਼ਿਆਦਾ ਨਹੀਂ ਹੁੰਦੀ। ਇਥੇ ਕੋਚ ਜਵਾਬਦੇਹ ਹੈ। ਇਥੇ ਕੋਚ ਜੋ ਕਹਿੰਦਾ ਹੈ, ਉਸ ਦਾ ਪ੍ਰਤੀਕਰਮ ਆਉਂਦਾ ਹੈ। ਭਾਰਤ 'ਚ ਕੋਚ ਜੋ ਕਹਿੰਦਾ ਹੈ, ਖਿਡਾਰੀ ਕਰੀ ਜਾਂਦਾ ਹੈ। ਪਰ ਇਥੇ ਕੋਚ ਜੋ ਕਹਿੰਦਾ ਹੈ, ਉਸ ਬਾਰੇ ਖਿਡਾਰੀ ਉਸ ਨੂੰ ਪੁੱਛਦਾ ਹੈ ਕਿ ਉਹ ਅਜਿਹਾ ਕਿਉਂ ਕਰੇ? ਸੋ, ਖਿਡਾਰੀ ਨੂੰ ਕਾਰਨ ਸਮਝਾਉਣਾ ਪੈਂਦਾ ਹੈ, ਦਿਮਾਗ ਵਰਤਣਾ ਪੈਂਦਾ ਹੈ। ਇਥੇ ਐਂਵੇਂ ਯਬਲੀਆਂ ਨਾਲ ਕੰਮ ਨਹੀਂ ਚੱਲਦਾ। ਇਥੇ ਮੈਂ ਅਜਿਹੀ ਟੀਮ ਨੂੰ ਸਿਖਿਅਤ ਕਰਨ ਦਾ ਰਿਸਕ ਪ੍ਰਵਾਨ ਕੀਤਾ, ਜਿਸ ਦੇ ਖਿਡਾਰੀਆਂ ਨੂੰ ਹਾਕੀ ਫੜਨੀ ਵੀ ਨਹੀਂ ਸੀ ਆਉਂਦੀ, ਮੈਂ ਵੀ ਮਨਫੀ 50 ਡਿਗਰੀ ਤਾਪਮਾਨ ਨੂੰ ਝੱਲਣ ਦੀ ਗੇੜ ਪਾਈ, ਛੇ ਮਹੀਨੇ ਸੂਰਜ ਦੀ ਸ਼ਕਲ ਨਹੀਂ ਵੇਖੀ, ਬਦਲਾਅ ਅਨੁਸਾਰ ਆਪਣੇ ਆਪ ਨੂੰ ਢਾਲਿਆ ਤੇ ਖੇਡ/ਖਿਡਾਰੀਆਂ ਪ੍ਰਤੀ ਨਜ਼ਰੀਆਂ ਬਦਲਿਆ। ਇਥੇ ਖਿਡਾਰੀ ਅਜੇ ਥੋੜੇ ਹਨ। ਜਦੋਂ ਜੁਆਕ ਸਿਖਦੇ ਹਨ ਤਾਂ ਬੜਾ ਮਜ਼ਾ ਆਉਂਦੈ। ਖਿਡਾਰੀ ਲਗਭਗ ਸਾਰੀਆਂ ਖੇਡਾਂ ਖੇਡਦੇ ਹਨ। ਮਾਪੇ ਨਾਲ ਆਉਂਦੇ ਹਨ। ਪੜ੍ਹਨ ਦਾ ਟਰੈਂਡ ਤਾਂ ਹੈ ਹੀ, ਪਰ ਪੜ੍ਹਾਈ ਵਿਚ ਵੀ ਸਮਾਂ ਇਨਵੈਸਟ ਕਰਦੇ ਹਨ। ਮਾਪੇ ਇਨ੍ਹਾਂ ਦੀ ਮਦਦ ਕਰਦੇ ਹਨ ਜਦਕਿ ਸਾਡੇ ਦੇਸ਼ 'ਚ ਅਜਿਹਾ ਨਹੀਂ ਹੁੰਦਾ।

? ਭਾਰਤੀ ਹਾਕੀ ਦੀ ਮੌਜੂਦਾ ਸਥਿਤੀ, ਵੈਸੇ ਤਾਂ ਸਭ ਨੂੰ ਪਤਾ ਹੀ ਹੈ, ਪਰ ਇਸ ਦੀ ਬਿਹਤਰੀ ਲਈ ਤੁਸੀਂ ਕੀ ਸੁਝਾਅ ਦਿਉਂਗੇ?

– ਭਾਰਤੀ ਹਾਕੀ ਦੀ ਹਾਲਤ ਭਾਵੇਂ ਚੰਗੀ ਨਹੀਂ, ਪਰ ਚੰਗੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਾਡੀ ਹਾਕੀ ਨੂੰ ਚੰਗੇ ਕੋਚਾਂ ਦੀ ਲੋੜ ਹੈ। ਇਹ ਵੀ ਜ਼ਰੂਰੀ ਹੈ ਕਿ ਅਸੀਂ ਕੋਚ ਅਤੇ ਕੋਚਿੰਗ ਪ੍ਰਤੀ ਆਪਣੀ ਪਹੁੰਚ ਬਦਲੀਏ। ਇਹ ਧਾਰਨਾ ਗਲਤ ਹੈ ਕਿ ਇਕ ਚੰਗਾ ਖਿਡਾਰੀ ਹੀ ਚੰਗਾ ਕੋਚ ਸਿੱਧ ਹੋ ਸਕਦਾ ਹੈ। ਕੋਚ ਦਾ ਚੰਗਾ ਖਿਡਾਰੀ ਹੋਣਾ ਜ਼ਰੂਰੀ ਨਹੀਂ, ਉਂਜ ਜੇ ਉਹ ਚੰਗਾ ਖਿਡਾਰੀ ਵੀ ਹੋਵੇ ਤਾਂ ਗੱਲ ਹੋਰ ਵੀ ਵਧੀਆ ਹੋ ਜਾਂਦੀ ਹੈ। ਸਾਡੇ ਕੋਚ, ਜੋ ਐਨ.ਆਈ.ਐਸ. 'ਚੋਂ ਟਰੇਨਿੰਗ ਪਾ ਕੇ ਆਉਂਦੇ ਹਨ, ਅਜੇ ਵੀ 1960 ਵਾਲਾ ਪਾਠਕ੍ਰਮ ਹੀ ਪੜ੍ਹ ਰਹੇ ਹਨ। ਕੋਚਾਂ ਨੂੰ ਪ੍ਰੋਡਿਊਸ ਕਰਨ ਵਾਲੀ ਫੈਕਟਰੀ ਨੂੰ ਨਵੀਨੀਕਰਨ ਦੀ ਲੋੜ ਹੈ। ਕੋਚ ਨਵੇਂ ਜ਼ਮਾਨੇ ਦੀਆਂ ਲੋੜਾਂ ਅਨੁਸਾਰ ਪ੍ਰੋਫੈਸ਼ਨਲ ਫਿਟਨੈੱਸ ਦਾ ਮਾਹਰ ਹੋਣਾ ਚਾਹੀਦਾ ਹੈ। ਅੱਜ ਟੀਮਾਂ ਵਿਚਕਾਰ ਮੁਕਾਬਲੇ 'ਟੈਕਨੀਕਲੀ' ਹੀ ਨਹੀਂ ਸਗੋਂ 'ਟੈਕਟੀਕਲੀ' ਵੀ ਹੁੰਦੇ ਹਨ। 'ਟੈਕਨੀਕਲੀ' ਤਾਂ ਅਸੀਂ ਠੀਕ ਰਹਿੰਦੇ ਹਾਂ ਪਰ 'ਟੈਕਟੀਕਲੀ' ਮਾਰ ਖਾ ਜਾਂਦੇ ਹਾਂ। ਖਿਡਾਰੀ ਨੂੰ ਪੜ੍ਹਾਈ ਵਾਲੇ ਪਾਸਿਉਂ ਵੀ ਪਿੱਛੇ ਨਹੀਂ ਹੋਣਾ ਚਾਹੀਦਾ। ਪੜ੍ਹਿਆ ਲਿਖਿਆ ਖਿਡਾਰੀ ਖੇਡ ਦੀਆਂ ਲੋੜਾਂ ਨੂੰ ਛੇਤੀ ਸਮਝ ਜਾਂਦਾ ਹੈ। ਖਿਡਾਰੀ ਦੇ ਦਿਮਾਗੀ ਵਿਕਾਸ ਵੱਲ ਉਚੇਚਾ ਧਿਆਨ ਦਿਤਾ ਜਾਣਾ ਚਾਹੀਦਾ ਹੈ। ਇਥੇ ਕੈਨੇਡਾ ਵਿਚ ਸੁਸਿਖਿਅਤ ਕੋਚ ਹੀ ਸਫਲ ਰਹਿੰਦਾ ਹੈ। ਮੈਂ ਇਥੇ ਆ ਕੇ ਵੀ ਕੋਚਿੰਗ ਦੀ ਬਕਾਇਦਾ ਸਿਖਲਾਈ ਲਈ, ਕਈ ਕੈਂਪਾਂ ਵਿਚ ਸ਼ਾਮਲ ਹੋਣ ਉਪਰੰਤ ਹੁਣ ਮੈਨੂੰ 'ਕੋਚਿੰਗ ਐਸੋਸੀਏਸ਼ਨ ਆਫ ਕਨੇਡਾ' ਦੀ ਐਕਰੀਡਿਸ਼ਨ ਅਥਾਰਟੀ ਵਲੋਂ ਲੈਵਲ -3 ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਖਿਡਾਰੀ ਤੇ ਕੋਚ ਦੇ ਆਪਸੀ ਸਬੰਧ ਨੂੰ ਪਛਾਨਣ ਦੀ ਲੋੜ ਹੈ। ਅਸੀਂ (ਕੋਚ) ਜਦ ਬੱਚਿਆਂ ਨੂੰ ਸਿਖਾਉਣ ਲਈ ਗਰਾਉਂਡ ਵਿਚ ਜਾਂਦੇ ਹਾਂ, ਤਾਂ ਬੱਚਿਆਂ ਤੋਂ ਸਿੱਖਦੇ ਵੀ ਹਾਂ। ਸਾਨੂੰ ਬੱਚਿਆਂ ਨਾਲ ਵਿਚਾਰਕ/ਤਕਨੀਕੀ ਆਦਾਨ ਪ੍ਰਦਾਨ ਦਾ ਸਬੰਧ ਕਾਇਮ ਕਰਨਾ ਚਾਹੀਦਾ ਹੈ ਜ਼ਿਦੀ ਨਹੀਂ ਹੋਣਾ ਚਾਹੀਦਾ।


ਰਮਨਦੀਪ ਗਰੇਵਾਲ, ਸੁਰਿੰਦਰ ਮਾਵੀ ਵਿਨੀਪੈਗ ਦੇ ਨਾਲ

? ਹਾਕੀ ਦੀ ਅਜਿਹੀ ਸਥਿਤੀ 'ਚ ਤੁਸੀ ਆਪਣੇ ਬੱਚੇ ਦਾ ਹਾਕੀ ਖਿਡਾਰੀ ਬਣਨਾ ਪਸੰਦ ਕਰੋਂਗੇ ...ਜਾਂ ਕੁਝ ਹੋਰ.... ?

– ਬੱਚੇ ਨੂੰ ਆਪਣਾ ਕੈਰੀਅਰ ਖੁਦ ਚੁਣਨ ਦੀ ਆਜ਼ਾਦੀ ਦੇਣੀ ਚਾਹੀਦੀ ਹੈ। ਉਸ ਨੂੰ ਉਸ ਦੀ ਰੁਚੀ ਅਨੁਸਾਰ ਵਿਕਸਿਤ ਹੋਣ ਦੇਣਾ ਚਾਹੀਦਾ ਹੈ। ਆਪਣੇ ਪਰਿਵਾਰ ਦੇ ਬੱਚਿਆਂ (ਭਤੀਜਿਆਂ ਆਦਿ) ਲਈ ਵੀ ਮੈਂ ਉਨ੍ਹਾਂ ਦੇ ਮਾਤਾ ਪਿਤਾ ਨੂੰ ਇਹੋ ਕਹਿੰਦਾ ਰਹਿੰਦਾ ਹਾਂ ਕਿ ਇਨ੍ਹਾਂ ਨੂੰ ਗਰਾਉਂਡ ਵਿਚ ਜ਼ਰੂਰ ਭੇਜੋ, ਭਾਵੇਂ ਜਿਹੜੀ ਮਰਜ਼ੀ ਖੇਡ ਖੇਡਣ, ਖੇਡ ਦੀ ਬੰਦਸ਼ ਨਾ ਲਾਉ। ਜੇਕਰ ਕੋਈ ਹਾਕੀ ਵੱਲ ਜਾਣਾ ਚਾਹੁੰਦਾ ਹੈ ਤਾਂ ਹਾਕੀ ਲਈ ਉਤਸ਼ਾਹਿਤ ਕਰੋ।

? ਭਾਰਤ- ਪਾਕਿਸਤਾਨ ਵਿਚਕਾਰ ਮੈਚ ਹੁੰਦਾ ਹੈ ਤਾਂ ਮਾਹੌਲ ਜੰਗ ਵਰਗਾ ਬਣ ਜਾਂਦਾ ਹੈ। ਕੀ ਖਿਡਾਰੀ ਵੀ ਇਹੋ ਜਿਹੀ ਜੰਗ ਵਰਗੀ ਮਾਨਸਿਕ ਸਥਿਤੀ 'ਚ ਹੁੰਦੇ ਸਨ।

– ਹਾਂ, ਖਿਡਾਰੀ ਵੀ ਅਜਿਹੀ ਮਨੋਸਥਿਤੀ ਵਿਚ ਹੁੰਦੇ ਹਨ। ਮੈਚ ਤੋਂ ਦੋ ਕੁ ਦਿਨ ਪਹਿਲਾਂ ਤਾਂ ਸਭ ਠੀਕ ਠਾਕ ਹੁੰਦਾ ਹੈ, ਦੋਵਾਂ ਟੀਮਾਂ ਦੇ ਖਿਡਾਰੀ ਆਪਸ ਵਿਚ ਸਹਿਜ ਰਹਿੰਦੇ ਹਨ, ਪਰ ਫਿਰ ਮਨੋਂ – ਮਨੀ ਦੂਰ ਹੋਣ ਲਗਦੇ ਹਨ। ਮੈਚ ਵਾਲੇ ਦਿਨ ਤਕ ਤਾਂ ਉਨ੍ਹਾਂ ਦੇ ਤੇਵਰ ਕੱਸੇ ਜਾਂਦੇ ਹਨ – ਦੂਰੀਆਂ ਤੇ ਘੂਰੀਆਂ ਬਹੁਤ ਵੱਧ ਜਾਂਦੀਆਂ ਹਨ, ਮਾਹੌਲ ਬਦੋਬਦੀ ਜੰਗ ਵਰਗਾ ਬਣ ਜਾਂਦਾ ਹੈ। ਮੈਚ ਉਪਰੰਤ ਦੋਵੇਂ ਟੀਮਾਂ ਇਕੋ ਜਗ੍ਹਾ ਖਾਣਾ ਖਾਣ ਨਹੀਂ ਜਾਂਦੀਆਂ – ਇਹ ਸਭ ਕੁਦਰਤੀ ਹੀ ਵਾਪਰਦਾ ਹੈ।

? ਆਪਣੇ ਪਰਿਵਾਰਕ ਪਿਛੋਕੜ, ਖੇਡਾਂ ਲਈ ਸ਼ੌਂਕ ਅਤੇ ਪੜ੍ਹਾਈ ਲਿਖਾਈ ਬਾਰੇ ਨਵੀਂ ਦੁਨੀਆ ਦੇ ਪਾਠਕਾਂ ਨਾਲ ਕੀ ਗੱਲਾਂ ਸਾਂਝੀਆਂ ਕਰਨੀਆਂ ਚਾਹੋਗੇ?

– ਮੇਰਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਨਾਰੰਗਵਾਲ ਵਿਚ ਹੋਇਆ, ਵੈਸੇ ਅਸੀਂ ਰਾਇਕੋਟ ਦੇ ਹਾਂ। ਰਾਇਕੋਟ 'ਚ ਹੀ ਪਰਵਾਰ ਦੀ ਪੁਸ਼ਤੈਨੀ ਰਿਹਾਇਸ਼ ਹੈ। ਹਾਕੀ ਦਾ ਸ਼ੌਂਕ ਮੇਰੇ ਪਿਤਾ ਜੀ ਨੂੰ ਸੀ। ਉਹ ਅਕਸਰ ਮੈਨੂੰ ਇਲਾਕੇ ਵਿਚ ਹੁੰਦੇ ਟੂਰਨਾਮੈਂਟ ਦਿਖਾਉਣ ਲਈ ਲੈ ਜਾਇਆ ਕਰਦੇ ਸਨ। ਮੇਰੇ ਪਹਿਲੇ ਕੋਚ ਚਾਚਾ ਜੀ ਸ. ਭੁਪਿੰਦਰ ਸਿੰਘ ਸਨ, ਉਹ ਵੈਸੇ ਤਾਂ ਸਾਇੰਸ ਪੜ੍ਹਾਉਂਦੇ ਸਨ, ਪਰ ਖੇਡਾਂ ਲਈ ਅਜਿਹੀ ਦਿਲਚਸਪੀ ਰੱਖਦੇ ਸਨ, ਜਿਸ ਨੂੰ ਅਸੀਂ ਖੇਡ ਲਈ ਕੀੜਾ ਵੀ ਆਖ ਸਕਦੇ ਹਾਂ। ਆਪਣੇ ਪੋਲਟਰੀ ਫਾਰਮ ਤੋਂ ਉਨ੍ਹਾਂ ਨੇ ਸਾਨੂੰ ਖੂਬ ਆਂਡੇ ਖਵਾਏ ਅਤੇ ਦੁੱਧ ਵੀ ਪਿਆਇਆ। ਉਨ੍ਹਾਂ ਦੀ ਅਗਵਾਈ ਸਦਕਾ ਮੈਂ, ਸਕੂਲ ਪੱਧਰ 'ਤੇ ਹਾਕੀ ਖੇਡੀ ਅਤੇ 1987 ਵਿਚ ਪੰਜਾਬ ਦੀ ਟੀਮ ਵਿਚ ਸ਼ਮੂਲੀਅਤ ਕੀਤੀ ਅਤੇ ਨੈਸ਼ਨਲ ਸਕੂਲ ਖੇਡਾਂ 'ਚ ਭਾਗ ਲਿਆ। ਖੇਡਾਂ ਜਿੰਨਾ ਹੀ ਮੇਰਾ ਰੁਝਾਨ ਪੜ੍ਹਾਈ ਵੱਲ ਵੀ ਸੀ। 1989 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਵਿਚ ਬੀ.ਐਸ.ਸੀ. ਕਰਨ ਲਈ ਦਾਖਲਾ ਲਿਆ। ਮਾਹੌਲ ਬੜਾ ਪ੍ਰਤੀਕੂਲ ਸੀ ਉਨ੍ਹਾਂ ਦਿਨਾਂ ਵਿਚ। ਕੰਬਾਈਂਡ ਯੂਨੀਵਰਸਿਟੀ ਟੀਮ ਦਾ ਮੈਂਬਰ ਬਣਿਆ। ਨੈਸ਼ਨਲ ਕੈਂਪ ਲਈ ਚੁਣਿਆ ਗਿਆ ਪੰਜਾਬ ਅਲਕਲੀਜ ਅਤੇ


ਰਮਨਦੀਪ ਗਰੇਵਾਲ ਦੇ ਵਿਆਹ ਮੌਕੇ ਪਿਤਾ ਦਰਸ਼ਨ ਸਿੰਘ ਗਰੇਵਾਲ, ਮਾਤਾ ਰਾਜਵੰਤ ਕੌਰ ਅਤੇ ਹੋਰ ਪਰਿਵਾਰਕ ਮੈਂਬਰ

Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL
REALTY GROUP




Laddi Padda

Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257

ਕੈਮੀਕਮਜ਼ ਨੇ ਵਜ਼ੀਫਾ ਦੇ ਕੇ ਕੋਚ ਸ. ਸੁਖਬੀਰ ਸਿੰਘ ਗਰੇਵਾਲ ਦੀ ਰਹਿਨੁਮਾਈ 'ਚ ਖੇਡਣ ਦਾ ਮੌਕਾ ਦਿਤਾ। ਪੀ ਏ ਯੂ ਤੋਂ 1991 'ਚ ਮਾਸਟਰ ਡਿਗਰੀ ਐਗਰੀਕਲਚਰ ਅਤੇ 1992 'ਚ ਮਾਸਟਰ ਡਿਗਰੀ ਫ਼ਿਜ਼ੀਕਲ ਐਜੂਕੇਸ਼ਨ ਕੀਤੀ ਅਤੇ 1992 'ਚ ਹੀ ਨੈਸ਼ਨਲ ਕੈਂਪ ਲਈ ਚੁਣਿਆ ਗਿਆ, ਪੰਜਾਬ ਪੁਲੀਸ ਦੀ ਨੌਕਰੀ ਕੀਤੀ, ਹੁਣ ਪੀ.ਏ.ਯੂ. 'ਚ ਹੀ ਉਪ ਨਿਰਦੇਸ਼ਕ (ਖੇਡਾਂ) ਹਾਂ। ਅਕਤੂਬਰ 2010 ਤੋਂ ਸਸਕੈਚਵਨ (ਕਨੇਡਾ) ਦੀ ਹਾਕੀ ਟੀਮ ਨਾਲ ਬਤੌਰ "ਟੈਕਨੀਕਲ ਡਾਇਰੈਕਟਰ" ਕੰਮ ਕਰ ਰਿਹਾ ਹਾਂ।

? ਪੀ.ਏ.ਯੂ. ਛੱਡਕੇ ਤੁਸੀਂ ਇਥੇ ਸੁਰਿੰਦਰ ਮਾਵੀ ਹੁਰਾਂ ਕੋਲ ਹੋ, ਘਰੋਂ ਬਾਹਰ ਹੋਣ ਦਾ ਅਹਿਸਾਸ ਤਾਂ ਨਹੀਂ ਹਾਵੀ ਹੋ ਰਿਹਾ।

– ਮੈਂ ਹਾਲਾਤ ਦਾ ਦਬਾਅ ਸਹਿਣ ਦੀ ਸ਼ਕਤੀ ਵਿਕਸਿਤ ਕਰ ਲਈ ਹੈ... ਹਮੇਸ਼ਾ ਆਪਣੇ ਕੰਮ ਵਿਚ ਮਸ਼ਰੂਫ ਰਹਿੰਦਾ ਹਾਂ।

? ਪੜ੍ਹਾਈ ਵੱਲ ਤਾਂ ਤੁਸੀਂ ਕਾਫੀ ਧਿਆਨ ਦਿਤਾ, ਕੀ ਸਾਹਿਤ ਪੜ੍ਹਨ 'ਚ ਵੀ ਕੋਈ ਰੁਚੀ ਹੈ, ਕੋਈ ਸਾਹਿਤਕ ਮੱਸ?

– ਸਾਹਿਤਕ ਮੱਸ...ਨਾ ਬਾਬਾ ਨਾ ? ਬਸ ਗੀਤ ਸੁਣ ਲਈਦੇ ਨੇ। ਕਵੀਆਂ, ਸਾਹਿਤਕਾਰਾਂ ਨਾਲ ਕੋਈ ਵਾਹ ਹੀ ਨਹੀਂ, ਕੁਝ ਜਿਹੜੇ ਮਿਲਦੇ ਰਹਿੰਦੇ ਹਨ ਜਸਵੰਤ ਕੰਵਲ, ਸੁਰਜੀਤ ਪਾਤਰ, ਗੁਰਭਜਨ ਗਿੱਲ, ਜਸਵੰਤ ਜ਼ਫਰ ਹੋਰਾਂ ਨੂੰ ਪੜ੍ਹ ਲੈਂਦਾ ਹਾਂ। ਹਾਂ, ਫਿਟਨੈੱਸ ਬਾਰੇ, ਖੇਡ ਬਾਰੇ ਬਹੁਤ ਪੜ੍ਹਦਾ ਰਹਿੰਦਾ ਹਾਂ, ਕੁਝ ਵੀ ਨਹੀਂ ਛੱਡਦਾ।

? ਕਿਸੇ ਰਾਜਸੀ ਲਾਈਨ ਵੱਲ ਨੀਂ ਕਦੇ ਕੋਈ ਝੁਕਾਅ ਹੋਇਆ... ਗਾਇਕਾਂ ਵਾਂਗ ਚੋਣ ਲੜਨ ਦੀ ਕੋਈ ਤਮੰਨਾ ਜਾਗੀ ਹੋਵੇ।



(ਸੱਜਿਉਂ ਖੱਬੇ) ਰਮਨਦੀਪ ਗਰੇਵਾਲ ਆਪਣੀ ਪਤਨੀ ਦਪਿੰਦਰ ਗਰੇਵਾਲ, ਛੋਟੇ ਭਰਾ ਕਮਲ ਗਰੇਵਾਲ, ਉਸਦੀ ਪਤਨੀ ਬਲਜੀਤ ਕੌਰ ਅਤੇ ਬੱਚਿਆਂ ਨਾਲ।

– ਨਹੀਂ ..... ਸ਼ੁਰੂ ਤੋਂ ਹੀ ਝੁਕਾਅ ਖੇਡਣ ਵਾਲੇ ਪਾਸੇ ਰਿਹਾ.... ਬਚਪਨ 'ਚ ਅਸੀਂ ਆਪਣੇ ਚਾਚੇ/ਤਾਇਆਂ ਦੇ 15-16 ਮੁੰਡਿਆਂ ਦੀ ਢਾਣੀ ਹੁੰਦੀ ਸੀ। ਹਾਕੀ, ਫੁਟਬਾਲ, ਕ੍ਰਿਕਟ ਸਭ ਕੁਝ ਖੇਡਦੇ ਸੀ। ਲੜਦੇ ਸੀ, ਫਿਰ ਇਕੋ ਜਿਹੇ ਹੋ ਜਾਂਦੇ ਸੀ .... ਰਾਜਨੀਤੀ ਵਾਲੇ ਪਾਸੇ ਸਧਾਰਨ ਘਰ ਦਾ ਪਿਛੋਕੜ ਰੱਖਣ ਵਾਲੇ ਲੜਕੇ ਦਾ ਜਾਣਾ ਉਂਝ ਵੀ ਸੰਭਵ ਨਹੀਂ ਸੀ।

? ਤੁਹਾਡੇ ਵਿਹਲੇ ਵੇਲੇ ਦੇ ਸ਼ੌਂਕ?

– ਮਾਹਿਰਾਂ ਦੁਆਰਾ ਲਿਖੀਆਂ ਖੇਡ ਪੁਸਤਕਾਂ ਪੜ੍ਹਨਾ, ਫੇਸਬੁੱਕ, ਯੂ ਟਿਊਬ 'ਤੇ ਵੀ ਵਿਹਲਾ ਸਮਾਂ ਬਤੀਤ ਕਰਦਾ ਹਾਂ, ਫਿਟਨੈੱਸ ਬਾਰੇ ਬਹੁਤ ਪੜ੍ਹਦਾ ਹਾਂ।

? ਤੁਹਾਡੇ ਪਰਿਵਾਰ ਵਿਚ ਕੌਣ ਕੌਣ ਹਨ?

– ਪਿਤਾ ਸ. ਦਰਸ਼ਨ ਸਿੰਘ ਗਰੇਵਾਲ ਪਿੱਛੇ ਜਿਹੇ ਇਥੇ ਕੈਨੇਡਾ ਵਿਚ ਹੀ ਚਲਾਣਾ ਕਰ ਗਏ ਸਨ, ਮਾਤਾ ਰਾਜਵੰਤ ਕੌਰ ਜੀ ਹਨ, ਛੋਟਾ ਭਰਾ ਕਮਲ ਗਰੇਵਾਲ, ਪਤਨੀ ਬਲਜੀਤ ਕੌਰ ਨਾਲ ਤੁਹਾਡੇ ਇਸੇ ਸ਼ਹਿਰ ਐਡਮਿੰਟਨ ਵਿਚ ਹੀ ਰਹਿ ਰਿਹਾ ਹੈ। ਦੂਜਾ ਭਰਾ ਰਾਜਦੀਪ ਕੁਝ ਸਮਾਂ ਕਨੇਡਾ ਰਹਿ ਕੇ ਵਾਪਸ ਪਿੰਡ ਰਾਇਕੋਟ ਚਲਾ ਗਿਆ ਹੈ। ਮੇਰੀ ਪਤਨੀ ਦੀਪਇੰਦਰ ਕੌਰ ਇੰਟਰਨੈਸ਼ਨਲ ਰਿਸਰਚ ਇੰਸੀਚਿਊਟ ਫਿਲਪਾਈਨਜ਼ 'ਚ ਸਾਇੰਟਿਸਟ ਹੈ ਤੇ ਇਕ ਪ੍ਰਾਜੈਕਟ 'ਤੇ ਕੰਮ ਕਰ ਰਹੀ ਹੈ। ਇਤਫ਼ਾਕਨ, ਦੀਪਇੰਦਰ ਦੇ ਵੱਡੇ ਭਾਈ ਸਾਹਿਬ ਨਵਦੀਪ ਧਾਲੀਵਾਲ ਆਪਣੀ ਪਤਨੀ ਸੁਖਵਿੰਦਰ ਧਾਲੀਵਾਲ ਤੇ ਪਰਿਵਾਰ ਸਮੇਤ ਐਡਮਿੰਟਨ 'ਚ ਹੀ ਰਹਿੰਦੇ ਹਨ।

? ਤੁਸੀਂ ਆਪਣੇ ਪਰਿਵਾਰ, ਚਾਚਾ ਜੀ ਦੀ ਚਰਚਾ ਕੀਤੀ ..... ਸ਼ਾਇਦ ਇਹ ਉੱਚ ਮੱਧਵਰਗੀ ਪਰਿਵਾਰ ਹੈ .... ਕੀ ਅਜੋਕੇ ਮਾਹੌਲ ਵਿਚ ਹੇਠਲੇ ਅਤੇ ਹੇਠਲੇ ਮੱਧਵਰਗੀ ਪਰਿਵਾਰਾਂ ਵਿਚੋਂ ਵੀ ਖਿਡਾਰੀ ਉਭਰ ਸਕਣਗੇ?

– ਪੰਜਾਬ ਦੇ ਜ਼ਿਆਦਾਤਰ ਐਥਲੀਟ ਹੇਠਲੇ ਮੱਧਵਰਗੀ ਪਰਿਵਾਰਾਂ ਵਿਚੋਂ ਹੀ ਆਉਂਦੇ ਹਨ, ਕੁਲੀਨ ਪਰਿਵਾਰਾਂ ਵਿਚੋਂ ਨਹੀਂ। ਮੈਂ ਵੀ ਕੁਲੀਨ ਵਰਗ ਵਿਚੋਂ ਨਹੀਂ ਆਇਆ। 'ਗਾਡਫਾਦਰ' ਦੀ ਵੀ ਲੋੜ ਪੈਂਦੀ ਹੈ, ਮੌਕੇ ਵੀ ਕਾਫੀ ਹਨ। ਖੇਡਾਂ ਵਿਚ ਮਨੋਵਿਗਿਆਨ ਵੀ ਆਪਣੀ ਭੂਮਿਕਾ ਨਿਭਾਉਂਦਾ ਹੈ। ਜੇਕਰ ਅਸੀਂ ਗਧੇ ਨੂੰ ਵਿਸ਼ੇਸ਼ ਕੈਂਪ ਵਿਚ ਸ਼ਾਮਲ ਕਰ ਲਈਏ ਤਾਂ ਉਹ ਵੀ ਉਥੇ ਸਿਖਲਾਈ ਲੈ ਕੇ 'ਘੋੜਾ' ਬਣਨ ਦੀ ਸੰਭਾਵਨਾ ਰੱਖਦਾ ਹੈ, ਪਰ ਜੇਕਰ ਅਸੀਂ ਘੋੜੇ ਨੂੰ ਕੈਂਪ 'ਚੋਂ ਬਾਹਰ ਕੱਢ ਦੇਈਏ ਤਾਂ ਉਹ ਮਾਯੂਸੀ ਅਤੇ ਨਿਰਾਸ਼ਾ ਦੇ ਆਲਮ ਵਿਚ ਸੋਚ-ਸੋਚ ਕੇ ਹੀ 'ਗਧਾ' ਬਣ ਜਾਵੇਗਾ। ... ਖਿਡਾਰੀ ਨੂੰ ਮੌਕੇ ਮੁਹੱਈਆ ਕਰਵਾਏ ਜਾਂਦੇ ਰਹਿਣੇ ਚਾਹੀਦੇ ਹਨ।

? ਵਿਦੇਸ਼ਾ 'ਚ ਹੁੰਦੇ ਗਿੱਧੇ-ਭੰਗੜੇ, ਗਾਇਕਾ ਦੇ ਪ੍ਰੋਗਰਾਮ ਦੇਖ ਕੇ ਤਾਂ ਇਉਂ ਲਗਦੈ ਜਿਵੇਂ ਪੂਰਾ ਪੰਜਾਬ ਲਟਬੌਰਾ ਹੋਇਆ ਫਿਰਦਾ ਹੋਵੇ , ਅਸੀਂ ਇਥੇ ਐਡਮਿੰਟਨ 'ਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵਲੋਂ ਸੌਕਰ ਟੂਰਨਾਮੈਂਟ ਕਰਵਾਉਂਦੇ ਹਾਂ, ਆਸ ਮੁਤਾਬਕ ਦਰਸ਼ਕ ਨਹੀਂ ਜੁੜਦੇ, ਕਿਉਂ?

– ਸ਼ੁਰੂਆਤ ਵਿਚ ਹੁੰਗਾਰਾ ਇਹੋ ਜਿਹਾ ਹੀ ਹੁੰਦਾ ਹੈ, ਹੌਲੀ ਹੌਲੀ ਚੰਗੇ ਨਤੀਜੇ ਸਾਹਮਣੇ ਆਉਣ ਲੱਗਦੇ ਹਨ। ਇਥੇ ਸ੍ਕੇਲਗਰੀ ਦੇ 25 ਹਾਈ ਸਕੂਲਾਂ ਵਿਚ ਹਾਕੀ ਖਿਡਾਈ ਜਾ ਰਹੀ ਹੈ, ਜੋ ਕਿ ਇਕ ਚੰਗੀ ਸ਼ੁਰੂਆਤ ਹੈ। ਹਾਕੀ ਅਜੇ ਇਨ੍ਹਾਂ ਜੁਆਕਾਂ ਦਾ ਫਨ ਹੈ, 'ਖ਼ਬਰਾ' ਫਨ ਹੀ ਕੈਰੀਅਰ ਬਣ ਜਾਵੇ। ਐਡਮਿੰਟਨ ਯੂਥ ਹਾਕੀ ਕਲੱਬ ਵੱਲੋਂ ਕਰਵਾਏ ਜਾਂਦੇ ਹਾਕੀ ਟੂਰਨਾਮੈਂਟ ਵਧੀਆ ਯਤਨ ਹਨ, ਇਹ ਮੇਰੀ ਜਾਚੇ ਚੰਗੇ ਨਤੀਜੇ ਲਿਆਉਣਗੇ।



ਹਾਕੀ ਦੀ ਨਵੀਂ ਪਨੀਰੀ... ਰਜ਼ਾਇਨਾ ਦੀ ਹਾਕੀ ਟੀਮ ਨਾਲ ਰਮਨਦੀਪ ਗਰੇਵਾਲ।

? ਤੁਹਾਡੇ ਮਨਪਸੰਦ ਖਿਡਾਰੀ?

–ਹਾਲੈਂਡ ਦਾ 'ਟਿਊਨ ਕੀ ਨੋਯਰ' ਸ਼ਾਹਬਾਜ਼ ਅਹਿਮਦ... ਹੋਰ ਵੀ ਕਈ ਖਿਡਾਰੀ ਹਨ ਜਿਨ੍ਹਾਂ ਨੂੰ ਦੇਖ ਕੇ ਸੁਆਦ ਆਉਂਦਾ ਹੈ, ਸਰਦਾਰਾ ਸਿੰਘ, ਪ੍ਰਗਟ ਸਿੰਘ ਵੀ ਜਾਂਬਾਜ ਖਿਡਾਰੀ ਹਨ।

? ਕੋਈ ਖਾਹਿਸ਼, ਜੋ ਪੂਰੀ ਨਾ ਹੋਈ ਹੋਵੇ?

– ਸਿਡਨੀ ਉਲੰਪਿਕ ਵਿਚ ਅਸੀਂ ਸੋਨ ਤਮਗੇ ਨੂੰ ਹੱਥ ਲਾ ਕੇ ਛੱਡ ਦਿੱਤਾ, ਯਾਦ ਕਰ ਕੇ ਹੁਣ ਵੀ ਅੱਖਾਂ ਭਰ ਆਉਂਦੀਆਂ ਹਨ, ਅਸੀਂ ਪੂਲ ਮੁਕਾਬਲੇ ਵਿਚ ਪੋਲੈਂਡ ਵਰਗੀ ਕਮਜ਼ੋਰ ਟੀਮ ਨਾਲ ਮੈਚ ਬਰਾਬਰ ਖੇਡ ਕੇ ਸੈਮੀ ਫ਼ਾਈਨਲ 'ਚੋ ਬਾਹਰ ਹੋ ਗਏ, ਮੈਂ ਇਸ ਟੀਮ ਦਾ ਕਪਤਾਨ ਸੀ। ਜੇਕਰ ਪੋਲੈਂਡ ਤੋਂ ਨਾ ਹਾਰਦੇ ਤਾਂ ਸੈਮੀਫਾਈਨਲ ਵਿਚ ਅਸੀਂ ਪਾਕਿਸਤਾਨ ਨਾਲ ਭਿੜਨਾ ਸੀ - ਪਾਕਿਸਤਾਨ ਨੂੰ ਤਾਂ ਅਸੀਂ ਹਰਾ ਹੀ ਦੇਣਾ ਸੀ। ਸੈਮੀਫਾਈਨਲ 'ਚ ਨਾ ਪੁਹੁੰਚ ਕਰ ਸਕਣ ਦੇ ਦੁੱਖ ਨਾਲ ਤਿੰਨ ਦਿਨ ਖਿਡਾਰੀਆਂ ਨੇ ਰੋਟੀ ਛੱਡੀ ਰੱਖੀ .... ਸੋ ਇਹ ਖਾਹਿਸ਼ ਪੂਰੀ ਨਾ ਹੋ ਸਕੀ।

? ਨਵੀਂ ਦੁਨੀਆ ਦੇ ਪਾਠਕਾਂ ਲਈ ਕੋਈ ਸੁਨੇਹਾ।

– ਮਾਂ ਬਾਪ ਨੂੰ ਕਹਿਣਾ ਚਹਾਂਗਾ ਕਿ ਆਪਣੇ ਬੱਚਿਆਂ ਦੀਆਂ ਰੁਚੀਆਂ ਦਾ ਖਿਆਲ ਰੱਖਣ। ਉਨ੍ਹਾਂ ਨੂੰ ਹਰ ਤਰ੍ਹਾਂ ਦਾ 'ਐਕਸਪੋਜ਼ਰ' ਦੇਣ ਦਾ ਯਤਨ ਕਰੋ, ਗਿੱਧਾ, ਭੰਗੜਾ, ਖੇਡਾਂ ਇਨ੍ਹਾਂ ਲਈ ਸਭ ਕੁਝ ਜ਼ਰੂਰੀ ਹੈ, ਇਹ ਇਨ੍ਹਾਂ ਨੂੰ ਚੰਗਾ ਖਿਡਾਰੀ ਨਾ ਸਹੀ, ਚੰਗਾ ਇਨਸਾਨ ਜ਼ਰੂਰ ਬਣਾਵੇਗਾ।

ਸੰਪਾਦਨ ਅਤੇ ਅਲੇਖ:
ਪ੍ਰੋ. ਰਾਕੇਸ਼ ਰਮਨ

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension

- Lube & Oil
- Tires
- Batteries
Contact:
Umesh Amin
Ph:780 463 2886
Fax: 780 463 6536
email: unamin@gmail.com

WE CARE YOUR CAR BETTER

Elite Driving School
Learn to drive with experienced,
caring & friendly instructor
Lessons available in English, Hindi, Punjabi & Urdu
ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।
19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।
19 Years Road Experience
15 Hours in Class Room
& 10 Hours in Car
Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.
Gurmail Dhaliwal (Garry)
780-265-6990

2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਵਿਸ਼ਵੀਕਰਨ ਅਤੇ ਕੈਨੇਡੀਅਨ ਪੰਜਾਬੀ ਕਵਿਤਾ

ਡਾ. ਰਤਨ ਸਿੰਘ ਢਿੱਲੋਂ

ਵਿਸ਼ਵੀਕਰਨ ਦਾ ਢੋਲ ਵੱਜ ਰਿਹਾ ਹੈ। ਬਹੁਤੇ ਲੋਕ ਇਸ ਢੋਲ ਦੀ ਤਾਲ 'ਤੇ ਨੱਚ ਰਹੇ ਹਨ ਜਦੋਂ ਕਿ ਕੁਝ ਸੋਚਵਾਨ, ਚਿੰਤਨਸ਼ੀਲ ਜਾਗ੍ਰਤ ਲੋਕ ਇਸ ਦੀ ਪੋਲ ਖੋਲ੍ਹ ਰਹੇ ਹਨ। ਵਿਸ਼ਵੀਕਰਨ ਦੇ ਦੌਰ ਨੇ ਸਮਾਜਕ ਸੰਸਥਾਵਾਂ, ਸਾਹਿਤ, ਸਭਿਆਚਾਰ ਉੱਤੇ ਸਿੱਧਾ/ਅਸਿੱਧਾ ਨਕਾਰਾਤਮਕ ਅਤੇ ਸਕਾਰਤਮਕ, ਦੋਹਾਂ ਤਰ੍ਹਾਂ ਦਾ ਪ੍ਰਭਾਵ ਪਾਇਆ ਹੈ। ਵਿਸ਼ਵੀਕਰਨ ਦੀ ਵਿਧੀ ਨਾਲ ਪੂੰਜੀਵਾਦੀ ਦੇਸ਼ਾਂ ਨੇ ਤੀਜੀ ਦੁਨੀਆ 'ਤੇ ਆਪਣੀ ਸਰਦਾਰੀ ਕਾਇਮ ਕੀਤੀ ਹੈ ਜਿਸ ਲਈ ਉਨ੍ਹਾਂ ਨੇ ਸੰਚਾਰ ਦੇ ਆਧੁਨਿਕਤਮ ਸਾਧਨਾਂ, ਸੈਟਾਲਾਈਟਾਂ, ਇੰਟਰਨੈਟ, ਵੈਬ (ਜਾਲ) ਆਦਿ ਦੀ ਵਰਤੋਂ ਕੀਤੀ ਹੈ। ਨਿਜੀਕਰਨ, ਉਦਾਰਵਾਦ, ਖੁਲ੍ਹਾ ਵਪਾਰ, ਬਹੁਕੌਮੀ ਕੰਪਨੀਆਂ, ਵਿਸ਼ਵ ਵਪਾਰ ਸੰਗਠਨ, ਵਿਦੇਸ਼ੀ ਨਿਵੇਸ਼, ਮਾਨਵੀ ਸਰੋਤਾਂ ਦੀ ਵਰਤੋਂ, ਤਕਨੀਕੀ ਅਦਲਾ ਬਦਲੀ ਆਦਿ ਅਜਿਹੀਆਂ ਜੁਗਤਾਂ ਹਨ ਜਿਨ੍ਹਾਂ ਰਾਹੀਂ ਪੂੰਜੀਵਾਦੀ ਦੇਸ਼ਾਂ ਨੇ ਵਿਕਸਤ ਹੋ ਰਹੇ ਅਤੇ ਅਵਿਕਸਤ ਦੇਸ਼ਾਂ ਨੂੰ ਆਪਣੇ ਅੰਗੂਠੇ ਥੱਲੇ ਰੱਖਣ ਦਾ ਪਰਪੰਚ ਰਖਿਆ ਹੈ। ਤਕਨਾਲੋਜੀ ਦੇ ਸਿਰ 'ਤੇ ਪੂੰਜੀਵਾਦੀ ਮੁਲਕ ਦੂਜੇ ਦੇਸ਼ਾਂ ਨੂੰ ਆਪਣੇ ਉੱਤੇ ਆਸ਼ਰਿਤ ਕਰ ਰਹੇ ਹਨ। ਇਸ ਵਿਸ਼ਵੀਕਰਨ ਨੂੰ ਉਦਾਰਵਾਦੀ ਨਿਜੀਕਰਨ ਅਤੇ ਬਸਤੀਵਾਦ ਤੋਂ ਅਲੱਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਸ ਦੌਰ ਵਿਚ ਭਾਵੇਂ ਭੂਗੋਲਿਕ ਹੱਦਾਂ ਕਾਇਮ ਹਨ ਪਰ ਸਭਿਆਚਾਰਕ ਭੂਗੋਲ ਬਦਲ ਰਿਹਾ ਹੈ। ਮਨੁੱਖ ਇਕੋ ਸਮੇਂ ਆਪਣੇ ਆਪ ਨਾਲ ਵੀ ਜੁੜਿਆ ਹੋਇਆ ਹੈ ਅਤੇ ਉਸ ਦੀ ਕੌਮਾਂਤਰੀ ਹੋਂਦ ਵੀ ਹੈ। ਦੂਜੇ ਸ਼ਬਦਾਂ ਵਿਚ ਉਹ ਸਾਪੇਖ ਵੀ ਹੈ ਅਤੇ ਨਿਰਪੇਖ ਵੀ। ਕਿਸੇ ਵੀ ਦੇਸ਼ ਦੀ ਸਰਕਾਰ ਵਲੋਂ ਵੀਜਾ ਨਾ ਦਿਤੇ ਜਾਣ ਕਰ ਕੇ ਭਾਵੇਂ ਉਹ ਉਸ ਦੇਸ਼ ਦੀ ਧਰਤੀ 'ਤੇ ਪੈਰ ਨਾ ਪਾ ਸਕੇ ਪਰ ਮਾਊਸ ਦੀ ਇਕ ਕਲਿਕ ਨਾਲ ਉਹ ਕਿਸੇ ਵੀ ਦੇਸ਼ ਦੀਆ ਹੱਦਾਂ ਉਲੰਘ ਸਕਦਾ ਹੈ ਜਾਂ ਉਸ ਦੇਸ਼ ਨੂੰ ਆਪਣੀ ਮੇਜ਼ 'ਤੇ ਬੁਲਾ ਸਕਦਾ ਹੈ।

ਵਿਸ਼ਵੀਕਰਨ ਦਾ ਦੌਰ ਮੁੱਖ ਤੌਰ 'ਤੇ ਦੂਜੇ ਸੰਸਾਰ ਯੁੱਧ ਤੋਂ ਬਾਅਦ ਸ਼ੁਰੂ ਹੋ ਗਿਆ ਸੀ ਪਰ ਬਿਜਲਈ ਸੰਚਾਰ ਸਾਧਨਾਂ ਨਾਲ ਇਸ ਨੂੰ ਪਿਛਲੇ ਕੁਝ ਵਰ੍ਹਿਆਂ ਦੌਰਾਨ ਵੱਧ ਬਲ ਮਿਲਿਆ ਹੈ। ਇਸ ਨੇ ਨਵ-ਬਸਤੀਵਾਦ ਨੂੰ ਜਨਮ ਦਿਤਾ ਹੈ। ਵਿਦੇਸ਼ੀ ਕੰਪਨੀਆਂ ਆਪਣੇ ਕਾਲ ਸੈਂਟਰ ਭਾਰਤ ਵਿਚ ਕਾਇਮ ਇਸ ਲਈ ਕਰਦੀਆਂ ਹਨ ਕਿ ਇਥੇ ਸਸਤੀ ਮਜ਼ਦੂਰੀ ਅਤੇ ਵਾਧੂ ਪੜ੍ਹੇ ਲਿਖੇ ਨੌਜਵਾਨ ਮਿਲ ਜਾਂਦੇ ਹਨ ਅਤੇ ਕੰਪਨੀਆਂ ਦੇ ਮੁਨਾਫੇ ਵਿਚ ਲਗਾਤਾਰ ਵਾਧਾ ਹੋਈ ਜਾਂਦਾ ਹੈ। ਨੌਜਵਾਨ ਵੀ ਪੈਕੇਜ ਵਰਗੇ ਸ਼ਬਦਾਂ ਦੀ ਵਰਤੋਂ ਕਰਦਿਆਂ ਇਸ ਗੱਲ ਤੋਂ ਅਨਜਾਣ ਹਨ ਕਿ ਉਹ ਸ਼ੋਸ਼ਿਤ ਹੋ ਰਹੇ ਹਨ। ਵਿਸ਼ਵੀਕਰਨ ਨਾਲ ਜਿਥੇ ਪੂੰਜੀਵਾਦੀ ਮੁਲਕਾਂ ਦੀ ਸਰਦਾਰੀ ਵਧੀ ਹੈ ਉਥੇ ਤੀਜੀ ਦੁਨੀਆ ਦੇ ਮੁਲਕਾਂ ਵਿਚ ਬੇਕਾਰੀ ਵਧੀ ਹੈ। ਪੂੰਜੀਵਾਦ ਨੇ ਹੀ ਵਿਸ਼ਵੀਕਰਨ ਦਾ ਨਾਅਰਾ ਦਿਤਾ ਹੈ। ਚਿੱਤ ਵੀ ਉਨ੍ਹਾਂ ਦਾ ਹੈ ਅਤੇ ਪੱਟ ਵੀ ਉਨ੍ਹਾਂ ਦਾ।

ਵਿਸ਼ਵੀਕਰਨ ਕੋਈ ਮਿੱਥ ਹੈ ਜਾਂ ਸੱਚਾ ਵਰਤਾਰਾ ਹੈ, ਇਸ ਬਾਰੇ ਵੀ ਮੱਤਭੇਦ ਹੈ।ਵਿਸ਼ਵੀਕਰਨ ਦੇ ਢੋਲ ਦੀ ਤਾਲ 'ਤੇ ਨੱਚਣ ਵਾਲੇ ਇਹ ਸਮਝਦੇ ਹਨ ਕਿ ਵਿਸ਼ਵੀਕਰਨ ਦੁਨੀਆ ਦੇ ਮੁਲਕਾਂ ਦਾ ਕੌਮਾਂਤਰੀਕਰਨ ਹੈ ਪ੍ਰੰਤੂ ਕਿਉਂ ਕਿ ਕਿਸੇ ਮੁਲਕ ਦੀਆਂ ਹੱਦਾਂ ਨਹੀਂ ਬਦਲੀਆਂ ਜਾਣੀਆਂ ਇਸ ਲਈ ਵਿਸ਼ਵੀਕਰਨ ਵੀ ਨਹੀਂ ਹੋਣਾ। ਕਈ ਇਸ ਨੂੰ ਕਲਪਨਾ ਕੀਤਾ ਭੂਗੋਲ ਕਹਿੰਦੇ ਹਨ ਜਿਸ ਦਾ ਅਰਥ ਨਵੀਆ ਆਜ਼ਾਦ ਹੋਈਆਂ ਕੌਮਾਂ 'ਤੇ ਰਾਜ ਕਰਨਾ ਹੈ। ਤੀਜੀ ਦੁਨੀਆ ਦੇ ਦੇਸ਼ਾਂ ਵਿਚ ਸੂ-ਡੋ-ਕੂ ਵਰਗੀਆਂ ਗੇਮਾਂ ਅਤੇ ਵਿਦੇਸ਼ੀ ਮੁਹਾਵਰੇ ਵੀ ਵਿਸ਼ਵੀਕਰਨ ਕਰ ਕੇ ਆਈ ਤਬਦੀਲੀ ਦੀ ਸੂਚਨਾ ਦਿੰਦੇ ਹਨ।

ਭਾਰਤ ਵਿਚ ਰਹਿ ਰਹੇ ਕਿਸੇ ਸਕਾਲਰ ਦੀ ਵਿਸ਼ਵੀਕਰਨ ਬਾਰੇ ਸੋਚ ਅਤੇ ਕੈਨੇਡਾ ਦੇ ਪੰਜਾਬੀ ਸਾਹਿਤਕਾਰ ਦੀ ਸੋਚ ਵਿਚ ਅੰਤਰ ਹੋ ਸਕਦਾ ਹੈ ਕਿਉਂਕਿ ਜਿਥੇ ਭਾਰਤੀ ਸਾਹਿਤਕਾਰ ਇਸ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਨਹੀਂ ਹੈ ਉਥੇ ਕੈਨੇਡੀਅਨ ਸਾਹਿਤਕਾਰ ਇਸ ਦੇ ਪ੍ਰਭਾਵਾਂ ਦਾ ਤਤਕਾਲੀ ਦ੍ਰਿਸ਼ਟਾ ਹਨ। ਮੈਂ ਇਥੇ ਇਕ ਭਾਰਤੀ ਅਤੇ ਇਕ ਕੈਨੇਡੀਅਨ ਵਿਦਵਾਨ ਵਲੋਂ ਵਿਸ਼ਵੀਕਰਨ ਸਬੰਧੀ ਦਿਤੀਆਂ ਪਰਿਭਾਸ਼ਾਵਾਂ ਦਾ ਜ਼ਿਕਰ ਕਰਨਾ ਚਾਹਵਾਂਗਾ। ਭਾਰਤੀ ਸਕਾਲਰ ਡਾ. ਗੁਰਭਗਤ ਸਿੰਘ ਅਨੁਸਾਰ ''ਵਿਸ਼ਵੀਕਰਨ ਵਿਸ਼ਵੀ ਚਿੰਤਨ ਜਾਂ ਪਰਿਪੇਖਾਂ ਨਾਲ ਸੰਸਕਾਰ, ਸੰਗਠਨੀ ਅਤੇ ਪ੍ਰਗਟਾਉ ਰੂਪਾਂ ਵਿਚ ਆਈ ਉਹ ਤਬਦੀਲੀ ਹੈ ਜਿਸ ਨੇ ਇਕ ਵਿਲੱਖਣ ਚਰਿੱਤਰ ਉਸਾਰ ਲਿਆ ਹੈ।''

ਕੈਨੇਡੀਅਨ ਸਾਹਿਤਕਾਰ ਡਾ. ਦਰਸ਼ਨ ਗਿੱਲ ਦਾ ਕਹਿਣਾ ਹੈ, ''ਵਿਸ਼ਵੀਕਰਨ ਵਿਤੀ ਪੂੰਜੀ, ਵਸਤੂਆਂ, ਸੇਵਾਵਾਂ ਤੇ ਵਪਾਰ ਦਾ ਵਿਸ਼ਵੀਕਰਨ ਹੈ ਪਰ ਸਰਮਾਏ ਅਤੇ ਵਪਾਰ ਉਤੇ ਗਿਣਤੀ ਦੀਆਂ ਜੀ-7 ਵਰਗੇ ਦੇਸ਼ਾਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਦਾ ਕਬਜ਼ਾ ਹੈ ਜਿਨ੍ਹਾਂ ਵਿਚੋਂ ਬਹੁਤੀਆਂ ਅਮਰੀਕਾ ਅਤੇ ਯੂਰਪੀ ਯੂਨੀਅਨ ਨਾਲ ਸਬੰਧਤ ਹਨ।'

ਵਿਸ਼ਵੀਕਰਨ ਦੇ ਪਰਦੇ ਥੱਲੇ ਪੈਦਾ ਕੀਤੀਆਂ ਅਜਿਹੀਆਂ ਹਾਲਤਾਂ ਦਾ ਸਮਾਜ, ਸਭਿਆਚਾਰ ਅਤੇ ਸਾਹਿਤ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਜਦੋਂ ਸਭਿਆਚਾਰਕ ਪਰੰਪਰਾਵਾਂ, ਤੌਰ ਤਰੀਕੇ ਬਦਲਣਗੇ ਤਾਂ ਸਾਹਿਤ ਦੇ ਵਿਸ਼ਾ ਵਸਤੂ ਅਤੇ ਸਾਹਿਤ ਰੂਪਾਂ/ਵਿਧੀਆਂ, ਪ੍ਰਗਟਾ ਮਾਧਿਅਮਾਂ ਆਦਿ ਵਿਚ ਵੀ ਤਬਦੀਲੀ ਆਵੇਗੀ। ਸਭਿਆਚਾਰ ਡਾਇਸਪੋਰਾ ਦੀ ਸਥਿਤੀ ਵਿਚ ਚਲੇ ਜਾਂਦੇ ਹਨ। ਕੈਨੇਡਾ ਵਿਚ ਵਸਣ ਵਾਲੇ ਪੰਜਾਬੀ ਆਪਣੀ ਧਰਤੀ ਤੋਂ ਦੂਰ ਇਕ ਪੂੰਜੀਵਾਦੀ ਪ੍ਰਬੰਧ ਵਿਚ ਜੀ ਰਹੇ ਹਨ। ਇਸ ਪ੍ਰਬੰਧ ਵਿਚੋਂ ਬਹੁਤ ਕੁਝ ਮਿਲ ਗਿਆ ਹੈ ਪਰ ਇਸ ਨਾਲ ਜ਼ਿਆਦਾ ਕੁਝ ਖੁਸ਼ ਗਿਆ ਹੈ। ਭਾਵਨਾਵਾਂ, ਰਿਸ਼ਤਿਆਂ, ਮਨੋਰੰਜਨ ਦੇ ਸਾਧਨਾਂ, ਜੱਦੀ ਪੁਸ਼ਤੀ ਕਿਤਿਆਂ ਵਿਚ ਤਬਦੀਲੀ ਆਈ ਹੈ। ਪਰਿਵਾਰਾਂ ਦੇ ਟੁੱਟਣ ਦੀ ਰੁੱਤ ਹੈ। ਇਕ ਆਪਾ ਆਪਣੀ ਬਣ ਚੁੱਕੀ ਬੇਗਾਨੀ ਧਰਤ 'ਤੇ ਹੈ ਅਤੇ ਦੂਜਾ ਆਪਾ ਆਪਣੀ ਜੰਮਣ ਭੌਂ 'ਤੇ ਹੈ। ਇਸ ਪ੍ਰਕਾਰ ਮਾਨਸਿਕਤਾ ਦੋਫਾੜ ਹੋ ਗਈ ਹੈ। ਸਾਹਿਤ ਦੇ ਵਿਚਾਰਧਾਰਕ ਸਰੋਕਾਰ ਬਦਲ ਗਏ ਹਨ। ਆਧੁਨਿਕ ਤਕਨੀਕਾਂ ਦੇ ਸਹਾਰੇ ਜ਼ਿੰਦਗੀ ਕੱਟ ਰਿਹਾ ਇਨਸਾਨ ਵਖਰੀ ਧਰਤੀ ਤੇ ਸਮਾਜਕ ਵਰਤਾਰਿਆਂ ਦਾ ਹਿੱਸਾ ਬਣਿਆ ਅਵਚੇਤਨ ਦੀ ਪੱਧਰ ਤੇ ਹੋਰ ਜੀਵਨ ਜੀ ਰਿਹਾ ਹੈ। ਪਲ ਪਲ ਬਦਲਦੇ ਯਥਾਰਥ ਨੂੰ ਦੇਖ ਅਤੇ ਭੋਗ ਰਿਹਾ ਹੈ। ਨੈਤਿਕ ਕੀਮਤਾਂ ਵਿਚ ਆ ਚੁੱਕੇ ਨਿਘਾਰ ਨੂੰ ਦੇਖ ਰਿਹਾ ਹੈ। ਅਜਿਹੀਆਂ ਪ੍ਰਸਥਿਤੀਆਂ ਕਿਸ ਪ੍ਰਕਾਰ ਦੇ ਸਾਹਿਤ ਨੂੰ ਜਨਮ ਦੇਣਗੀਆਂ ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ਼ਤਿਹਾਰਬਾਜ਼ੀ ਦੇ ਇਸ ਦੌਰ ਵਿਚ ਇਨਸਾਨ ਵੀ ਮੰਡੀ ਦੀ ਵਸਤ ਬਣ ਗਿਆ ਹੈ। ਇੱਥੇ ਮੈਂ ਆਪਣੇ ਅਧਿਆਪਕ ਮਰਹੂਮ ਪ੍ਰੋ. ਹਿੰਮਤ ਸਿੰਘ ਸੋਢੀ ਦੀ ਇਕ ਕਵਿਤਾ ਵਿਚੋਂ ਕੁਝ ਸਤਰਾਂ ਦੇਣ ਦੀ ਖੁਲ੍ਹ ਚਾਹਵਾਂਗਾ। ਉਨ੍ਹਾਂ ਨੇ ਅੱਜ ਤੋਂ ਕਈ ਦਹਾਕੇ ਪਹਿਲਾਂ ਕਿਹਾ ਸੀ,

ਨੰਗੇ ਪੈਰੀਂ ਪੁੱਤ ਜਾ ਰਹੇ ਪੜ੍ਹਨ ਵਾਸਤੇ
ਵਲਟੋਹਿਆਂ ਵਿਚ ਦੁੱਧ ਜਾ ਰਿਹਾ ਕੜ੍ਹਨ ਵਾਸਤੇ
ਕੀ ਪੜ੍ਹਿਆ ਕੀ ਕੜ੍ਹਿਆ
ਹਰ ਕੋਈ ਬਣਿਆ ਵਸਤ ਮੰਡੀ ਦੀ।

ਅਤੇ ਹੁਣ ਇਸ ਵਿਸ਼ਵੀਕਰਨ ਨੇ ਸਾਨੂੰ ਸਚਮੁਚ ਹੀ ਮੰਡੀ ਦੀ ਵਸਤ ਬਣਾ ਦਿਤਾ ਹੈ। ਮਾਲ ਕਲਚਰ ਦਾ ਅੰਗ ਬਣਾ ਦਿਤਾ ਹੈ। ਪਿਆਰ, ਮੋਹ, ਰਿਸ਼ਤੇ, ਦੇਹ ਵਿਸ਼ਵੀਕਰਨ ਨੇ ਸਭ ਦਾ ਮੰਡੀਕਰਨ ਕਰ ਦਿਤਾ ਹੈ। ਮੰਡੀ ਦੀ ਭਾਸ਼ਾ ਅੰਗਰੇਜ਼ੀ ਬਣ ਗਈ ਹੈ ਅਤੇ ਵਿਸ਼ਵੀਕਰਨ ਸਾਥੋਂ ਸਾਡੀਆਂ ਜ਼ੁਬਾਨਾਂ ਵੀ ਖੋਹ ਰਿਹਾ ਹੈ, ਭਾਸ਼ਾਈ ਗੁਲਾਮੀ ਦੇ ਰਿਹਾ ਹੈ। ਜਿਸ ਦੀ ਮੰਡੀ ਵਿਚ ਸਰਦਾਰੀ ਹੈ ਉਸੇ ਦੀ ਭਾਸ਼ਾ ਦੀ ਵੀ ਸਰਦਾਰੀ ਹੈ। ਇਕ ਵਿਦਵਾਨ ਨੇ ਤਾਂ ਵਿਸ਼ਵੀਕਰਨ ਵਿਚ ਮੰਡੀਕਰਨ ਨੂੰ ਇਸ ਪੱਖੋਂ ਚੰਗਾ ਦੱਸਿਆ ਹੈ ਕਿ ਪੂੰਜੀਵਾਦੀ ਨੂੰ ਦੂਜੇ ਮੁਲਕਾਂ ਵਿਚ ਆਪਣਾ ਸਮਾਨ ਵੇਚਣ ਲਈ ਉਥੋਂ ਦੀਆਂ ਭਾਸ਼ਾਵਾਂ ਨੂੰ ਵੀ ਪ੍ਰਵਾਨਗੀ ਦੇਣੀ ਪੈ ਰਹੀ ਹੈ, ਇਸ ਲਈ ਇਹ ਇਕ ਚੰਗਾ ਲੱਛਣ ਹੈ। ਅਜਿਹੇ ਵਿਦਵਾਨ ਨੂੰ ਮੈਂ ਵਿਸ਼ਵੀਕਰਨ ਦੇ ਢੋਲ ਦੀ ਤਾਲ 'ਤੇ ਨੱਚਣ ਵਾਲਾ ਵਿਦਵਾਨ ਹੀ ਆਖਾਂਗਾ।

ਜਿਥੋਂ ਤਕ ਕੈਨੇਡੀਅਨ ਪੰਜਾਬੀ ਕਵਿਤਾ ਦੀ ਗੱਲ ਹੈ, ਇਸ ਦਾ ਇਤਿਹਾਸ ਅਸਲ ਅਰਥਾਂ ਵਿਚ 70ਵਿਆਂ ਤੋਂ ਬਾਅਦ ਸ਼ੁਰੂ ਹੁੰਦਾ ਹੈ ਜਦੋਂ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਪਰਵਾਸ ਧਾਰਦੀ ਹੈ। ਅਜਿਹੇ ਨੌਜਵਾਨ ਪੰਜਾਬ ਵਿਚ ਚਲੀ ਨਕਸਲਬਾੜੀ ਲਹਿਰ ਵੀ ਦੇਖ ਚੁੱਕੇ ਹਨ ਅਤੇ ਸਟੇਟ ਵਲੋਂ ਹੁੰਦੇ ਜ਼ੁਲਮ ਦੇ ਵੀ ਸਾਖੀ ਸਨ। ਇਸ ਪ੍ਰਕਾਰ 1970 ਤੋਂ ਬਾਅਦ ਕੈਨੇਡਾ ਵਿਚ ਇਕ ਨਵੀਂ ਪੀੜ੍ਹੀ ਦਾ ਯੁੱਗ ਅਰੰਭ ਹੁੰਦਾ ਹੈ। ਭਾਵੇਂ ਇਹ ਪੀੜ੍ਹੀ ਆਪਣੀ ਧਰਤੀ ਤੋਂ ਵਿਗੋਚਾ, ਭੂ-ਹੇਰਵਾ, ਨਸਲਵਾਦ ਆਦਿ ਵਿਸ਼ਿਆਂ ਨੂੰ ਲੈ ਕੇ ਹੀ ਲਿਖ ਰਹੀ ਸੀ। ਇਨ੍ਹਾਂ ਵਿਚੋਂ ਬਹੁਤੇ ਤਾਂ ਭਾਰਤ ਵਿਚ ਲਿਖਦਿਆਂ ਹੀ ਕੈਨੇਡਾ ਪਰਵਾਸ ਕਰ ਗਏ ਸਨ। ਇਸ ਪ੍ਰਕਾਰ ਇਸ ਸਮੇਂ ਲਿਖੇ ਗਏ ਸਾਹਿਤ ਦਾ ਮੁਲੰਕਣ ਹੋਣਾ ਵੀ ਸ਼ੁਰੂ ਹੋ ਜਾਂਦਾ ਹੈ। ਰੋਜ਼ੀ ਰੋਟੀ ਲਈ ਸੰਘਰਸ਼ ਕਰਦਿਆਂ ਕਾਵਿ ਰਚਨਾ ਕਰਨਾ ਸੂਰਮਗਤੀ ਦਾ ਪ੍ਰਮਾਣ ਹੈ। ਅਜਿਹੇ ਕਵੀਆਂ ਦੀ ਰਚਨਾਤਮਕ ਸ਼ਕਤੀ ਨੇ ਉਨ੍ਹਾਂ ਦੇ ਜੀਵਨ ਨੂੰ ਸੰਚਾਲਿਤ ਕੀਤਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਕੈਨੇਡੀਅਨ ਕਵਿਤਾ ਦਾ ਇਤਿਹਾਸ ਵਿਕਾਸ ਮੁਖੀ ਹੈ। ਇੰਗਲੈਂਡ ਤੋਂ ਬਾਅਦ ਕੈਨੇਡਾ ਹੀ ਇਕ ਅਜਿਹਾ ਦੇਸ਼ ਹੈ ਜਿਥੇ ਸਾਹਿਤਕਾਰ ਬਹੁ -ਗਿਣਤੀ ਵਿਚ ਰਚਨਾ ਕਰਦੇ ਹਨ। ਕੈਨੇਡਾ ਦੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਨੇ ਸਭ ਤੋਂ ਪਹਿਲਾਂ 1979 ਵਿਚ 27 ਕਵੀਆਂ ਦੀਆਂ ਕਵਿਤਾਵਾਂ ਦਾ ਇਕ ਸੰਗ੍ਰਹਿ ਛਾਪਿਆ। ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਨਵਤੇਜ ਭਾਰਤੀ, ਡਾ. ਦਰਸ਼ਨ ਗਿੱਲ ਅਜਿਹੇ ਲੇਖਕ ਹਨ ਜੋ ਲਗਾਤਾਰ ਲਿਖਦੇ ਆਏ ਹਨ ਅਤੇ ਇਨ੍ਹਾਂ ਨੇ ਸਾਹਿਤ ਦੀ ਮੁੱਖਧਾਰਾ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਨਦੀਮ ਪਰਮਾਰ, ਅਜਮੇਰ ਰੋਡੇ, ਅਮਨ ਪਾਲ ਸਾਰਾ, ਮਨਜੀਤ ਮੀਤ, ਲੱਖ ਕਰਨਾਲਵੀ, ਜਸਬੀਰ ਕਾਲਰਵੀ, ਹਰਭਜਨ ਸਿੰਘ ਮਾਂਗਟ ਵਰਗੇ ਚਰਚਿਤ ਕਵੀ ਨਿਰੰਤਰ ਕਾਵਿ-ਸਾਧਨਾ ਕਰ ਰਹੇ ਹਨ ਅਤੇ ਪੰਜਾਬੀ ਸ਼ਬਦ ਸਭਿਆਚਾਰ ਦਾ ਖ਼ਜ਼ਾਨਾ ਭਰ ਰਹੇ ਹਨ।

ਵਿਸ਼ਵੀਕਰਨ ਅਤੇ ਕੈਨੇਡੀਅਨ ਪੰਜਾਬੀ ਕਵਿਤਾ ਦੀ ਗੱਲ ਕਰਨ ਲਈ ਮੈਨੂੰ ਸਾਧੂ ਬਿਨਿੰਗ ਦੀ ਕਵਿਤਾ ''ਬਰਾਕ ਓਬਾਮਾ'' ਦਾ ਸਹਾਰਾ ਲੈਣਾ ਪੈ ਰਿਹਾ ਹੈ। ਸਾਮਰਾਜੀ ਮੁਲਕਾਂ ਦਾ ਸਰਗਣਾ ਅਮਰੀਕਾ ਹੈ ਅਤੇ ਅਮਰੀਕਾ ਦੇ ਰਾਸ਼ਟਰਪਤੀ ਦਾ ਨਿਵਾਸ ਵਾਈਟ ਹਾਊਸ ਹੈ ਜਿਸ ਨੂੰ ਇਸ ਸਾਮਰਾਜੀ ਸ਼ਕਤੀ ਦਾ ਕੇਂਦਰ ਕਿਹਾ ਜਾ ਸਕਦਾ ਹੈ। ਇਹ ਸਾਮਰਾਜਵਾਦ ਵਿਸ਼ਵੀਕਰਨ ਦਾ ਜਨਮਦਾਤਾ ਹੈ। ਕੀ ਇਕ ਗੈਰ ਗੋਰੇ ਦੇ ਇਸ ਵਾਈਟ ਹਾਊਸ ਵਿਚ ਬੈਠਣ ਨਾਲ ਤੀਜੀ ਦੁਨੀਆਂ ਦੇ ਹਾਲਾਤ ਬਦਲ ਸਕਦੇ ਹਨ? ਇਸੇ ਸਵਾਲ ਨੂੰ ਲੈ ਕੇ ਚਲਦੀ ਹੈ ਸਾਧੂ ਸਿੰਘ ਬਿਨਿੰਗ ਦੀ ਕਵਿਤਾ ਬਰਾਕ ਓਬਾਮਾ। ਇਸ ਕਵਿਤਾ ਵਿਚ ਪੂੰਜੀਵਾਦੀ ਮੁਲਕ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਅਰਥ ਦਿਤੇ ਗਏ ਹਨ :

ਤੇਰੇ ਕੋਲੋਂ ਇਸ ਚਿੱਟੇ ਘਰ ਦਾ
ਰੰਗ ਬਦਲ ਨਹੀਂ ਹੋਣਾ
ਢੰਗ ਬਦਲ ਨਹੀਂ ਹੋਣਾ
ਇਹ ਘਰ ਗੁਲਾਮਾਂ ਦੇ ਮੁੜ੍ਹਕੇ ਨਾਲ ਉਸਰਿਆ ਸੀ।
ਇਹ ਘਰ ਗੁਲਾਮਾਂ ਦੇ ਮੁੜ੍ਹਕੇ ਨਾਲ ਹੀ ਚਲਦਾ ਹੈ।
ਕਦੇ ਗੁਲਾਮ ਇਥੇ ਲਿਆਂਦੇ ਜਾਂਦੇ ਸਨ
ਹੁਣ ਇਹ ਘਰ ਕੰਮ ਕਰਾਉਣ – ਉਨ੍ਹਾਂ ਕੋਲ ਚਲੇ ਜਾਂਦਾ ਹੈ।
ਤੇ ਆਪਣੇ ਕੰਮਾਂ ਤੇ ਮਾਲਕਾਂ ਦੀ ਰਾਖੀ ਲਈ
ਇਹਨੇ ਸਵਾ ਸੌ ਮੁਲਕਾਂ 'ਚ
ਫੌਜਾਂ ਤਾਇਨਾਤ ਕੀਤੀਆਂ ਹਨ
ਕੀ ਹੁਣ ਫੌਜੀਆਂ ਤੋਂ ਰਫਲਾਂ ਲੈ ਕੇ
ਉਨ੍ਹਾਂ ਨੂੰ ਫੁੱਲ ਫੜਾ ਦੇਏਂਗਾ?

ਇਰਾਕ, ਕੋਰੀਆ, ਵੈਨਜ਼ਵੇਲਾ ਜਾਂ ਜਿਹੜਾ ਵੀ ਕੋਈ
ਤੇਰੀ ਸਰਦਾਰੀ ਤੋਂ ਆਕੀ ਹੋਵੇਗਾ
ਉਹਦੇ ਨਾਲ ਤੂੰ ਸਰਦਾਰਾਂ ਵਾਂਗ ਪੇਸ਼ ਆਵੇਂਗਾ

ਇਸ ਕਵਿਤਾ ਦੀਆ ਹੇਠ ਲਿਖੀਆਂ ਸਤਰਾਂ ਬੜੇ ਧਿਆਨ ਦੀ ਮੰਗ ਕਰਦੀਆਂ ਹਨ :

ਜਿਨ੍ਹਾਂ ਲੋਕਾਂ ਨੂੰ ਕੰਮ ਦੀ ਕੋਈ ਗਰੰਟੀ ਨਾ ਹੋਵੇ
ਜਿਨ੍ਹਾਂ ਲੋਕਾਂ ਨੂੰ ਸਿਰ 'ਤੇ ਛੱਤ ਦਾ ਭਰੋਸਾ ਨਾ ਹੋਵ
ਜਿਨ੍ਹਾਂ ਨੂੰ ਬਿਮਾਰ ਹੋ ਜਾਣ ਦਾ ਹੀ ਮੌਤ ਜਿੰਨਾ ਡਰ ਹੋਵੇ
ਉਨ੍ਹਾਂ ਨੂੰ ਰੱਬ ਦਾ ਆਸਰਾ ਤਾਂ ਚਾਹੀਦਾ ਹੀ ਹੈ।
(ਸਿਰਜਣਾ -151)

ਸਾਧੂ ਬਿਨਿੰਗ ਦੀ ਇਹ ਕਵਿਤਾ ਬਹੁਤ ਡੂੰਘੇ ਅਰਥਾਂ ਦਾ ਸਿਰਜਨ ਕਰਦੀ ਹੈ। ਕੀ ਵਾਈਟ ਹਾਊਸ ਵਿਚ ਇਕ ਕਾਲੀ ਨਸਲ ਦੇ ਵਿਅਕਤੀ ਦੇ ਬੈਠ ਜਾਣ ਨਾਲ ਪੂੰਜੀਵਾਦੀ ਮੁਲਕ ਅਮਰੀਕਾ ਦੀ ਸੋਚ ਬਦਲ ਸਕਦੀ ਹੈ? ਇਸ ਦਾ ਜਵਾਬ ਹੈ ਬਿਲਕੁਲ ਨਹੀਂ। ਵਿਅਕਤੀ ਦੇ ਬਦਲਣ ਨਾਲ ਨੀਤੀ ਵਿਚ ਕੋਈ ਅੰਤਰ ਵਾਪਰਨ ਵਾਲਾ ਨਹੀਂ ਹੈ। ਵਿਸ਼ਵੀਕਰਨ ਨੇ ਇਨਸਾਨ ਨੂੰ ਡਾਇਸਪੋਰਾ ਦੀ ਸਥਿਤੀ ਵਿਚ ਲੈ ਆਂਦਾ ਹੈ। ਉਸ ਨੂੰ ਬੇਗਾਨੀਆਂ ਧਰਤੀਆਂ ਤੇ ਨਿਗੂਣੇ ਕੰਮ ਕਰਨੇ ਪੈ ਰਹੇ ਹਨ। ਸਾਧੂ ਬਿਨਿੰਗ ਹੀ ਇਕ ਹੋਰ ਕਵਿਤਾ ਵਿਚ ਪ੍ਰਸ਼ਨ ਕਰਦਾ ਹੈ

ਕੀ
ਭਾਂਡੇ ਧੋਣਾ
ਕੈਨੇਡੀਅਨ ਬਣਨਾ ਹੈ?

ਰਵਿੰਦਰ ਰਵੀ ਦਾ ਸਭ ਤੋਂ ਲੰਮਾ ਕਾਵਿ-ਸਫਰ ਹੈ। ਉਸ ਦਾ 17ਵਾਂ ਕਾਵਿ ਸੰਗ੍ਰਹਿ 'ਛਾਵਾਂ ਤੇ ਪ੍ਰਛਾਵੇਂ" ਵਿਚਲੀਆਂ ਕਵਿਤਾਵਾਂ ਵਿਸ਼ਵੀਕਰਨ ਦੇ ਦੌਰ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਵਾਲੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਵਿਸ਼ਵੀਕਨ ਦੇ ਪ੍ਰਭਾਵ ਨਾਲ ਜੋ ਪੀੜ੍ਹੀ-ਪਾੜਾ ਪੈਦਾ ਹੋਇਆ ਹੈ, ਬੱਚਿਆਂ ਦੀ ਮਾਨਸਿਕਤਾ, ਆਧੁਨਿਕ ਬਿਜਲਈ ਸੰਚਾਰ, ਮਨੋਰੰਜਨ ਅਤੇ ਗਿਆਨ ਸਾਧਨਾਂ ਨੇ ਉਨ੍ਹਾਂ ਦੇ ਜੀਵਨ ਨੂੰ ਕੈਦ ਦਾ ਰੂਪ ਦੇ ਕੇ ਮਾਪਿਆਂ ਨਾਲੋਂ ਤੋੜ ਦਿਤਾ ਹੈ, ਇਸ ਸਭ ਕੁਝ ਨੂੰ ਰਵੀ ਨੇ ਅਰਥਵਾਨ ਬਣਾਇਆ ਹੈ। ਸਭ ਤੋਂ ਵੱਡੀ ਗੱਲ ਇਹ ਕਿ ਉਸ ਦੀਆਂ ਪ੍ਰਗਟਾ ਵਿਧੀਆਂ ਵੀ ਆਧੁਨਿਕ ਹਨ। ਉਹ ਨਵੇਂ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਜੀਵਨ ਦੀ ਜਟਿਲਤਾ ਨੂੰ ਅਰਥ ਦਿੰਦਾ ਹੈ। ਕਵੀ ਨੂੰ ਵਿਸ਼ਵੀਕਰਨ ਦੀ ਸਥਿਤੀ ਜੜ੍ਹ-ਹੀਣਤਾ ਵਾਲੀ ਲਗਦੀ ਹੈ।

ਬਦਲ ਗਿਆ ਹੈ ਮੌਸਮ ਇਥੇ
ਰਿਸ਼ਤੇ, ਸਗਲ ਜਹਾਨ
ਸੋਚੇ, ਜੀਵੇ, ਵੇਖੇ, ਟੀ.ਵੀ.
ਟੀ.ਵੀ. ਦੀ ਸੰਤਾਨ
..................
ਪੂਰਬ, ਪੱਛਮ ਦੇ ਵਿਚ ਢਲਿਆ।
ਸੂਰਜ, ਪੱਛਮ ਦੇ ਅਸਮਾਨ।
ਵਿਸ਼ਵੀਕਨ ਨੇ ਬਦਲੀ ਦ੍ਰਿਸ਼ਟੀ
ਬਦਲੀ ਵਿਚ ਜਹਾਨ।

ਪਰਵਾਸੀ ਪੰਜਾਬੀਆਂ ਦੀ ਕੈਨੇਡਾ ਵਿਚ ਜੰਮੀ ਪਲੀ ਅਤੇ ਪ੍ਰਵਾਨ ਚੜ੍ਹੀ ਨਵੀਂ ਪੀੜ੍ਹੀ ਦੀਆਂ ਕੀਮਤਾਂ ਪਹਿਲੀ ਪੀੜ੍ਹੀ ਤੋਂ ਬਿਲਕੁਲ ਵੱਖਰੀਆਂ ਹਨ। ਉਹ ਨਹੀਂ ਜਾਣਦੇ ਕਿ ਉਨ੍ਹਾਂ ਦੇ ਵਡੇਰਿਆਂ ਦਾ ਕੀ ਸ਼ਾਨਾਂਮੱਤਾ ਇਤਿਹਾਸ ਰਿਹਾ ਹੈ ਜਾਂ ਪੰਜਾਬੀ ਇਕ ਮਾਰਸ਼ਲ ਕੌਮ ਰਹੀ ਹੈ। ਵਿਸ਼ਵੀਕਰਨ ਨੇ ਨਵੀਂ ਪੀੜ੍ਹੀ ਦੀ ਸੋਚ ਵਿਚੋਂ ਅਜਿਹੀਆਂ ਕੀਮਤਾਂ ਨੂੰ ਡਿਲੀਟ ਕਰ ਦਿਤਾ ਹੈ ਅਤੇ ਉਨ੍ਹਾਂ ਲਈ ਕੰਪਿਊਟਰ ਹੀ ਸਭ ਕੁਝ ਬਣ ਕੇ ਰਹਿ ਗਿਆ ਹੈ। ਕਵੀ ਰਵੀ ਕਹਿੰਦਾ ਹੈ

ਬੱਚੇ ਕੇਵਲ ਕੰਪਿਊਟਰ ਦੀ ਭਾਸ਼ਾ
ਬੋਲਦੇ, ਪੜ੍ਹਦੇ, ਸੁਣਦੇ ਤੇ ਲਿਖਦੇ ਹਨ।
ਉਨ੍ਹਾਂ ਲਈ ਖੇਡ ਦਾ ਮੈਦਾਨ,
ਗਿਆਨ, ਧਿਆਨ ਤੇ ਵਿਗਿਆਨ-
ਇਹ ਕੰਪਿਊਟਰ ਹੈ!!!
......................
ਬੱਚੇ ਕੰਪਿਊਟਰ ਮੂਹਰੇ ਬੈਠੇ, ਬੈਠੇ ਹੀ –
ਗਲੋਬਲ ਪਿੰਡ ਬਣ ਜਾਂਦੇ ਹਨ
ਤੇ ਮਾਂ ਬਾਪ
ਯਤਨ ਕਰਕੇ ਵੀ,
ਬੱਚਿਆਂ ਤਕ ਨਹੀਂ ਪਹੁੰਚ ਪਾਉਂਦੇ

ਕਵੀ ਰਵੀ ਅਨੁਸਾਰ ਇਸ ਵਿਸ਼ਵੀਕਰਨ ਨੇ ਖਤਰੇ ਦੀ ਘੰਟੀ ਵੀ ਵਜਾ ਦਿਤੀ ਹੈ। ਇਸ ਖਤਰੇ ਦੀ ਘੰਟੀ ਨੂੰ ਉਸ ਨੇ ਪ੍ਰਦੂਸ਼ਣ ਦਾ ਨਾਮ ਦਿਤਾ ਹੈ। ਤਰੱਕੀ ਦੇ ਨਾਲ ਨਾਲ ਇਹ ਅਲਾਮਤ ਵੀ ਇਨਸਾਨ ਦੇ ਪੱਲੇ ਪੈ ਗਈ ਹੈ ਜੋ ਸਾਹ ਘੁਟਵੀਂ ਹੈ। ਇਹ ਪ੍ਰਦੂਸ਼ਣ ਸਿਰਫ ਵਾਤਾਵਰਨ ਵਿਚ ਹੀ ਨਹੀਂ ਸਗੋਂ ਜੀਵਨ, ਘਰ, ਸਮਾਜ, ਸੱਤਾ, ਸਿਆਸਤ, ਹਰ ਸਿਸਟਮ ਵਿਚ ਆ ਗਿਆ ਹੈ :

ਗਲੋਬਲ ਪਿੰਡ ਤੋਂ ਰੁੱਸਿਆ ਸੂਰਜ
ਲੈ ਗਿਆ ਨਾਲ ਸਵੇਰਾ
ਕੇਂਦਰੋਂ ਟੁੱਟੇ ਗਿਆਨ ਤੇ ਸਾਇੰਸ
ਦਿਸ਼ਾ-ਹੀਣ ਹਰ ਗੇੜਾ

ਰਵੀ ਕੇਵਲ ਵਿਸ਼ਵੀਕਰਨ ਦੀ ਕਵਿਤਾ ਹੀ ਨਹੀਂ ਰਚਦਾ ਸਗੋਂ ਉਹ ਵਿਸ਼ਵ ਚੇਤਨਾ ਦੀ ਗੱਲ ਵੀ ਕਰਦਾ ਹੈ। ਅਤਿਵਾਦ, ਪ੍ਰਦੂਸ਼ਣ, ਅਮਰੀਕਾ ਦੇ ਦੂਜੇ ਦੇਸ਼ਾਂ ਨੂੰ ਦਬਾਉਣ ਦੇ ਢੰਗ ਤਰੀਕੇ, ਉਹ ਸਭ ਦੀ ਖਬਰ ਲੈਂਦਾ ਹੈ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਵਿਸ਼ਵੀ ਚੇਤਨਾ ਵਾਲਾ ਕਵੀ ਦਰਸਾਉਂਦੀ ਹੈ :

ਸੱਦਾਮ ਤੇ ਈਰਾਕ ਨੂੰ ਪੁੱਛੋ,
ਪੁੱਛੋ ਕਰਜ਼ਾਈ, ਅਫਗਾਨਿਸਤਾਨ ਨੂੰ :
ਗੁਆਨਟਾਨਾਮੇ ਬੇ ਦੇ ਕੈਦ ਘਰਾਂ ਵਿਚ
ਇਨਸਾਫ ਨਾਲ ਬਲਾਤਕਾਰ ਕਰਨ ਵਾਲਾ ਇਹ ਕੌਣ ਹੈ?

ਰਵੀ ਨੇ ਅਥਰੂਆਂ ਦਾ ਵਿਸ਼ਵੀਕਰਨ ਕਵਿਤਾ ਰਾਹੀਂ ਵਿਸ਼ਵੀਕਰਨ ਤੇ ਇਕ ਤਿੱਖਾ ਵਿਅੰਗ ਕੀਤਾ ਹੈ :

ਵਿਸ਼ਵ ਮੰਡੀ ਦੀ ਨਜ਼ਰ ਹੁਣ
ਅੱਥਰੂਆਂ 'ਤੇ ਨਹੀਂ,
ਅਥਰੂ ਪੈਦਾ ਕਰਨ ਵਾਲੀਆਂ
ਮਸ਼ੀਨਾਂ ਤੇ ਲੱਗੀ ਹੋਈ ਹੈ

ਰਵੀ ਦੀਆਂ ਦੋ ਕਵਿਤਾਵਾਂ ਯੁੱਗ ਅਤੇ ਤ੍ਰੈਕਾਲੀ ਯੁੱਧ ਧਿਆਨ ਦੀ ਮੰਗ ਕਰਦੀਆਂ ਹਨ। ਇਹ ਦੋਵੇਂ ਕਵਿਤਾਵਾਂ ਬਹੁਤ ਅਰਥ ਭਰਪੂਰ ਹਨ ਜੋ ਵਿਸ਼ਵੀਕਰਨ ਤੋਂ ਬਾਅਦ ਬਣੀ ਬੰਦੇ ਦੀ ਮਾਨਸਿਕਤਾ, ਉਸ ਅੰਦਰਲੀ ਟੁੱਟ ਭੱਜ, ਵਿਸ਼ਵੀਕਰਨ ਦੇ ਦੌਰ ਵਿਚ ਵੀ ਮਨੁੱਖ ਦਾ ਇਕੱਲਾ ਰਹਿ ਜਾਣਾ ਆਦਿ ਭਾਵਾਂ ਨੂੰ ਦਰਸਾਉਂਦੀਆਂ ਹਨ। ਕਵੀ ਨੇ ਦੱਸਿਆ ਹੈ ਕਿ ਭੀੜ ਵਿਚ ਕੱਲਾ ਕਾਰਾ ਵਿਅਕਤੀ ਅਰਥ ਸਿਰਜਣ ਦੇ ਸਮਰੱਥ ਨਹੀਂ ਰਿਹਾ :

ਵਿਸ਼ਵੀਕਰਨ ਦੀ ਮੰਡੀ ਅੰਦਰ
ਵਿਅਕਤੀ ਕੇਵਲ
ਵਰਣਮਾਲਾ ਦਾ
ਕੱਲਾ ਕਾਰਾ ਅੱਖਰ,
ਬੋਲੇ ਵੀ, ਤਾਂ
ਅਰਥ ਨਹੀਂ ਬਣਦਾ,
ਭੀੜ ਜਿਹੀ ਵਿਚ
ਉਸ ਦੇ ਅਰਥ ਗਵਾਚ ਗਏ ਹਨ।

ਰਵਿੰਦਰ ਰਵੀ ਆਪਣੇ ਸਮੇਂ ਦੀਆਂ ਸਾਰੀਆਂ ਸਮਕਾਲੀ ਕਾਵਿ ਧਾਰਾਵਾਂ ਵਿਚ ਰਚਨਾਤਮਕ ਹਿੱਸਾ ਲੈਂਦਿਆਂ ਉਤਰ ਆਧੁਨਿਕਤਾ ਦੇ ਦੌਰ ਵਿਚ ਪਹੁੰਚਿਆ ਹੈ। ਉਹ ਹੁਣ ਮਾਨਵੀ ਹੋਂਦ ਦੀ ਦੈਵੀ ਵਿਆਖਿਆ ਦੀ ਥਾਂ ਵਿਸ਼ਵੀਕਰਨ ਦੇ ਯੁੱਗ ਵਿਚ ਮਾਨਵੀ ਹੋਂਦ ਨੂੰ ਅਰਥਸ਼ੀਲ

ਬਣਾਉਣ ਦੇ ਆਹਰ ਵਿਚ ਹੈ। ਉਸ ਦਾ ਕਾਵਿ ਬੋਧ ਆਮ ਪਾਠਕ ਦੇ ਗਿਆਨ ਸੰਸਾਰ ਵਿਚ ਵੀ ਵਾਧਾ ਕਰਦਾ ਹੈ। ਉਸ ਨੇ ਵਿਸ਼ਵੀਕਰਨ ਪਿਛਲੀ ਕਾਰਜਸ਼ੀਲ ਪੂੰਜੀਵਾਦੀ ਭਾਵਨਾ ਅਤੇ ਨੀਅਤ ਨੂੰ ਸਮਝਦਿਆਂ ਆਪਣੀਆਂ ਕਵਿਤਾਵਾਂ ਰਾਹੀਂ ਵਿਸ਼ਲੇਸ਼ਣ ਅਤੇ ਪ੍ਰਸੁਤੀਕਰਨ ਕੀਤਾ ਹੈ।

ਵਿਸ਼ਵੀਕਰਨ ਨੂੰ ਲੈ ਕੇ ਕਵਿਤਾਵਾਂ ਸਿਰਜਣ ਵਾਲਾ, ਸਭ ਤੋਂ ਅਲੱਗ ਵਿਚਰਨ ਵਾਲਾ ਇਕ ਹੋਰ ਕਵੀ ਸੁਖਿੰਦਰ ਹੈ। ਸੁਖਿੰਦਰ ਬਹੁਤ ਬੇ-ਲਿਹਾਜਾ ਹੈ। ਉਹ ਆਪਣੀਆਂ ਰਚਨਾਵਾਂ ਵਿਚ ਕਿਸੇ ਵੀ ਗਲਤ ਜਾਂ ਅਮਾਨਵੀ ਵਰਤਾਰੇ ਨੂੰ ਝੱਲ ਨਹੀਂ ਸਕਦਾ ਅਤੇ ਉਸ ਦੀ ਕਲਮ ਉਸ ਵਰਤਾਰੇ ਪਿਛੇ ਕੰਮ ਕਰਦੀ ਸ਼ਕਤੀ ਦੇ ਪੜਛੇ ਲਾਹੁਣੇ ਸ਼ੁਰੂ ਕਰ ਦਿੰਦੀ ਹੈ। ਉਹ ਨਿਰਭੈ ਹੋ ਕੇ ਆਪਣੀ ਗੱਲ ਕਹਿੰਦਾ ਹੈ ਕਿ ਉਹ ਸੁਹਿਰਦ, ਸੱਚਾ ਅਤੇ ਕੋਰਾ ਕਵੀ ਹੈ। 2008 ਵਿਚ ਛਪੀ ਉਸ ਦੀ ਕਾਵਿ ਪੁਸਤਕ ਗਲੋਬਲਾਈਜ਼ੇਸ਼ਨ ਸਿੱਧੇ ਤੌਰ 'ਤੇ ਹੀ ਵਿਸ਼ਵੀਕਰਨ ਦੀਆਂ ਪੈਦਾ ਹੋਈਆਂ ਅਲਾਮਤਾਂ ਨੂੰ ਸੰਬੋਧਨੀ ਸੁਰ ਵਿਚ ਪੇਸ਼ ਕਰਦੀ ਹੈ। ਕਵੀ ਵਿਸ਼ਵੀਕਰਨ ਦੇ ਵਰਤਾਰੇ ਦੇ ਨਾਲ ਨਾਲ ਕਵਿਤਾ ਬਾਰੇ ਵੀ ਆਪਣੀ ਰਾਏ ਦਿੰਦਾ ਹੈ ਅਤੇ ਦਸਦਾ ਹੈ ਕਿ ਕਵਿਤਾ ਉਸ ਲਈ ਕੀ ਅਰਥ ਰਖਦੀ ਹੈ...... ਪੰਜਾਬੀ ਕਵਿਤਾ ਵਿਚ ਆਏ ਅਜਿਹੇ ਸੰਕਟ ਲਈ ਵੱਡੀ ਜ਼ਿੰਮੇਵਾਰੀ ਪੰਜਾਬੀ ਆਲੋਚਕਾਂ ਅਤੇ ਪੰਜਾਬੀ ਮੀਡੀਆ ਉਤੇ ਆਉਂਦੀ ਹੈ। ਆਪਣੀ ਇਸ ਧਾਰਨਾ ਦੇ ਨਾਲ ਨਾਲ ਉਹ ਕਵਿਤਾ ਦੀ ਪਰਿਭਾਸ਼ਾ ਵੀ ਕਰਨ ਲੱਗ ਪੈਂਦਾ ਹੈ।

ਕਵਿਤਾ ਕੀ ਹੈ?
ਇਸ ਬਾਰੇ ਕਦੀ ਵੀ
ਕੋਈ ਅੰਤਮ ਫੈਸਲਾ ਨਹੀਂ ਹੋ ਸਕੇਗਾ

ਕਵਿਤਾ ਉਸ ਨੂੰ ਵਿਰੋਧੀ ਵਿਚਾਰਧਾਰਾਵਾਂ ਦਾ ਯੁੱਧ ਲਗਦੀ ਹੈ। ਇਸ ਯੁੱਧ ਨੂੰ ਉਹ ਆਪਣੀਆਂ ਕਵਿਤਾਵਾਂ ਦੇ ਅਰਥਾਂ ਵਿਚ ਰੂਪਮਾਨ ਕਰਦਾ ਹੈ, ਜਦੋਂ ਉਹ ਨਿਰਭੈ ਹੋ ਕੇ ਰੰਡੀ ਵਪਾਰ, ਰਾਜਨੀਤੀ, ਧਰਮ ਸਥਾਨਾਂ, ਧਾਰਮਕ ਆਗੂਆਂ, ਸਾਹਿਤ ਸਭਾਵਾਂ, ਅਮਰੀਕਾ, ਪੰਜਾਬੀ ਸਭਿਆਚਾਰ ਦੇ ਪ੍ਰਚਾਰਕਾਂ ਆਦਿ ਨੂੰ ਆਪਣੀ ਕਲਮ ਦਾ ਨਿਸ਼ਾਨਾ ਬਣਾਉਂਦਾ ਹੈ। ਉਸ ਦੀ ਕਲਮ ਨਕਾਰਾਤਮਕ ਸੰਸਥਾਵਾਂ ਅਤੇ ਸੋਚ ਦੇ ਪਰਖਚੇ ਉਡਾਉਂਦੀ ਜਾਂਦੀ ਹੈ। ਉਸ ਦੀ ਕਾਵਿ ਨਜ਼ਰ ਤੋਂ ਕਿਸੇ ਵੀ ਦੰਭੀ ਦਾ ਬਚਣਾ ਮੁਸ਼ਕਲ ਹੈ। ਉਸ ਨੂੰ ਗਲੋਬਲੀ ਪੱਧਰ 'ਤੇ ਵਪਾਰ ਰਹੀ ਹਾਲਾਕਾਸਟ ਦੀ ਚੇਤਨਾ ਹੈ। ਉਹ ਬਹੁਤ ਲਾਊਡ ਹੋ ਕੇ ਕਾਵਿ ਬੋਲ ਉਚਾਰਦਾ ਹੈ :

ਨਵੇਂ ਯੁੱਗ ਦੀਆਂ ਨਿਆਮਤਾਂ ਨੇ
ਸ਼ਬਦਾਂ ਦੇ ਹੇਰ ਫੇਰ ਸੰਗ
ਹਸਦੇ ਵਸਦੇ ਘਰਾਂ ਨੂੰ
ਚਕਲੇ ਚਲਾ ਦਿਤਾ

ਗਲੋਬਲਕਰਨ-4 ਕਵਿਤਾ ਉਸ ਦਾ ਕਾਵਿ ਮੈਨੀਫੈਸਟੋ ਹੈ ਜਿਸ ਵਿਚ ਉਹ ਐਲਾਨ ਕਰਦਾ ਹੈ ਕਿ

ਮਹਿਜ਼, ਕਿਤਾਬੀ ਪੰਨਿਆਂ 'ਚ
ਸਿਮਣੇ ਰਹਿਣ ਲਈ ਹੀ
ਅਸੀਂ ਹਰਗਿਜ਼ ਨਹੀਂ ਲਿਖਦੇ
..........................
ਇਨ੍ਹਾਂ ਕਵਿਤਾਵਾਂ ਦੇ ਸ਼ਬਦਾਂ ਨੇ
ਤੁਹਾਥੋਂ ਹੀ ਪੁੱਛਣਾ ਹੈ :
ਇੰਟਰਨੈਟ ਅਤੇ ਨਵ ਤਕਨਾਲੋਜੀ ਦੀ ਮਿਹਰ ਸਦਕਾ
ਅਖਬਾਰਾਂ, ਮੈਗਜ਼ੀਨਾਂ ਦੇ ਮੁੱਖ ਪੰਨਿਆਂ
ਟੈਲੀਵਿਜ਼ਨ ਸਕਰੀਨਾਂ ਉਤੇ, ਦਿਨ ਭਰ
'ਵਿਸ਼ਵ ਇਕ ਗਲੋਬਲ ਪਿੰਡ' ਦਾ
ਮੋਹ ਭਰਿਆ ਨਾਅਰਾ ਦੇਣ ਵਾਲੇ ਦਰਸ਼ਨੀ ਚਿਹਰੇ,
ਸ਼ਾਮਾਂ ਪੈਂਦਿਆਂ ਹੀ
ਤੁਹਾਡੇ ਘਰਾਂ ਨੂੰ ਰੰਡੀਆਂ ਦੇ
ਕੋਠਿਆਂ ਵਿਚ ਬਦਲਣ ਲਈ
ਕਿਉਂ ਯਤਨਸ਼ੀਲ ਹੁੰਦੇ ਹਨ?

ਵਿਸ਼ਵੀਕਰਨ ਦੇ ਇਸ ਦੌਰ ਵਿਚ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਵਾਪਰਦੀ ਕੋਈ ਵੀ ਘਟਨਾ, ਕੋਈ ਵੀ ਹਾਦਸਾ ਸੁਖਿੰਦਰ ਦੀ ਨਜ਼ਰ ਤੋਂ ਬਚ ਨਹੀਂ ਸਕਦਾ ਭਾਵੇਂ ਉਹ ਪੰਜਾਬ ਦਾ ਅਤਿਵਾਦ ਹੋਵੇ, ਧਰਮ ਅਤੇ ਸਭਿਆਚਾਰ ਦੇ ਨਾਮ ਤੇ ਵਿਭਚਾਰ ਹੋ ਰਿਹਾ ਹੋਵੇ ਤੇ ਭਾਵੇਂ ਗੋਧਰਾ ਕਾਂਡ ਹੀ ਕਿਉਂ ਨਾ ਹੋਵੇ। ਉਸ ਨੇ ਇਸ ਕਾਵਿ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਵਿਚ ਇਨ੍ਹਾਂ ਦੇ ਹਵਾਲੇ ਦਿਤੇ ਹਨ ਅਤੇ ਸਿੱਧੇ ਵਿਅੰਗ ਵਿਧੀ ਨਾਲ ਅਜਿਹੀਆਂ ਕਰਤੂਤਾਂ ਨੂੰ ਨੰਗਿਆਂ ਵੀ ਕੀਤਾ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਪੂੰਜੀਵਾਦੀ ਸ਼ਕਤੀ ਅਮਰੀਕਾ ਬਾਹਰਲੇ ਦੇਸ਼ਾਂ ਵਿਚ ਤਬਾਹੀ ਮਚਾ ਰਿਹਾ ਹੈ। ਸੁਖਿੰਦਰ ਇਸ ਗੱਲੋਂ ਸੁਚੇਤ ਹੈ। ਕਵੀ ਇਹ ਮੰਨ ਕੇ ਚਲਦਾ ਹੈ ਕਿ ਵਿਸ਼ਵੀਕਰਨ ਸਭਿਆਚਾਰਕ ਗੁਲਾਮੀ ਦਾ ਹੀ ਇਕ ਬਦਲਵਾਂ ਨਾਮ ਹੈ। ਇਸ ਨੇ ਹੋਰਨਾਂ ਮੁਲਕਾਂ ਵਾਂਗ ਭਾਰਤ ਦੇ ਪੰਜਾਬ ਸੂਬੇ ਨੂੰ ਵੀ ਪ੍ਰਭਾਵਿਤ ਕੀਤਾ ਹੈ ; ਕਵੀ ਵਿਅੰਗ ਵਿਧੀ ਰਾਹੀਂ ਪੰਜਾਬ ਦੀ ਸਥਿਤੀ ਨੂੰ ਪੇਸ਼ ਕਰਦਿਆਂ ਕਹਿੰਦਾ ਹੈ :

ਪੰਜਾਬ, ਤੇਰੀਆਂ ਕੀ ਕੀ ਸਿਫਤਾਂ ਕਰਾਂ
ਗਲੋਬਲੀਕਰਨ ਦੀ ਤੇਜ਼ ਹਨ੍ਹੇਰੀ ਨੇ
ਤੇਰੀ ਧਰਤੀ ਦੇ ਕੋਨੇ ਕੋਨੇ ਵਿਚ ਵੀ
ਅਨੇਕ ਵੱਡਮੁੱਲੀਆਂ ਬਰਕਤਾਂ
ਲਿਆਂਦੀਆਂ ਹਨ

ਅਤੇ ਇਹ ਬਰਕਤਾਂ ਨਸ਼ਿਆਂ ਦੇ ਰੂਪ ਵਿਚ ਉਘੜਦੀਆਂ ਹਨ। ਕਵੀ ਨੂੰ ਇਸ ਵਿਚ ਕੋਈ ਭੁਲੇਖਾ ਨਹੀਂ ਕਿ ਵਿਸ਼ਵੀਕਰਨ ਦੀ ਆੜ ਥੱਲੇ ਉਹ ਕਿਹੜੀਆਂ ਸ਼ਕਤੀਆਂ ਹਨ ਜੋ ਇਸ ਨੂੰ ਰਿਮੋਟ ਤਰੀਕੇ ਨਾਲ ਚਲਾ ਰਹੀਆਂ ਹਨ :

ਮੁਬਾਰਕ ਤੁਹਾਨੂੰ
ਜੀ-7, ਜੀ-8 ਜਾਂ ਜੀ-13 ਵਰਗੇ
ਅੰਤਰ ਰਾਸ਼ਟਰੀ ਕਲੱਬਾਂ ਦੇ ਸਹਾਰੇ
ਗਲੋਬਲ ਬਕਰੀ ਦੇ ਥਣਾਂ 'ਚੋਂ
ਦੁੱਧ ਦੇਣ ਦੇ ਮਨਸੂਬੇ ਬਣਾਉਣੇ

ਕਵੀ ਇਹ ਵੀ ਸਮਝਦਾ ਹੈ ਕਿ ਗਲੋਬਲੀਕਰਨ ਦਾ ਜੇ ਕੋਈ ਲਾਭ ਹੈ ਤਾਂ ਉਹ ਸਲੱਮ ਵਿਚ ਰਹਿੰਦੇ ਲੋਕਾਂ ਤਕ ਨਹੀਂ ਪਹੁੰਚ ਸਕਦਾ :

ਗਲੋਬਲੀਕਰਨ ਕੋਲ ਉਨ੍ਹਾਂ ਲੋਕਾਂ ਤਕ ਪਹੁੰਚਣ ਦੀ ਵਿਹਲ ਹੀ ਕਿਥੇ ਹੈ
ਜੋ ਫੁਟਪਾਥਾਂ 'ਤੇ ਜੰਮਦੇ ਹਨ
ਫੁੱਟਪਾਥਾਂ ਉਤੇ ਹੀ
ਅੰਤਮ ਸਵਾਸ ਛਡਦੇ ਹਨ

ਸੁਖਿੰਦਰ ਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਉਹ ਇਹ ਜਾਣਦਿਆਂ ਹੋਇਆ ਵੀ ਕਵਿਤਾ ਵਿਚ ਚੀਖਣਾ ਮਨ੍ਹਾ ਹੈ, ਚੀਖ ਰਿਹਾ ਹੈ। ਉਸ ਦਾ ਭਾਵ ਸਪੱਸ਼ਟ ਹੈ ਕਿ ਕੁਝ ਗੱਲਾਂ ਇਸ ਤਰ੍ਹਾਂ ਲਾਊਡ ਹੋ ਕੇ ਹੀ ਦਰਸਾਈਆਂ, ਸਮਝਾਈਆਂ ਜਾ ਸਕਦੀਆਂ ਹਨ। ਉਸ ਦਾ ਇਹ ਕਹਿਣਾ ਕਿ ਚਲੋ, ਕੁਝ ਇਸ ਤਰ੍ਹਾਂ ਦੀ ਕਵਿਤਾ ਲਿਖੀਏ ਜਿਸ ਤਰ੍ਹਾਂ ਦਾ ਆਦਮੀ ਬਣਨਾ ਚਾਹੁੰਦਾ ਹੈ ਨਾ ਕਿ ਜਿਸ ਤਰ੍ਹਾਂ ਦਾ ਉਹ ਬਣ ਚੁੱਕਾ ਹੈ। ਡਾ. ਗੁਰਬਖਸ਼ ਸਿੰਘ ਭੰਡਾਲ ਨੇ ਬਿਲਕੁਲ ਸਹੀ ਕਿਹਾ ਹੈ ਕਿ ਉਚੀ ਸੁਰ ਵਾਲੀ ਉਸ ਦੀ ਕਵਿਤਾ ਰੋਹ ਦੀ ਦਸਤਕ ਏ, ਸ਼ਬਦਾਂ ਵਿਚ ਅਰਥਾਂ ਦਾ ਅਗਨ ਸੇਕ ਏ, ਉਸ ਦੀ ਕਵਿਤਾ ਦੇ ਬੋਲ ਹਾਕਾਂ ਮਾਰਦੇ, ਹੁੰਗਾਰਾ ਲੋੜਦੇ, ਤੇ ਹੱਕ ਮੰਗਦੇ ਨੇ। ਸਫਿਆਂ 'ਤੇ ਜ਼ਖ਼ਮੀ ਅਹਿਸਾਸ ਧਰਨ ਵਾਲਾ ਸੁਖਿੰਦਰ, ਬਲਦੀਆਂ ਭਾਵਨਾਵਾਂ ਦਾ ਚਰਾਗ ਏ। ਨਿਰਸੰਦੇਹ ਸੁਖਿੰਦਰ ਇਕ ਜਾਗਰੂਕ ਚੇਤੰਨ ਅਤੇ ਤਿਖੇ ਸੁਰ ਵਾਲਾ ਕਵੀ ਹੈ ਜੋ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਵਾਪਰਨ ਵਾਲੀ ਘਟਨਾ ਦੀ ਸੂਹ ਰਖਦਿਆਂ ਉਸ ਦੇ ਪਿਛੋਕੜ ਵਿਚੋਂ ਅਰਥ ਸਿਰਜ ਲੈਂਦਾ ਹੈ ਅਤੇ ਕਿਸੇ ਨੂੰ ਵੀ ਮੁਆਫ ਨਹੀਂ ਕਰਦਾ। ਉਹ ਜ਼ਿਆਦਾ ਵਿਅੰਗ ਵਿਧੀ ਦੀ ਵਰਤੋਂ ਕਰਦਾ ਹੈ ਅਤੇ ਕਵੀ ਅਜਿਹੇ ਸ਼ਬਦ ਦੀ ਨਿਸ਼ੰਗ ਵਰਤ ਜਾਂਦਾ ਜਿਨ੍ਹਾਂ ਤੋਂ ਸਾਡੇ ਕਵੀ ਗੁਰੇਜ ਕਰਦੇ ਆਏ ਹਨ। ਉਸ ਦੀਆਂ ਨਜ਼ਰਾਂ ਵਿਚ ਕਾਮ-ਭੁੱਖ ਦਾ ਵੀ ਵਿਸ਼ਵੀਕਰਨ ਹੋ ਗਿਆ ਹੈ।

ਮਨਮੀਤ ਮੀਤ ਵੀ ਅਜਿਹਾ ਕੈਨੇਡੀਅਨ ਕਵੀ ਹੈ ਜੋ ਆਪਣੇ ਪੰਜਵੇਂ ਕਾਵਿ ਸੰਗ੍ਰਹਿ 'ਕੰਕਰ ਤੇ ਗੁਲਦਾਨ' ਨਾਲ ਹਾਜ਼ਰ ਹੈ। ਇਸ ਕਵੀ ਨੇ ਵਿਸ਼ਵੀਕਰਨ ਦੇ ਸਬੰਧ ਵਿਚ ਮਨੁੱਖੀ ਰਿਸ਼ਤਿਆਂ, ਮਨੁੱਖੀ ਹੋਂਦ, ਮਾਨਵੀ ਜੀਵਨ ਦੀਆਂ ਵਿਸੰਗਤੀਆਂ, ਵਰਤਮਾਨ ਨਿਜ਼ਾਮ ਆਦਿ ਬਾਰੇ ਆਪਣੀ ਕਲਮ ਚਲਾਈ ਹੈ। ਇਸ ਕਵੀ ਨੇ ਵੀ ਸੁਖਿੰਦਰ ਵਾਂਗ ਕਵਿਤਾ ਬਾਰੇ ਆਪਣੇ ਕੁਝ ਵਿਚਾਰ ਦਿਤੇ ਹਨ ਕਿ ਉਸ ਦੀਆਂ ਨਜ਼ਰਾਂ ਵਿਚ ਕਵਿਤਾ ਕੀ ਹੈ। ਰਵਿੰਦਰ ਰਵੀ ਦਿਆਂ ਸ਼ਬਦਾਂ ਵਿਚ, ''ਕੰਕਰ ਤੇ ਗੁਲਦਾਨ'' ਵਿਚ ਮਨਮੀਤ ਮੀਤ ਨੇ ਵਿਸ਼ਵੀਕਰਨ ਗਲੋਬਲ ਵਾਰਮਿੰਗ, ਪ੍ਰਦੂਸ਼ਣ, ਖਪਤ ਕਲਚਰ, ਰਿਸ਼ਤਿਆਂ ਦੀ ਟੁੱਟ ਭੱਜ, ਮੰਡੀਕਰਨ, ਅੰਤਰ ਰਾਸ਼ਟਰੀ ਰਾਜਨੀਤੀ ਅਤੇ ਦਹਿਸ਼ਤਗਰਦੀ ਆਦਿ ਅੱਜ ਦੇ ਭਖਦੇ ਮਸਲਿਆਂ ਬਾਰੇ ਵੀ ਬੜੀਆਂ ਆਲ੍ਹਾ ਰਚਨਾਵਾਂ ਲਿਖੀਆਂ ਹਨ। ਮਨਮੀਤ ਨੇ ਤਪਦਾ ਧਰਤਗੋਲਾ ਕਵਿਤਾ ਵਿਚ ਗਲੋਬਲ ਵਾਰਮਿੰਗ ਬਾਰੇ ਸੁਚੇਤ ਕੀਤਾ ਹੈ :

ਧਰਤੀ ਦੀ ਕੰਜਕਤਾ ਦਾ
ਅਸਾਂ ਚੀਰ ਹਰਨ ਕੀਤਾ ਹੈ
ਸਾਡੀ ਉਦਯੋਗਿਕ ਕ੍ਰਾਂਤੀ ਨੇ
ਕੁਦਰਤ ਦਾ ਸਗਲਾ ਸਾਹ ਸਤ ਪੀਤਾ ਹੈ
........................
ਚਲੋ!
ਆਪਣੇ ਆਪਣੇ ਮਸਤਕ 'ਚ
ਸੁਹਿਰਦ ਅਨੁਭਵ ਦਾ ਦੀਵਾ ਜਗਾਈਏ
ਆਉਣ ਵਾਲੀਆਂ ਨਸਲਾਂ ਦੇ ਭਵਿੱਖ ਨੂੰ
ਇਸ ਘੁੰਮਦੇ ਸਵਰਨ-ਗੋਲੇ ਤੇ ਸੁਨਹਿਰਾ ਬਣਾਈਏ

ਮਨਮੀਤ ਮੀਤ ਮਾਨਵਵਾਦੀ ਚੇਤਨਾ ਦਾ ਕਵੀ ਹੈ ਜੋ ਕਈ ਨਵੇਂ ਪਸਾਰ ਆਪਣੇ ਕਾਵਿ ਅੰਦਰ ਪੇਸ਼ ਕਰਦਾ ਹੈ। ਮੁੱਖ ਤੌਰ 'ਤੇ ਉਹ ਇਕ ਪ੍ਰਗਤੀਸ਼ੀਲ ਅਤੇ ਮਾਨਵਾਦੀ ਕਵੀ ਸਿੱਧ ਹੁੰਦਾ ਹੈ। ਉਸ ਲਈ ਇਹ ਵੇਲਾ ਜਾਗਣ ਦਾ ਅਤੇ ਧਰਤ ਸੰਭਾਲਣ ਦਾ ਹੈ। ਉਸ ਦੀ ਕਵਿਤਾ 'ਬੇਰੂਹਾ ਵਿਭਚਾਰੀ ਸ਼ਾਸਨ' ਵੀ ਧਿਆਨ ਦੀ ਮੰਗ ਕਰਦੀ ਹੈ। ਇਸ ਵਿਚ ਉਹ ਸਟੇਟ ਦੇ ਆਮ ਨਾਗਰਿਕਾਂ ਪ੍ਰਤੀ ਕੀਤੇ ਜਾਂਦੇ ਵਿਹਾਰ ਬਾਰੇ ਜਾਣਕਾਰੀ ਵਿਅੰਗ ਵਿਧੀ ਰਾਹੀਂ ਦਿੰਦਾ ਹੈ :

'ਸਟੇਟ' ਦੇ ਕੁੱਤੇ
ਚੁੱਪ, ਚਾਪ ਵੱਢਦੇ ਵੀ ਨੇ, ਤੇ
ਬੜੇ ਸਲੀਕੇ ਨਾਲ, ''ਮਾਫ ਕਰਨ'' ਨੂੰ ਵੀ ਕਹਿੰਦੇ ਨੇ।
ਅਫਸਰਸ਼ਾਹੀ ਦੀਆਂ ਇਨ੍ਹਾਂ ਮਨੁੱਖੀ ਮਸ਼ੀਨਾਂ 'ਚ
ਸਦ ਭਾਵਨਾ ਨਾਮ ਦੀ ਕੋਈ ਸ਼ੈਅ ਨਹੀਂ।

ਉਹ ਇਹ ਅਹਿਦ ਕਰਦਾ ਹੈ ਕਿ ਗਵਾਚੀ ਭੀੜ ਨੂੰ ਉਹ ਨਿਰੰਤਰ ਲਭਦਾ ਰਹੇਗਾ :

ਭੀੜ 'ਚ ਗਵਾਚੀ ਹੋਂਦ ਨੂੰ ਲਭਦਾ ਰਹਾਂਗਾ ਮੈਂ।
ਲੇਖਾਂ ਦੇ ਨੇਰ੍ਹਿਆਂ 'ਚ ਵੀ ਜਗਦਾ ਰਹਾਂਗਾ ਮੈਂ।

ਦਰਸ਼ਨ ਗਿੱਲ ਇਕ ਅਜਿਹਾ ਕਵੀ ਸੀ ਜਿਸ ਕੋਲ ਚਿੰਤਨ ਵੀ ਸੀ ਅਤੇ ਚੇਤਨਾ ਸੀ। ਦਰਸ਼ਨ ਗਿੱਲ ਮੁੱਖ ਤੌਰ 'ਤੇ ਪ੍ਰਗਤੀਵਾਦੀ ਕਵੀ ਅਤੇ ਵਿਸ਼ਵ ਚੇਤਨਾ ਦਾ ਧਾਰਨੀ ਇਕ ਸੁਚੇਤ ਕਵੀ ਸੀ। ਉਸ ਨੇ ਵੀ ਸੁਖਿੰਦਰ ਵਰਗੇ ਕਵੀਆਂ ਵਾਂਗ ਕਵਿਤਾ ਦੀ ਪਰਿਭਾਸ਼ਾ ਦੇਣ ਦੀ ਕੋਸ਼ਿਸ਼ ਕੀਤੀ। ਉਸ ਦੀ ਨਜ਼ਮ ਮੇਰੇ ਲਈ ਮਾਨਸਿਕ ਸੰਤੁਸ਼ਟੀ ਵੀ ਹੈ ਅਤੇ ਆਤਮਿਕ ਤ੍ਰਿਪਤੀ ਵੀ। ਦਰਸ਼ਨ ਗਿੱਲ ਵਿਸ਼ਵੀਕਰਨ ਦੇ ਵਰਤਾਰੇ ਨੂੰ ਖੂਬ ਸਮਝਦਾ ਹੈ। ਉਹ ਜਾਣਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਬਾਜ਼ਾਰਵਾਦ ਭਾਰੂ ਹੋ ਰਿਹਾ ਹੈ ਅਤੇ ਖਪਤ ਸਭਿਆਚਾਰ ਦਿਨੋ ਦਿਨ ਤਰੱਕੀ ਕਰਦਾ ਜਾ ਰਿਹਾ ਹੈ, ਜਿਸ ਵਿਚ ਆਮ ਆਦਮੀ ਜ਼ੀਰੋ ਅਤੇ ਬੇਕਾਰ ਹੋ ਰਿਹਾ ਹੈ। ਉਹ ਇਹ ਵੀ ਜਾਣਦਾ ਹੈ ਕਿ ਇਸ ਵਰਤਾਰੇ ਦੇ ਪਿਛੇ ਕਿਹੜੀ ਸ਼ਕਤੀ ਕਾਰਜਸ਼ੀਲ ਹੈ :

ਸਭ ਦੁਨੀਆ ਦੀ ਦੌਲਤ, ਕਬਜ਼ਾ ਇਕੋ ਦਾ,
ਕੌਤਕ ਦੀ ਵਰਤਾਵੇਗੀ ਇਹ ਨਵੀਂ ਸਦੀ।

ਉਹ ਪਰਵਾਸ ਦੇ ਦੌਰਾਨ ਪੈਦਾ ਹੋਈ ਮਾਨਸਿਕ ਦੁਬਿਧਾ ਦੀ ਗੱਲ ਵੀ ਕਰਦਾ ਹੈ ਅਤੇ ਪੈਦਾ ਹੋ ਚੁੱਕੀ ਜਮੂਦ ਦੀ ਸਥਿਤੀ ਵਿਚ ਹਿੱਲ ਜੁਲ ਵੀ ਪੈਦਾ ਕਰਨਾ ਚਾਹੁੰਦਾ ਹੈ :

ਨਸਲੀ ਬੁਲੇ ਹਿੱਕ ਨੂੰ ਡੰਗਣ
ਪੌਣਾਂ ਦੇ ਵਿਚ ਮਹੁਰਾ
ਜ਼ਿੰਦ ਅਜੇਹੀ ਫਸ ਬੈਠੀ
ਜੋ ਲਟਕੇ ਵਿਚ ਵਿਚਕਾਰ
ਅਤੇ
ਇਨ੍ਹਾਂ ਖੜ੍ਹੇ ਪਾਣੀਆਂ 'ਚ
ਕੋਈ ਕੰਕਰ, ਰੋੜੀ
ਜਾਂ ਪੱਥਰ ਹੀ ਸੁੱਟੋ
ਕੋਈ ਹਿਲਜੁਲ ਹੋਵੇ

ਕੈਨੇਡਾ ਦੇ ਵਾਸੀ ਹੋਰ ਕਵੀਆਂ ਜਿਨ੍ਹਾਂ ਵਿਚ ਉਂਕਾਰਪ੍ਰੀਤ, ਅਮਨ ਪਾਲ ਸਾਰਾ, ਮੰਗਾ ਬਾਸੀ, ਜਸਬੀਰ ਕਾਲਰਵੀ, ਵਰਿੰਦਰ ਪਰਿਹਾਰ, ਜਗਜੀਤ ਬਰਾੜ, ਸੁਰਿੰਦਰ ਕੌਰ ਚਾਹਲ, ਅਮਰਜੀਤ ਸਾਥੀ, ਕੁਲਵਿੰਦਰ ਖਹਿਰਾ, ਹਰਭਜਨ ਸਿੰਘ ਮਾਂਗਟ, ਲੱਖ ਕਰਨਾਲਵੀ ਆਦਿ ਕਵੀ ਸ਼ਾਮਲ ਹਨ। ਇਹਨਾਂ ਦੀਆਂ ਕਵਿਤਾਵਾਂ ਵਿਚੋਂ ਵੀ ਕਿਤੇ ਕਿਤੇ ਵਿਸ਼ਵੀਕਰਨ ਦੀ ਝਲਕ ਮਿਲ ਜਾਂਦੀ ਹੈ ਪ੍ਰੰਤੂ ਮੁੱਖ ਤੌਰ 'ਤੇ ਰਵਿੰਦਰ ਰਵੀ ਅਤੇ ਸੁਖਿੰਦਰ ਹੀ ਦੋ ਅਜਿਹੇ ਕਵੀ ਹਨ ਜੋ ਵਿਸ਼ਵੀਕਰਨ ਅਤੇ ਇਸ ਦੇ ਦੂਰ-ਪ੍ਰਭਾਵਾਂ ਨੂੰ ਮੁੱਖ ਰਖਦਿਆਂ ਕਵਿਤਾ ਸਿਰਜਦੇ ਹਨ। ਉਂਕਾਰਪ੍ਰੀਤ ਦੀਆਂ ਇਕੋ ਭਾਵ ਦੀਆਂ ਤਿੰਨ ਕਵਿਤਾਵਾਂ, 'ਅਕਾਲ ਮੂਰਤ', 'ਅਜੂਨੀ' ਅਤੇ 'ਸੈਭੰ' ਪਾਠਕ ਦਾ ਧਿਆਨ ਖਿਚਦੀਆਂ ਹਨ। ਉਂਕਾਰਪ੍ਰੀਤ ਨੇ ਇਨ੍ਹਾਂ ਕਵਿਤਾਵਾਂ ਵਿਚ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਨਵੇਂ ਪ੍ਰਤੀਕਾਂ ਰਾਹੀਂ ਅਰਥ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਵਿਸ਼ਵੀਕਰਨ ਨੇ ਆਦਮੀ ਨੂੰ ਦੁਬਿਧਾ ਵਿਚ ਪਾ ਦਿਤਾ ਹੈ। ਉਹ ਆਪਣੇ ਮੂਲ ਧਰਮ ਅਤੇ ਧਰਮ ਦੀਆਂ ਸਥਾਪਨਾਵਾਂ, ਪਰੰਪਰਾਵਾਂ ਨੂੰ ਆਪਣੇ ਨਾਲ ਲੈ ਕੇ ਕਿਵੇਂ ਜੀ ਸਕਦਾ ਹੈ, ਇਸੇ ਗੱਲ ਦਾ ਪ੍ਰਗਟਾਵਾ ਉਂਕਾਰਪ੍ਰੀਤ ਨੇ ਕੀਤਾ ਹੈ। ਕਵਿਤਾਵਾਂ ਦੇ ਸਿਰਲੇਖ ਸਿੱਖ ਧਰਮ ਦੇ ਮੂਲ ਮੰਤਰ ਨਾਲ ਜੁੜੇ ਹੋਏ ਹਨ। ਨਵੇਂ ਸਮਾਜਕ ਪ੍ਰਬੰਧ ਅੰਦਰ ਉਸ ਦੀ ਇਹ ਦੁਬਿਧਾ ਹੈ ਕਿ ਜੇ ਉਹ ਨਵੀਂ ਜੀਵਨ ਜਾਚ ਨੂੰ ਅਪਣਾ ਲਵੇ ਤਾਂ ਕਿਤੇ ਕੋਈ ਧਾਰਮਕ ਅਵੱਗਿਆ ਤਾਂ ਨਹੀਂ ਹੋ ਜਾਵੇਗੀ।

ਹੇ ਧੁਰ ਦੇਵ! ਜਿੱਥੇ ਤੂੰ ਮੈਨੂੰ ਘੱਲਿਆ ਹੈ
ਉਥੇ ਹਾਲੇ ਮੇਰਾ 'ਸਮੁੰਦਰੀ ਆਪਾ'
ਮੇਰੇ ਹੀ ਡਰਾਇੰਗ ਰੂਮ 'ਚ ਫਿਸ਼ ਟੈਂਕ ਦੀ ਮੱਛੀ ਹੈ।
...................
ਸਰਕਸ ਦੇ ਗਲੋਬੀ ਪਿੰਜਰੇ 'ਚ –
ਮੋਟਰ ਸਾਈਕਲ ਚਲਾ ਰਿਹਾ
'ਉਹ ਮੇਰੇ ਅਰਗਾ' –
ਅਸਲ 'ਚ ਹੈ ਮੇਰਾ 'ਛਲੇਡਾ'।
....................
ਹੇ ਧੁਰ ਦੇਵ! ਕ੍ਰਿਪਾ ਕਰੋ ਦੁਬਿਧਾ ਹਰੋ।
ਏਸ ਵਸਦੇ ਰਸਦੇ ਪਿੰਡ
ਪੰਜ ਅਤ੍ਰਿਪਤ ਸਾਧੂਆਂ ਸੰਗ
ਕਿੰਝ ਹੋਵੀਏ 'ਸੈਭੰ'
(ਸਿਰਜਣਾ-152)

ਅਮਰਜੀਤ ਸਾਥੀ ਦਾ ਇਕ ਹਾਇਕੂ ਬਦਲਦੀਆਂ ਪ੍ਰਸਥਿਤੀਆਂ ਅੰਦਰ ਧਾਰਮਕ ਚਿੰਨ੍ਹਾਂ ਵਿਚ ਆ ਰਹੀ ਤਬਦੀਲੀ ਦੀ ਸੋ ਦੇ ਰਿਹਾ ਹੈ :

ਬੈਠੀ ਵਾਲ ਕਟਾਣ
ਸੁਪਨੇ ਗੁੰਦੇ ਮਾਂ
..........
ਮਾਂ ਸਿਖਾਵੇ ਏਕੰਕਾਰ
ਬੱਚੇ ਬੋਲੇ
ਸੁਪਰਕਾਰ ਸੁਪਰਕਾਰ

ਜਸਬੀਰ ਕਾਲਰਵੀ ਨੇ ਵੀ ਬਦਲਦੇ ਪਰਿਪੇਖ ਦੀ ਗੱਲ ਕਰਦਿਆਂ ਕਾਵਿ ਬੋਲ ਉਚਾਰਿਆ ਹੈ :

ਸ਼ਹਿਰ ਤੇਰੇ ਨੇ ਜਸ਼ਨ ਮਨਾਇਆ
ਪਿੰਡ ਮੇਰੇ ਦੇ ਗਰਕਣ ਉਤੇ।
.............
ਜਾਨ 'ਚੋਂ ਜਾਨ ਉਹ ਗਈ ਕਿਥੇ
ਮੇਰੀ ਪਹਿਚਾਣ ਉਹ ਗਈ ਕਿਥੇ।

ਮੰਗਾ ਸਿੰਘ ਬਾਸੀ ਨੇ ਜ਼ਿਆਦਾਤਰ ਪਰਵਾਸ ਦੇ ਬਾਰੇ ਲਿਖਿਆ ਹੈ ਪ੍ਰੰਤੂ ਉਸ ਦੀਆਂ ਨਿਮਨ ਸਤਰਾਂ ਵਿਸ਼ਵੀਕਰਨ ਦੇ ਪ੍ਰਭਾਵ ਦੀ ਟੋਹ ਦੇ ਜਾਂਦੀਆਂ ਹਨ :

ਮੈਂ ਘਰ ਦੇ ਦਰਵਾਜ਼ੇ ਅੰਦਰ
ਸਵੈ-ਸਿਰਜੇ ਮੌਸਮ ਵਿਚ ਜੀ ਰਿਹਾਂ

ਇਸ ਸਾਰੀ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੀ ਸਮੱਸਿਆ ਨੂੰ ਬਹੁਤ ਕੋੜੇ ਕਵੀਆਂ ਨੇ ਆਪਣੀ ਚੇਤਨਾ ਦਾ ਹਿੱਸਾ ਬਣਾ ਕੇ ਪੇਸ਼ ਕੀਤਾ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਕਵੀਆਂ ਦੀਆਂ ਪ੍ਰਗਟਾ ਵਿਧੀਆਂ ਵਿਸ਼ਵੀਕਰਨ ਦੇ ਨਵੇਂ ਈਡੀਅਮ ਵਾਲੀਆਂ ਨਹੀਂ ਹਨ ਕਿਉਂਕਿ ਇਨ੍ਹਾਂ ਦੇ ਅਵਚੇਤਨ ਵਿਚ ਪਿਛਲਾ ਪੰਜਾਬ ਪਿਆ ਹੈ ਇਸੇ ਲਈ ਇਨ੍ਹਾਂ ਦੀਆਂ ਕਵਿਤਾਵਾਂ ਵਿਚਲੇ ਪ੍ਰਤੀਕ ਵੀ ਅਵਚੇਤਨ ਵਿਚੋਂ ਹੀ ਪੈਦਾ ਹੁੰਦੇ ਹਨ। ਇਸ ਦਾ ਲਾਭ ਸਭ ਤੋਂ ਵੱਡਾ ਇਹ ਹੈ ਕਿ ਦੇਸ਼ ਵਿਚ ਬੈਠਾ ਪਾਠਕ ਵੀ ਇਨ੍ਹਾਂ ਕਵਿਤਾਵਾਂ ਨੂੰ ਸਮਝ ਸਕਦਾ ਹੈ। ਕੈਨੇਡਾ ਵਿਚ ਕਵੀ ਹੋਰ ਵੀ ਹੋਣਗੇ ਜਿਨ੍ਹਾਂ ਦਾ ਮੈਨੂੰ ਗਿਆਨ ਨਹੀਂ। ਇਸ ਲਈ ਮੈਂ ਇਹ ਸਮਝਦਾ ਹਾਂ ਕਿ ਇਹ ਲੇਖ ਉਦੋਂ ਹੀ ਪੂਰਾ ਹੋਵੇਗਾ ਜਦੋਂ ਹੋਰ ਕਵੀਆਂ ਦੀਆਂ ਕਵਿਤਾਵਾਂ ਦਾ ਵੀ ਅਧਿਐਨ ਹੋ ਸਕੇਗਾ। □



Lovely
Sweets & Restaurant
Fine Indian Cusine & Dine in
Cell: 403.690.2102 ❋ Ph: 403.590.5159

1106, 4818 Westwinds Drive, NE Calgary, AB. T3J 3Z5

# BIG BO'S

UP TO 50% SALE

Furniture, Appliances & Blinds

ਵਧੀਆ ਫਰਨੀਚਰ, ਅਪਲਾਇੰਸਿਜ਼ ਅਤੇ ਬਲਾਇੰਡਜ਼ ਲਈ ਅੱਜ ਹੀ ਪਧਾਰੋ BIG BO'S FURNITURE

Stainless Steel 3 Pcs Set

Fridge, Range, Dishwasher, Washer & Dryer 5 Pcs. White Set

GE SAMSUNG FRIGIDAIRE





Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.

4220 99 St. NW
Edmonton, AB

780 430 4346

Prices valid until Quantities last.

# Creative Doors & Mouldings Ltd.

"Your Complete Finishing Store"

* Interior * Prehung Units
* Locks & Hardware * French Doors
* Bi-Folds * Mouldings * Accessories
* Railing





Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
Fax : 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
REALTOR
50 SunnyVale Gate, Unit # 7, Brampton, ON L6S 0C4


ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫਾਇਦਾ ਉਠਾਓ
All Vehicles Certified & Carproof
MILLWOODS SUZUKI
SOUTH EDMONTON
ALL NEW
PRE-OWNED SUPER CENTRE SUMMER BLOW-OUT EVENT.
ALL MAKES & MODELS @ BLOW-OUT PRICES
Special Purchase
2011 SUZUKI GRAND VITARA JX 4X4
3 TO CHOOSE
#11905-0 LOADED, LOW KMS, FACTORY WARRANTY
from $22,888
Special Purchase
2010 FORD FUSION SE
#11895-0 CLOTH, LOADED, ONLY 28,000KMS, WARRANTY
$16,888
2007 SATURN AURA XR LUXURY SEDAN #11932-0 HEATED LEATHER, SUNROOF, ONLY 59,000KMS $12,888
2009 KIA RIO5 HATCHBACK #11853-0 4 CYL, AUTO, LOADED, HEATED SEATS, WARRANTY $10,888
2008 BMW X5 3.0Si AWD #11889-0 NAVIGATION, LOADED $38,888
2008 MERCEDES ML 350 #11913-0 LOADED $39,888
2009 BMW X3 PREMIUM #11971-0 LOCAL, ONE OWNER $39,888
2009 NISSAN VERSA H/B #C300782-1 MANUAL 14,000KMS $13,888
2006 NISSAN SENTRA S # 11956-0 $10,888
SHOP 24/7 @ www.millwoodssuzuki.com
over 500 vehicles to choose from
2008 MERCEDES B200 H/B 2 TO CHOOSE #11904-0 LOADED from $19,888
2011 SUZUKI SX4 JLX AWD 3 TO CHOOSE #11944-0 AUTO, LOADED, HEATED SEATS, ONLY 11,000KMS $21,888
2008 MERCEDES-BENZ C300 4MATIC #11914-0 LUXURY SEDAN, PHOTOS ONLINE $34,888
2007 DODGE RAM 1500 QUAD CAB 4X4 #11964-0 LOADED, 5.7L HEMI, 20" CHROME WHEELS, WARRANTY $21,888
2006 FORD F350 DIESEL CREW CAB LARIAT 4X4 #C301169-1 LEATHER, LOADED, LOW KMS, FINANCING AVAILABLE $24,888
2009 SUZUKI SWIFT H/B #11990-0 AUTO, AIR $10,888
2009 NISSAN FRONTIER KINGCAB XE #11C043-1 LOADED, 5 SPD, CANOPY $16,888
2006 VW JETTA 4DR TURBO DIESEL #11T123-1 $17,888
2006 NISSAN X-TRAIL LE #11917-0 LOADED $16,888
2005 CHEV UPLANDER LT #T100469-1 7 PASS, DVD, P.SLIDE DOOR $8,888
2007 SUZUKI SX4 JX AWD #11T112-1 LOADED $11,888
2008 FORD RANGER S/CAB FX4 #11C072-1 LOADED $17,888
2007 TOYOTA CAMRY LE SEDAN #11952-1 LOADED, CLOTH INT., SUNROOF $15,888
2011 KIA SORENTO AWD #11943-0 AUTO, BAL. OF FACT. WARR., FULL LOAD $24,888
Apply @ MWSCREDIT.CA Your guaranteed approval!!
780-450-4500
34th AVE AUTO ROW | 3403-93 ST. SPECIAL TOLL FREE 1-866-897-4500
FIGHT CARFORMITY
BBB

# ਡਾਇਬੀਟੀਜ਼ ’ਤੇ ਕੰਟਰੋਲ ਕਰਨ ਲਈ ਖਾਣ ਪੀਣ ਵੱਲ ਧਿਆਨ ਦੇਣ ਦੀ ਲੋੜ



ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ)
ਆਈਵੀ ਮਲਟੀਸਪੈਸ਼ਲਿਟੀ ਹਸਪਤਾਲ ਸੈਕਟਰ 71 ਮੋਹਾਲੀ
balwinderdietician77@gmail.com

ਡਾਇਬੀਟੀਜ਼ ਨੂੰ ਸ਼ੂਗਰ ਜਾਂ ਸ਼ੱਕਰ ਰੋਗ ਵੀ ਕਿਹਾ ਜਾਂਦਾ ਹੈ। ਇਹ ਸਰੀਰ ਦੀ ਪਾਚਣ ਸ਼ਕਤੀ ਵਿਚ ਵਿਕਾਰ ਕਾਰਨ ਹੁੰਦਾ ਹੈ, ਜਿਸ ਨਾਲ ਪਿਸ਼ਾਬ ਵਿਚ ਸ਼ੂਗਰ ਦੇ ਜ਼ਿਆਦਾ ਵਹਾਅ ਦੇ ਨਾਲ-ਨਾਲ ਰਕਤ ’ਚ ਸ਼ੂਗਰ ਦਾ ਪੱਧਰ ਬਹੁਤ ਵੱਧ ਜਾਂਦਾ ਹੈ। ਇਹ ਇਨਸੁਲਿਨ ਨਾਮਕ ਹਾਰਮੋਨ ਦੀ ਘਾਟ ਕਾਰਨ ਹੁੰਦਾ ਹੈ। ਕਾਰਬੋਹਾਈਡਰੇਟਸ ਦੀ ਵਰਤੋਂ ਲਈ ਇਨਸੁਲਿਨ ਬੇਹੱਦ ਜ਼ਰੂਰੀ ਹੈ। ਕਸਰਤ ਤੇ ਦਵਾਈਆਂ ਜਿਥੇ ਇਸ ਨੂੰ ਕਾਬੂ ਰੱਖਦੀਆਂ ਹਨ, ਉਥੇ ਖੁਰਾਕ ’ਤੇ ਕੰਟਰੋਲ ਵੀ ਬਹੁਤ ਜ਼ਰੂਰੀ ਹੈ। ਕਿਉਂਕਿ ਹੁਣ ਤਿਓਹਾਰਾਂ ਦਾ ਮੌਸਮ ਆ ਰਿਹਾ ਹੈ ਇਸ ਲਈ ਇਸ ਦੇ ਮਰੀਜ਼ਾਂ ਨੂੰ ਹੋਰ ਵੀ ਧਿਆਨ ਰੱਖਣ ਦੀ ਲੋੜ ਹੈ।

ਇਸ ਲੇਖ ਵਿਚ ਮੈਂ ਡਾਇਬੀਟੀ ਦੇ ਮਰੀਜ਼ਾਂ ਲਈ ਕੁਝ ਸੁਝਾਅ ਦਿੱਤੇ ਹਨ ਜਿਸ ਰਾਹੀਂ ਉਹ ਤਿਓਹਾਰਾਂ ਦੇ ਮੌਸਮ ਵਿਚ ਇਸ ’ਤੇ ਕਾਬੂ ਪਾ ਸਕਦੇ ਹਨ।

ਮਰੀਜ਼ਾਂ ਲਈ ਸੁਝਾਅ

- ਉਨ੍ਹਾਂ ਨੂੰ ਕਣਕ, ਜਵਾਰ, ਬਾਜਰਾ, ਰਾਗੀ ਆਦਿ ਵਾਲੇ ਸਟਾਰਚ ਲੈਣੇ ਚਾਹੀਦੇ ਹਨ ਨਾ ਕਿ ਗੁਲੂਕੋਜ਼ ਤੇ ਟੇਬਲ ਸ਼ੂਗਰ ਵਿਚ ਮੌਜੂਦ ਗੁਲੂਕੋਜ਼, ਸ਼ਹਿਦ, ਫਲਾਂ ਦੇ ਜੂਸ ਲੈਣਾ ਚਾਹੀਦਾ ਹੈ।
- ਛਿਲਕਾ ਦਾਲਾਂ ਦੀ ਬਜਾਏ ਛੋਲਿਆਂ ਦੀ ਦਾਲ, ਰਾਜਮਾਹ, ਸੋਇਆ-ਬੀਨ ਵਰਗੀਆਂ ਦਾਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
- ਸੋਇਬਾ-ਬੀਨ ਜਾਂ ਕਾਲੇ ਛੋਲਿਆਂ ਦਾ ਆਟਾ ਕਣਕ ਦੇ ਆਟੇ ਵਿਚ ਮਿਲਾ ਕੇ ਗੁੰਨਣਾ ਚਾਹੀਦਾ ਹੈ ਤੇ ਇਸ ਦੀ ਬਣੀ ਰੋਟੀ ਖਾਣੀ ਚਾਹੀਦੀ ਹੈ। ਇਸ ਨਾਲ ਭੋਜਨ ਦੇ ਪ੍ਰੋਟੀਨ ਤੱਤ ਵਧਦੇ ਹਨ।
- ਪੱਤੇਦਾਰ ਸਬਜ਼ੀਆਂ ਤੇ ਹਰ ਤਰ੍ਹਾਂ ਦੀ ਕੱਚੀ ਸਬਜ਼ੀ ਜਿਵੇਂ ਖੀਰਾ, ਗਾਜਰ, ਪੱਤਾ ਗੋਭੀ, ਫੁੱਲ ਗੋਭੀ, ਪਿਆਜ਼ ਤੇ ਟਮਾਟਰ ਵਧੇਰੇ ਮਾਤਰਾ ਵਿਚ ਲਏ ਜਾ ਸਕਦੇ ਹਨ।
- ਭੋਜਨ ਨੂੰ ਵਧ ਤੋਂ ਵਧ ਇਸ ਢੰਗ ਨਾਲ ਪਕਾਉਣਾ ਚਾਹੀਦਾ ਹੈ ਜਿਨ੍ਹਾਂ ਵਿਚ ਚਰਬੀ ਦੀ ਘੱਟ ਤੋਂ ਘੱਟ ਮਾਤਰਾ ਹੋਵੇ।

ਜਿਹੜਾ ਭੋਜਨ ਨਹੀਂ ਲੈਣਾ ਚਾਹੀਦਾ

1 ਪੂਰੀ, ਪਰਾਂਠੇ, ਸਮੋਸੇ, ਪਕੌੜੇ, ਮੱਖਣ, ਮਲਾਈ ਵਰਗੇ ਭੋਜਨ।
2 ਕੇਕ, ਪੇਸਟਰੀ, ਬਿਸਕੁਟ ਤੇ ਪੂਡਿੰਗ ਵਰਗੀਆਂ।
3 ਪਨੀਰ, ਮੱਖਣ ਖੋਇਆ, ਕਰੀਮ, ਹਰ ਤਰ੍ਹਾਂ ਦੇ ਦੁੱਧ ਵਾਲੇ ਡੇਅਰੀ ਪਦਾਰਥ।
4 ਚਰਬੀ ਤੇ ਵਨਸਪਤੀ ਤੇਲ ਘਿਓ, ਦੇਸੀ ਘਿਓ, ਪ੍ਰੋਸੈਸਡ ਪਨੀਰ।
5 ਅਚਾਰ, ਪਾਪੜ, ਚਟਨੀਆਂ, ਨਮਕੀਨ ਬਿਸਕੁਟ, ਬੇਕਿੰਗ ਪਾਊਡਰ, ਚਿਪਸ, ਕੁਰਕਰੇ ਆਦਿ।
6 ਨਸ਼ੇ ਵਾਲੇ ਡਰਿੰਕ ਤੇ ਸਿਗਰਟ।
7 ਸਾਰੇ ਆਰਗਨ ਮੀਟ, ਰੈਡ ਮੀਟ, ਕਰੈਬਸ ਤੇ ਪਰੌਨਸ ਵਰਗੇ ਮਾਸਾਹਾਰੀ ਭੋਜਨ।
8 ਆਲੂ, ਅਰਬੀ, ਜਿਮੀਕੰਦ, ਕਟਹਰ, ਸ਼ਕਰਕੰਦੀ ਆਦਿ ਤੋਂ ਪਰਹੇਜ਼ ਕਰੋ।
9 ਅੰਬ, ਕੇਲੇ, ਅੰਗੂਰ, ਖਜੂਰ, ਲੀਚੀ, ਚਿਕੂ ਤੇ ਫਲਾਂ ਦੇ ਜੂਸ ਤੋਂ ਪਰਹੇਜ਼ ਕਰੋ।

ਜਿਹੜਾ ਭੋਜਨ ਲੈਣਾ ਚਾਹੀਦਾ ਹੈ

1 ਕਣਕ, ਬਰਾਊਨ ਚੌਲ, ਬਾਜਰਾ, ਰਾਗੀ, ਜਵਾਰ ਆਦਿ ਲੈਣੇ ਚਾਹੀਦੇ ਹਨ।
2 ਸਾਬਤ ਤੇ ਪੁੰਗਰੀਆਂ ਦਾਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
3 ਸਾਰੀਆਂ ਸਬਜ਼ੀਆਂ ਦਾ ਸੇਵਣ।
4 ਘੱਟ ਚਰਬੀ ਵਾਲਾ ਦੁੱਧ ਤੇ ਇਸ ਦਾ ਦਹੀ ਲਿਆ ਜਾ ਸਕਦਾ ਹੈ।
5 ਅੰਡੇ ਦੀ ਸਫੇਦ ਜ਼ਰਦੀ।
6 ਸਾਰੇ ਤਰ੍ਹਾਂ ਦੇ ਤਾਜ਼ੇ ਫਲ ਖਾਸ ਤੌਰ ’ਤੇ ਕੈਲੋਰੀ ਰਹਿਤ।
ਹੋਰ ਭੋਜਨ ਸਬਜ਼ੀਆਂ ਦਾ ਸੂਪ, ਸਾਦਾ ਨਿੰਬੂ ਪਾਣੀ, ਫੈਟ ਫਰੀ ਦੁੱਧ, ਸਾਦਾ ਪਤਲੀ ਲੱਸੀ, ਸਲਾਦ, ਧਣੀਏ ਪੁਦੀਨੇ ਦੀ ਚਟਨੀ।

# ਪਾਠਕ੍ਰਮ ਤੋਂ ਬਾਹਰਲੀਆਂ ਪੁਸਤਕਾਂ ਵੀ ਆਪਣੇ ਬੱਚਿਆਂ ਨੂੰ ਪੜ੍ਹਾਓ



ਕੌਲੀਨ ਮਕਲੌ ਕਲਿੰਕ

ਸਕੂਲ ਦਾ ਪਹਿਲਾ ਮਹੀਨਾ ਆਇਆ ਤੇ ਚਲਾ ਵੀ ਗਆ। ਅਜੇ ਕੱਲ ਦੀ ਗੱਲ ਲਗਦੀ ਹੈ ਕਿ ਮੈਂ ਸਕੂਲ ਦੇ ਪਹਿਲ ੇ ਦਿਨ ਪਹਿਨਣ ਲਈ ਕੱਪੜੇ ਲਭਦੀ ਫਿਰਦੀ ਸਾਂ- ਤੇ ਹੁਣ ਅਕਤੂਬਰ ਵੀ ਆ ਗਿਆ। ਅਸੀਂ ਜੇ ਪਰਸੀ ਪੇਜ ਵਿਖੇ ਇਸ ਮਹੀਨੇ ਬੱਚਿਆਂ ਨੂੰ ਸੈੱਟ ਕਰਨ ਅਤੇ ਸਕੂਲ ਦੇ ਆਮ ਪ੍ਰਵਾਹ ਵਿਚ ਵਾਪਸ ਪਰਤਾਉਣ ਵਿਚ ਰੁੱਝੇ ਹੋਏ ਸਾਂ। ਸਾਡੇ ਸਕੂਲ ਵਿਚ ਸਤੰਬਰ ਦੇ ਅਰੰਭ ਵਿਚ 1100 ਤੋਂ ਵੱਧ ਬੱਚੇ ਆ ਗਏ ਸਨ। ਸਤੰਬਰ ਦੇ ਮੱਧ ਵਿਚ ਅੰਗਰੇਜ਼ੀ ਦੀ ਸ਼੍ਰੇਣੀ ਵਿਚ ਪੰਜੀਕ੍ਰਿਤ ਸਾਰੇ ਵਿਦਿਆਰਥੀਆਂ ਨੇ ‘‘ਲੈਂਗੂਏਜ ਐਂਡ ਰੀਡਿੰਗ’’ ਗਰੇਡ ਲੈਵਲ ਇਮਤਿਹਾਨ ਦਿਤਾ। ਇਮਤਿਹਾਨ ਵਿਚ ਮਿਅਰੀ ਸ਼ਬਦਾਵਲੀ ਦੇ ਸ਼ਬਦ ਅਤੇ ਸ਼ੁੱਧ ਪੜ੍ਹਨ ਨਾਲ ਸਬੰਧਤ ਪ੍ਰਸ਼ਨ ਸ਼ਾਮਲ ਕੀਤੇ ਗਏ। ਸਾਨੂੰ ਮਿਲੇ ਜੁਲੇ ਨਤੀਜੇ ਹਾਸਲ ਹੋਏ ਅਤੇ ਸਾਡੇ ਵਿਦਿਆਰਥੀਆਂ ਵਿਚੋਂ ਬਹੁਤੇ ਗਰੇਡ ਯੋਗਤਾ ਹਾਸਲ ਕਰਨ ਵਿਚ ਅਸਫਲ ਰਹੇ - ਜਿਸ ਦਾ ਅਰਥ ਹੈ, ਉਨ੍ਹਾਂ ਦੀ ਪੜ੍ਹਨ ਯੋਗਤਾ ਉਨ੍ਹਾਂ ਦੀ ਸਫਲਤਾ ਵਿਚ ਉਦੋਂ ਤਕ ਅੜਿੱਕਾ ਬਣੀ ਰਹੇਗੀ ਜਦੋਂ ਤਕ ਉਹ ਵਧੇਰੇ ਅੰਗਰੇਜ਼ੀ ਪੁਸਤਕਾਂ ਪੜ੍ਹਨ ਦੇ ਸੁਚੇਤ ਯਤਨ ਨਹੀਂ ਕਰਨਗੇ। ਇਸ ਟੈਸਟ ਦੀ ਅਸੈੱਸਮੈਂਟ ਜਲਦੀ ਹੀ ਸਕੂਲ ਜ਼ੋਨ ’ਤੇ ਦਿਖਾਈ ਜਾਵੇਗੀ। ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਹੈ ਜਾਂ ਕੋਈ ਖਾਤਾ ਸਥਾਪਤ ਕਰਨਾ ਚਾਹੁੰਦੇ ਹੋ ਤਾਂ ਕ੍ਰਿਪਾ ਕਰਕੇ ਫੋਨ ਕਰੋ। ਸਾਰੇ ਵਿਦਿਆਰਥੀਆਂ ਤੋਂ ਹਰ ਰਾਤ ਘੱਟੋ ਘੱਟ 30 ਮਿੰਟ ਤਕ ਪੜ੍ਹਨ ਦੀ ਮੰਗ ਕਰਦੇ ਹਾਂ। ਅਤੇ ਇਸ ਪ੍ਰੋਗਰਾਮ ਨੂੰ ਨਾਮ ਦਿਤਾ ਹੈ ‘‘ਪੜ੍ਹਨ ਦੀ ਮੰਗ ਪਲਟਨਾ’’ ਅਸੀਂ ਮਾਪਿਅ ਨੂੰ ਆਖਦੇ ਹਾਂ ਕਿ ਉਹ ਆਪਣੇ ਬੱਚੇ ਦੀ ਪੜ੍ਹਨ ਪ੍ਰਗਤੀ ਦੀ ਘਰ ਵਿਚ ਦੇਖ ਰੇਖ ਕਰਨ ਵਿਚ ਮਦਦ ਕਰਨ। ਕੋਈ ਘਰ ਦਾ ਕੰਮ ਨਹੀਂ? ਉਨ੍ਹਾਂ ਦੇ ਪੜ੍ਹਨ ਲਈ ਪੁਸਤਕਾਂ ਹਾਸਲ ਕਰੋ। ਪਿਛਲੇ ਸਾਲ ਅਸੀਂ ਨਵੀਆਂ ਪੁਸਤਕਾਂ ’ਤੇ 1000 ਡਾਲਰ ਖਰਚ ਕੀਤੇ ਅਤੇ ਸਾਡੀ ਮੋਬਾਈਲ ਲਾਇਬਰੇਰੀ ਵਿਚ ਨਵੀਆਂ ਤੇ ਪੁਰਾਣੀਆਂ ਪੁਸਤਕਾਂ ਹਨ। ਇਹ ਅੰਗਰੇਜ਼ੀ ਕਲਾਸਾਂ ਦੇ ਗੇੜੇ ਲਾਉਂਦੀ ਰਹਿੰਦੀ ਹੈ। ਸਾਡੀ ਵਾਲੀਬਾਲ ਟੀਮ ਖੇਡਾਂ ਵਿਚ ਰੁਝੀ ਹੋਈ ਹੈ, ਸਾਡੀ ਫੁੱਟਬਾਲ ਟੀਮ ਅਭਿਆਸ ਵਿਚ ਰੁਝੀ ਹੋਈ ਹੈ, ਸੰਗੀਤ ਦੀਆਂ ਕਲਾਸਾਂ ਮੁੜ ਹਾਲਾਂ ਨੂੰ ਸੁਰਾਂ ਨਾਲ ਭਰ ਰਹੀਆਂ ਹਨ, ਪੇਜ ਟੀਵੀ ਹਰ ਮਹੀਨੇ ਤਰੱਕੀ ਕਰਦਾ ਅਤੇ ਚਲਦਾ ਰਹਿੰਦਾ ਹੈ - ਕਿੰਨਾ ਕੁਝ ਹੋ ਰਿਹਾ ਹੈ। ਸਾਡਾ ਸਕੂਲ ਜੀਂਦਾ ਜਾਗਦਾ ਤੇ ਧੜਕਦਾ ਹੈ। 7 ਸਤੰਬਰ ਨੂੰ ਅਸੀਂ ਅਧਿਆਪਕ ਰਾਤਰੀ ਮਿਲਣੀ ਕੀਤੀ ਅਤੇ ਮਾਪਿਆਂ ਤੇ ਵਿਦਿਆਰਥੀਆਂ ਨੂੰ ਇਕ ਬਾਹਰੀ ਬੀ.ਬੀ.ਕਿਊ ਦੀ ਪੇਸ਼ਕਸ਼ ਕੀਤੀ। ਹਰ ਦੋ ਹਫਤਿਆਂ ਨੂੰ ਸਕੂਲ ਪੱਧਰ ’ਤੇ ਸਾਰੇ ਗਰੇਡ ਲੋਡ ਤੇ ਅੱਪਡੇਟ ਕਰ ਦਿਤੇ ਜਾਂਦੇ ਹਨ - ਸੋ ਤੁਸੀਂ ਦੇਖ ਸਕਦੇ ਹੋ ਹਰ ਸ਼੍ਰੇਣੀ ’ਚੋਂ ਤਹਾਡੇ ਬੱਚੇ ਨੇ ਜੋ ਅੰਕ ਲਏ ਹਨ। ਚੰਗਾ ਹੈ ਜੇਕਰ ਤੁਸੀਂ ਆਪਣੇ ਬੱਚੇ ਨੂੰ ਠੀਕ 8.45 ’ਤੇ ਸਕੂਲ ਪਹੁੰਚਣ ਲਈ ਘਰੋਂ ਜਲਦੀ ਬਾਹਰ ਲੈ ਆਵੋ। ਅਜਿਹਾ ਹੋਣ ਨਾਲ ਉਨ੍ਹਾਂ ਨੂੰ ਘਰ ਆਪਣਾ ਲਾਕਰ ਲੈਣ ਲਈ, ਪਹਿਲੀ ਕਲਾਸ ਲਈ ਅਤੇ ਸਿੱਖਣ ਵਾਸਤੇ ਤਿਆਰ ਹੋਣ ਲਈ ਕਾਫੀ ਸਮਾਂ ਮਿਲ ਜਾਂਦਾ ਹੈ। ਖੁਦ ਮੇਰੀਆਂ ਕਲਾਸਾਂ ਲਈ, ਇਸ ਸਮੈਸਟਰ ਵਿਚ ਫਿਰ ਮੇਰੇ ਕੋਲ ਵਿਦਿਆਰਥੀਆਂ ਦਾ ਜਬਰਦਸਤ ਗਰੁੱਪ ਹੈ। ਮੈਂ ਹਰ ਰੋਜ਼ ਉਨ੍ਹਾਂ ਦੇ ਵਿਚਾਰ ਸੁਣਨ ਲਈ ਉਤਾਵਲੀ ਰਹਿੰਦੀ ਹਾਂ ਅਤੇ ਦੇਖਦੀ ਹਾਂ ਕਿਸ ਤਰ੍ਹਾਂ ਉਨ੍ਹਾਂ ਦੀ ਲਿਖਣ ਯੋਗਤਾ ਪ੍ਰਗਤੀ ਕਰ ਰਹੀ ਹੈ। ਮੈਂ ਉਨ੍ਹਾਂ ਨੂੰ ਆਪਣੀਆਂ, ਪਾਠਕ੍ਰਮ ਤੋਂ ਬਾਹਰਲੀਆਂ ਪੁਸਤਕਾਂ, ਪੜ੍ਹਦਿਆਂ ਦੇਖਣਾ ਪਸੰਦ ਕਰਦੀ ਹਾਂ। ਇਹ ਨੌਜਵਾਨ ਬਾਲਗਾਂ ਨੂੰ ਚੰਗੀਆਂ ਪੁਸਤਕਾਂ ਮਾਣਦਿਆਂ ਦੇਖਣ ਵਾਂਗ ਹੈ ਅਤੇ ਅਸੀਂ ਕਿਤੇ ਕਿਤੇ ਹਾਸਾ ਠੱਠਾ ਵੀ ਕਰਦੇ ਹਾਂ।

ਜੇਕਰ ਤੁਹਾਡਾ ਕੋਈ ਸਵਾਲ ਹੈ ਜਾਂ ਆਪਣੇ ਵਿਦਿਆਰਥੀਆਂ ਬਾਰੇ ਕੋਈ ਫਿਰਕਮੰਦੀ ਹੈ ਤਾਂ ਕ੍ਰਿਪਾ ਕਰਕੇ ਫੋਨ ਕਰਨ ਤੋਂ ਝਿਜਕਣਾ ਨਹੀਂ। ਅਸੀਂ ਮਹਾਨ ਭਾਈਚਾਰਾ ਹਾਂ - ਆਓ ਆਪਣੇ ਬੱਚਿਆਂ ਨੂੰ ਕੁਝ ਸਭ ਤੋਂ ਵਧੀਆ ਦੇਣ ਲਈ ਰਲ ਮਿਲ ਕੇ ਕੰਮ ਕਰੀਏ।

ਮੁਖੀ ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ ਹਾਈ ਸਕੂਲ ਐਡਮਿੰਟਨ, ਅਲਬਰਟਾ
780 462 3322
Colleen_Mecullaugu@epsb.ca

ADVANCE DRIVING SCHOOL & LIMOS
> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function
780-660-4090
# 202-3456 91 St. Edmonton, AB




Home Renovations
A1
Our Services
Basement Development
General Carpentry
Electrical & Plumbing
Drywall - Mud & Tape, Texturing
Kitchen & Bathroom Remodeling
Flooring - Hardwood, Laminate, Tile, Carpet
Painting - Interior, Exterior
We specialize in commercial and residential renovations.
Over 15 years in the industry, customer satisfaction is our #1 goal. We are licensed, insured, BBB members with WCB coverage.
Call us today for a free estimate!
780.484.8885

# ਕੀ ਤੁਸੀਂ ਐਨਰਜੀ ਡਰਿੰਕਸ ਦਾ ਇਹ ਸੱਚ ਜਾਣਦੇ ਹੋ?

ਐਡਮਿੰਟਨ : ਐਨਰਜੀ ਡਰਿੰਕਸ ਕੈਨੇਡਾ ਭਰ ਵਿਚ ਹਰਮਨ ਪਿਆਰੇ ਹਨ ਪਰ ਕੈਨੇਡੀਅਨ ਬੈਵਰੇਜ ਐਸੋਸੀਏਸ਼ਨ ਇਸ ਗੱਲ ਤੋਂ ਵੀ ਜਾਣੂ ਹੈ ਕਿ ਇਨ੍ਹਾਂ ਡਰਿੰਕਸ ਸਬੰਧੀ ਲੋਕਾਂ ਦੇ ਮਨਾਂ ਵਿਚ ਬਹੁਤ ਸਾਰੇ ਸਵਾਲ ਵੀ ਹਨ। ਜਿਵੇਂ ਕਿ ਇਹ ਡਰਿੰਕ ਲੈਣੇ ਕਿਉਂ ਜ਼ਰੂਰੀ ਹਨ ਅਤੇ ਇਨ੍ਹਾਂ ਦੀ ਵਰਤੋਂ ਕਿਵੇਂ ਕਰਨੀ ਹੈ?

### ਕੀ ਹਨ ਐਨਰਜੀ ਡਰਿੰਕ ?

ਹੈਲਥ ਕੈਨੇਡਾ ਕਹਿੰਦਾ ਹੈ ਕਿ ਐਨਰਜੀ ਡਰਿੰਕ ਦਾ ਮੰਤਵ ਥੋੜ੍ਹੇ ਸਮੇਂ ਵਾਸਤੇ ਸਰੀਰਕ ਅਤੇ ਮਾਨਸਿਕ ਚੁਸਤੀ ਪ੍ਰਦਾਨ ਕਰਨਾ ਹੈ। ਆਮ ਤੌਰ 'ਤੇ ਇਨ੍ਹਾਂ ਵਿਚ ਕੈਫੀਨ, ਟੌਰੀਨ, ਵਿਟਾਮਿਨ ਅਤੇ ਕਾਰਬੋਹਾਈਡਰੇਟ ਹੁੰਦੇ ਹਨ।




### ਕਿਨ੍ਹਾਂ ਨੂੰ ਲੋੜ ਹੈ ਇਨ੍ਹਾਂ ਦੀ?

ਇਨ੍ਹਾਂ ਦੇ ਇਸਤੇਮਾਲ ਦੀ ਸਲਾਹ ਅਜਿਹੇ ਲੋਕਾਂ ਨੂੰ ਦਿਤੀ ਜਾਂਦੀ ਹੈ ਜਿਨ੍ਹਾਂ ਨੂੰ ਝਟਪਟ ਮਾਨਸਿਕ ਅਤੇ ਸਰੀਰਕ ਚੁਸਤੀ ਚਾਹੀਦੀ ਹੈ। ਗਰਭਵਤੀ ਔਰਤਾਂ, ਬੱਚਿਆਂ ਨੂੰ ਦੁੱਧ ਪਿਆ ਰਹੀਆਂ ਮਾਵਾਂ, ਛੋਟੇ ਬੱਚਿਆਂ ਅਤੇ ਉਨ੍ਹਾਂ ਲੋਕਾਂ ਨੂੰ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਨੂੰ ਕੈਫੀਨ ਸੈਂਸਟੀਵਿਟੀ ਹੈ।

### ਇਕ ਦਿਨ ਵਿਚ ਕਿੰਨੀ ਡੋਜ਼ ਲਈ ਜਾਵੇ?

ਕੈਨ ਉਪਰ ਲਿਖੀ ਜਾਣਕਾਰੀ ਜ਼ਰੂਰ ਪੜ੍ਹੋ ਆਮ ਤੌਰ 'ਤੇ ਇਸ ਉਪਰ ਦਿਨ ਵਿਚ ਇਕ ਜਾਂ ਦੋ ਕੈਨ ਪੀਣ ਦੀ ਸਲਾਹ ਹੀ ਲਿਖੀ ਹੁੰਦੀ ਹੈ। ਪੀਣ ਤੋਂ ਪਹਿਲਾਂ ਉਸ ਉਪਰ ਲਿਖੀ ਸਮਗਰੀ ਦੀ ਮਾਤਰਾ ਜ਼ਰੂਰਤ ਧਿਆਨ ਨਾਲ ਪੜ੍ਹੋ।

### ਕੀ ਐਨਰਜੀ ਡਰਿੰਕ ਅਤੇ ਸਪੋਰਟਸ ਡਰਿੰਕਸ ਇਕ ਹੀ ਚੀਜ਼ ਹਨ?

ਨਹੀਂ ਇਹ ਦੋਵੇਂ ਵੱਖ ਵੱਖ ਹਨ। ਸਪੋਰਟਸ ਡਰਿੰਕ ਸਰੀਰਕ ਗਤੀਵਿਧੀ ਦੌਰਾਨ ਹੋਈ ਥਕਾਵਟ ਮਗਰੋਂ ਮੁੜ ਚੁਸਤੀ ਪ੍ਰਦਾਨ ਕਰਨ ਅਤੇ ਸਰੀਰ ਵਿਚ ਪਾਣੀ ਦੀ ਕਮੀ ਪੂਰੀ ਕਰਨ ਲਈ ਹੁੰਦੇ ਹਨ, ਇਨ੍ਹਾਂ ਵਿਚਲਾ ਇਲੈਕਟ੍ਰੋਲਾਈਟ ਸੋਡੀਅਮ ਅਤੇ ਪੋਟੈਸ਼ੀਅਮ ਦਾ ਸੰਤੁਲਨ ਬਰਕਰਾਰ ਰੱਖਦਾ ਹੈ।

### ਕੀ ਐਨਰਜੀ ਡਰਿੰਕ ਨੂੰ ਸ਼ਰਾਬ ਨਾਲ ਮਿਲਾ ਕੇ ਪੀ ਸਕਦੇ ਹਾਂ?

ਜਿਵੇਂ ਕਿ ਲੇਬਲ ਦਸਦੇ ਹਨ, ਹਰ ਡਰਿੰਕ ਸ਼ਰਾਬ ਨਾਲ ਮਿਲਾਉਣ ਲਾਇਕ ਨਹੀਂ ਹੁੰਦਾ, ਇਸ ਲਈ ਕੈਨੇਡੀਅਨ ਬੈਵਰੇਜ ਐਸੋਸੀਏਸ਼ਨ ਅਜਿਹਾ ਨਾ ਕਰਨ ਦੀ ਸਲਾਹ ਦਿੰਦੀ ਹੈ।

### ਐਨਰਜੀ ਡਰਿੰਕ ਵਿਚ ਕਿੰਨੀ ਕੈਫੀਨ ਹੁੰਦੀ ਹੈ?

ਵਧੇਰੇ ਵਿਕਣ ਵਾਲੇ ਡਰਿੰਕਸ ਵਿਚ ਪ੍ਰਤੀ ਕੈਨ 70 ਐਮ.ਜੀ. ਤੋਂ 200 ਐਮ.ਜੀ. ਤਕ ਕੈਫੀਨ ਹੁੰਦੀ ਹੈ। ਇਹ ਆਮ ਤੌਰ 'ਤੇ ਲਗਭਗ 2 ਕੱਪ ਕੌਫੀ ਤੋਂ ਜ਼ਰਾ ਘੱਟ ਹੁੰਦਾ ਹੈ।

### ਕੀ ਐਨਰਜੀ ਡਰਿੰਕਸ ਸੁਰੱਖਿਅਤ ਹਨ?

ਕੈਨੇਡਾ ਵਿਚ ਵਿਕਣ ਵਾਲੇ ਐਨਰਜੀ ਡਰਿੰਕਸ ਦੀ ਹੈਲਥ ਕੈਨੇਡਾ ਵਲੋਂ ਬਕਾਇਦਾ ਜਾਂਚ ਕੀਤੀ ਜਾਂਦੀ ਹੈ। ਬੋਤਲ ਉਪਰ ਸਮਰਗੀ ਸਬੰਧੀ ਸਾਰੀ ਜਾਣਕਾਰੀ ਦਾ ਬਿਉਰਾ ਦਿਤਾ ਹੁੰਦਾ ਹੈ ਤੇ ਨਾਲ ਹੀ ਇਹ ਵੀ ਦਸਿਆ ਜਾਂਦਾ ਹੈ ਕਿ ਕਿਹਨਾਂ ਚੀਜ਼ਾਂ ਦਾ ਧਿਆਨ ਰੱਖਣ ਦੀ ਲੋੜ ਹੈ। ਗਾਹਕ ਬੋਤਲ ਜਾਂ ਕੈਨ ਉਪਰ ਦਰਜ ਐਨ.ਪੀ.ਐਨ. ਭਾਵ ਨੈਚੁਰਲ ਪ੍ਰੋਡਕਸ ਨੰਬਰ ਦੀ ਮਦਦ ਨਾਲ ਪਛਾਣ ਸਕਦੇ ਹਨ ਕਿ ਇਹ ਜਾਂਚਸ਼ੁਦਾ, ਪੀਣਯੋਗ ਡਰਿੰਕ ਹੈ ਜਾਂ ਨਹੀਂ। ਇਹ ਨੰਬਰ ਸਿਰਫ ਉਨ੍ਹਾਂ ਹੀ ਡਰਿੰਕਸ ਨੂੰ ਦਿਤਾ ਜਾਂਦਾ ਹੈ, ਜਿਨ੍ਹਾਂ ਦੀ ਹੈਲਥ ਕੈਨੇਡਾ ਨੇ ਜਾਂਚ ਕੀਤੀ ਹੋਵੇ ਅਤੇ ਪੀਣਯੋਗ ਕਰਾਰ ਦਿਤਾ ਹੋਵੇ। ਐਨਰਜੀ ਡਰਿੰਕਸ ਐਸ ਵੇਲੇ ਦੁਨੀਆ ਦੇ 160 ਦੇਸ਼ਾਂ ਵਿਚ ਵਿਕ ਰਹੇ ਹਨ। ਮਾਹਰਾਂ ਮੁਤਾਬਕ ਐਨਰਜੀ ਡਰਿੰਕਸ ਨੂੰ ਖਾਣੇ ਦੀ ਤਰ੍ਹਾਂ ਵਰਤਿਆ ਜਾ ਸਕਦਾ ਹੈ। ਪੀਣ ਤੋਂ ਪਹਿਲਾਂ ਹਮੇਸ਼ਾ ਲੇਬਲ ਪੜ੍ਹੋ ਅਤੇ ਲਿਖੀ ਹੋਈ ਡੋਜ਼ ਤੋਂ ਵੱਧ ਨਾ ਪੀਓ।

### ਕੁਦਰਤੀ ਹੈਲਥ ਪ੍ਰੋਡਕਟ ਕੀ ਹਨ?

ਹੈਲਥ ਕੈਨੇਡਾ ਦੀਆਂ ਨੈਚੁਰਲ ਹੈਲਥ ਪ੍ਰੋਡਕਟਸ ਰੈਗੁਲੇਸ਼ਨਾਂ ਤਹਿਤ ਐਨ.ਐਚ.ਪੀ. ਪ੍ਰੋਡਕਟਾਂ ਨੂੰ ਕੁਦਰਤੀ ਕਰਾਰ ਦਿਤਾ ਗਿਆ ਹੈ, ਜਿਨ੍ਹਾਂ ਦਾ ਕੰਮ ਚੰਗੀ ਸਿਹਤ ਪ੍ਰਦਾਨ ਕਰਨਾ ਹੈ। ਇਨ੍ਹਾਂ ਵਿਚਲੇ ਵਿਟਾਮਿਨਾਂ, ਜੜੀ ਬੂਟੀਆਂ ਅਤੇ ਮਿਨਰਲਾਂ ਕਾਰਨ ਇਨ੍ਹਾਂ ਨੂੰ ਕੌਮਪਲੀਮੈਂਟਰੀ ਜਾਂ ਬਦਲਵੀਆਂ ਔਸ਼ਧੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਰਵਾਇਤੀ ਦਵਾਈਆਂ, ਹਰਬਲ ਦਵਾਈਆਂ ਅਤੇ ਹੋਮਿਉਪੈਥੀ ਵੀ ਸ਼ਾਮਲ ਹਨ।

### ਉਸਤਾਦ ਦਾਮਨ ਦੀ ਜਨਮ ਸ਼ਤਾਬਦੀ ਮਨਾਈ ਗਈ

# ਜੈਤੇਗ਼ ਸਿੰਘ ਅਨੰਤ ਦੀ ਪੁਸਤਕ "ਬੇਨਿਆਜ਼ ਹਸਤੀ ਉਸਤਾਦ ਦਾਮਨ" ਲੋਕ-ਅਰਪਣ

ਸਰੀ: (ਕੇਸਰ ਸਿੰਘ ਕੂਨਰ) ਇਥੇ ਲੋਕ ਕਵੀ ਉਸਤਾਦ ਦਾਮਨ ਦੀ ਪਹਿਲੀ ਜਨਮ ਸ਼ਤਾਬਦੀ ਸਮਾਰੋਹ ਨੂੰ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਸਿਆਟਲ (ਅਮਰੀਕਾ) ਤੋਂ ਪੁੱਜੇ ਨਾਮਵਰ ਸ਼ਾਇਰ ਹਰਭਜਨ ਸਿੰਘ ਬੈਂਸ, ਜਨਾਬ ਜੋਗਿੰਦਰ ਸ਼ਮਸ਼ੇਰ, ਤੇ ਪੰਜਾਬੀ ਅਦਬੀ ਸੰਗਤ ਦੇ ਮੁਖ ਖ਼ਿਦਮਤਗਾਰ ਜੈਤੇਗ਼ ਸਿੰਘ ਅਨੰਤ ਤੇ ਡਾ: ਮਨਜੀਤ ਸਿੰਘ ਰੰਧਾਵਾ ਨੂੰ ਬਿਠਾਇਆ ਗਿਆ। ਲਹਿੰਦੇ ਪੰਜਾਬ ਦੇ ਮਹੀਨੇ ਵਾਰ "ਲਿਖਾਰੀ" ਲਾਹੌਰ ਦੇ ਐਡੀਟਰ ਡਾ: ਅਰਸ਼ਦ ਇਕਬਾਲ ਅਰਸ਼ਦ ਦੀ ਪੁਸਤਕ ਉਤੇ ਲਿਖਿਆ ਪੇਪਰ ਗੁਰਚਰਨ ਟੱਲੇਵਾਲੀਆ ਤੇ ਪੰਜਾਬੀ ਸੱਥ ਬੁੱਲੇਸ਼ਾਹ-ਕਸੂਰ, ਪਾਕਿਸਤਾਨ ਤੋਂ ਪੁੱਜਾ ਦਿਲ ਮੁਹੰਮਦ ਦਾ ਪੇਪਰ ਦਲਜੀਤ ਕਲਿਆਨਪੁਰੀ ਨੇ ਪੜ੍ਹਿਆ।

ਇਸੇ ਤਰ੍ਹਾਂ ਡਾ: ਕਰਨੈਲ ਸਿੰਘ ਥਿੰਦ ਦਾ ਲਿਖਿਆ ਪੇਪਰ ਮਲੂਕ ਚੰਦ ਕਲੇਰ ਨੇ ਬਹੁਤ ਵਧੀਆ ਅੰਦਾਜ਼ ਵਿਚ ਪੜ੍ਹਿਆ। ਨਾਮਵਰ ਸਾਹਿਤਕਾਰ ਜੋਗਿੰਦਰ ਸ਼ਮਸ਼ੇਰ ਨੇ ਉਸਤਾਦ ਦਾਮਨ ਨੂੰ ਆਪਣੀ ਅਕੀਦਤ ਪੇਸ਼ ਕੀਤੀ। ਅਦਬੀ ਸ਼ਖਸੀਅਤਾਂ ਵਲੋਂ ਸ੍ਰੀ ਅਨੰਤ ਦੀ ਪੁਸਤਕ 'ਬੇਨਿਆਜ਼ ਹਸਤੀ ਉਸਤਾਦ ਦਾਮਨ' ਰਿਲੀਜ਼ ਕੀਤੀ ਗਈ। ਜਨਾਬ ਜੋਗਿੰਦਰ ਸ਼ਮਸ਼ੇਰ ਨੂੰ ਪੰਜਾਬੀ ਅਦਬ ਵਿਚ "ਲਾਈਫ਼ ਟਾਈਮ ਐਚੀਵਮੈਂਟ" ਉਸਤਾਦ ਦਾਮਨ ਐਵਾਰਡ ਭੇਟ ਕੀਤਾ ਗਿਆ। ਇਸ ਮੌਕੇ ਮੈਂਬਰ ਪਾਰਲੀਮੈਂਟ ਜਸਬੀਰ ਸੰਧੂ ਨੇ ਹਾਊਸ ਆਫ ਕਾਮਨਜ਼ ਵਲੋਂ ਜੇਤੇਗ਼ ਸਿੰਘ ਅਨੰਤ ਨੂੰ ਇੱਕ ਪ੍ਰਸੰਸਾ ਪੱਤਰ ਭੇਟ ਕੀਤਾ। ਇਸੇ ਤਰ੍ਹਾਂ ਹਰਭਜਨ ਸਿੰਘ ਬੈਂਸ ਤੇ ਜਸਬੀਰ ਸੰਧੂ ਨੂੰ ਪੰਜਾਬੀ ਅਦਬੀ ਸੰਗਤ ਵਲੋਂ ਕਿਤਾਬਾਂ ਦੇ ਸੈੱਟ ਭੇਟ ਕੀਤੇ ਗਏ।

ਸਮਾਗਮ ਵਿਚ ਲਹਿੰਦੇ ਪੰਜਾਬ ਦੇ ਭਾਈਚਾਰੇ ਵਿਚੋਂ ਜਨਾਬ ਰਫ਼ੀਕ ਸਾਹਿਬ, ਡਾ: ਸੈਫ਼ ਖ਼ਾਲਿਦ, ਸ਼ਾਹਜ਼ਾਦ ਨਜ਼ੀਰ ਖਾਨ, ਮੁਹਤਰਮਾ ਫੋਜੀਆ ਮਨਾਨ, ਤੋਂ ਇਲਾਵਾ ਭਾਈਚਾਰੇ ਦੀਆਂ ਜਿਹੜੀਆਂ ਹਸਤੀਆਂ ਨੇ ਹਿੱਸਾ ਲਿਆ, ਉਨ੍ਹਾਂ ਵਿਚ ਜਗਤਾਰ ਸਿੰਘ ਸੰਧੂ, ਪਿਆਰਾ ਸਿੰਘ ਨੱਤ, ਸਰਵਣ ਸਿੰਘ ਰੰਧਾਵਾ, ਜਰਨੈਲ ਸਿੰਘ, ਬੀਰ ਸਿੰਘ ਝੂਟੀ, ਇਕਬਾਲ ਝੂਟੀ, ਸ਼ਿੰਗਾਰਾ ਸਿੰਘ ਸੰਧੂ, ਕੇਵਲ ਸਿੰਘ ਧਾਲੀਵਾਲ, ਅਜਮੇਰ ਸਿੰਘ ਧਾਲੀਵਾਲ, ਸੀਤਲ ਕਲੇਰ, ਚਿਤਰਕਾਰ ਸੀਤਲ ਅਨਮੋਲ, ਸੁਤੇ ਪ੍ਰਕਾਸ਼ ਅਹੀਰ, ਅਨੂਪ ਝੱਲੀ, ਨੇ ਹਿੱਸਾ ਲਿਆ।

ਮੋਹਨ ਗਿੱਲ, ਨਦੀਮ ਪ੍ਰਮਾਰ, ਇੰਦਰਜੀਤ ਕੌਰ ਸਿੱਧੂ, ਕੇਹਰ ਸਿੰਘ ਧਮੜੈਤ. ਕੇਸਰ ਸਿੰਘ ਕੂਨਰ, ਬਲਬੀਰ ਸਿੰਘ ਸੰਘਾ, ਮਨਜੀਤ ਸਿੰਘ ਰੰਧਾਵਾ, ਇੰਦਰਜੀਤ ਸਿੰਘ ਧਾਮੀ, ਨੇ ਉਸਤਾਦ ਦਾਮਨ ਤੇ ਪੁਸਤਕ ਪ੍ਰਤੀ ਵਿਚਾਰ ਸਾਂਝੇ ਕੀਤੇ। ਸਮਾਗਮ ਵਿਚ ਲੇਖ਼ਕ ਵਰਗ ਵਿਚ ਜੀਵਨ ਸਿੰਘ ਰਾਮਪੁਰੀ, ਹਰਭਜਨ ਸਿੰਘ ਮਾਂਗਟ, ਬਿੱਕਰ ਸਿੰਘ ਖੋਸਾ, ਚਰਨ ਸਿੰਘ ਵਿਰਦੀ, ਮਨਜੀਤ ਮੀਤ, ਗੀਤਕਾਰ ਲਾਲ ਪਧਿਆਣਵੀ, ਜਸਬੀਰ ਗੁਣਾਚੋਰੀਆ, ਅਮਰਜੀਤ ਕੌਰ ਸ਼ਾਂਤ, ਜਗਦੇਵ ਸਿੰਘ ਜਟਾਣਾ, ਅਮਰੀਕ ਸਿੰਘ ਲੇਹਲ, ਗਿਆਨ ਸਿੰਘ ਕੋਟਲੀ, ਹਰਚੰਦ ਸਿੰਘ ਬਾਗੜੀ, ਗੁਰਚਰਨ ਸਿੰਘ ਸੇਖੋਂ, ਹਰਬੰਸ ਕੋਰ ਬੈਂਸ, ਸੁਰਿੰਦਰ ਕੋਰ ਸਹੋਤਾ, ਨਿਰਮਲ ਕੌਰ ਗਿਲ, ਨੇ ਹਿੱਸਾ ਲਿਆ। ਭਾਰਤ ਤੋਂ ਪੁੱਜੇ ਮਹਿਮਾਨ ਡਾ: ਜਸਵੰਤ ਸਿੰਘ ਸੇਖੋਂ ਨੂੰ ਜੀ ਆਇਆਂ ਕਿਹਾ ਗਿਆ।



## ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

### ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਭਤੋਂ ਵੱਧ ਬਾਣੀ ਕਿਹੜੇ ਭਗਤ ਦੀ ਹੈ ?
2 ਧੀ ਦੇ ਪੁੱਤਰ ਨੂੰ ਪੰਜਾਬੀ ਵਿਚ ਕੀ ਕਹਿੰਦੇ ਹਨ ?
3 ਕਿਹੜੇ ਗੁਰ ਜੀ ਨੇ ਸ੍ਰੀ ਆਨੰਦਪੁਰ ਨਗਰ ਵਸਾਇਆ ਸੀ ?
4 ਕਨੇਡਾ ਦੇ ਪ੍ਰਧਾਨ ਮੰਤਰੀ ਦਾ ਨਾਮ ਦੱਸੋ ?
5 ਕਨੇਡਾ ਦੇ ਕਿੰਨੇ ਸੂਬੇ ਹਨ ?

ਸਾਡਾ ਪਤਾ-

**Nawi Dunia**
**2nd Floor 3448 - 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
**e-mail: info@nawidunia.com**

### ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ____________________
ਪਤਾ ____________________
ਫੋਨ ਨੰਬਰ __________
ਸਕੂਲ ਦਾ ਨਾਮ ______________
ਗ੍ਰੇਡ ______________
ਮੈਂ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।
ਵਿਦਿਆਰਥੀ ਦੇ ਦਸਤਖ਼ਤ
ਮਿਤੀ______ ______________

ਜੇਤੂਆਂ ਦੇ ਨਾਮ : ਹਰਲੀਨ ਕੌਰ , ਜਗਮੀਤ ਗਿੱਲ, ਭੁਪਿੰਦਰ ਕੌਰ

# Matrimonial

### ਵਰ ਦੀ ਲੋੜ

ਖੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

### ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

------

ਖੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ ਇਲਾਵਾ ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਨਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

Gursikh 39 yrs 5"4 looking for life partner. Tourist, Work, student visa can also be considered. For more information please contact at marriageproposal@inbox.com

------

ਕਨੇਡੀਅਨ ਇਮੀਗ੍ਰਾਂਟ ਸੁਨਿਆਰ ਲੜਕੀ 5'/5" , 29 ਸਾਲ ਲਈ ਯੋਗ ਵਰ ਦੀ ਲੋੜ ਹੈ, ਪਰ ਉਹੀ ਸੰਪਰਕ ਕਰਨ ਜੋ ਭਾਰਤ ਰਹਿੰਦੇ 35 ਸਾਲਾ ਭਰਾ ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਚਾਹਵਾਨ 780-200-5013 'ਤੇ ਸੰਪਰਕ ਕਰ ਸਕਦੇ ਹਨ।

------

ਦਰਜੀ ਸਿੱਖ, ਉਮਰ 38 ਸਾਲ, ਕੱਦ 5 ਫੁੱਟ 4 ਇੰਚ, ਕੈਨੇਡਾ ਦੀ ਸਿਟੀਜਨ ਤਲਾਕਸੁਦਾ ਲੜਕੀ ਲਈ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫ਼ੋਨ ਕਰੋ : 403 984 2868

# Classified Plus

### Change Of Name

I Kamaljit Singh son of Raghbir Singh city Edmonton 3772-48st, T6l-3T3 have changed my name to Kamaljit Singh Baidwan.

### HOUSE ON RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course.
Call: 780 929 9504.

****

### 2 Story House For Sale By Owner In Leduc

Sold

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

****

### ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****

### Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.

****

### Immediately require

Immediately require two freight truck drivers for T & M Trailer repair located at 3009-37th Street NW , Edmonton Alberta T6L 5R1. 1-2 year related experience required. knowledge of Hindi/Punjabi also required . Salary $17.00 per hour for 40 hour work week. Please call TIRATH at 780-884-5003




**City Estates**

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)
011 91 98147 11263 or 011 91 98729 73304

# NIRVANA

**Restaurant ✲ Lounge ✲ Hall**

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......*
*I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**
**EMAIL: info@nirvanacalgary.com**



# ਆਤੂ ਖੋਜੀ :

## ਸੱਚਾਈ ਦੀ ਅਮਰਗਾਥਾ

ਰਾਜੀਵ ਛੋਟੇ ਪਰਦੇ ਲਈ ਕੰਮ ਕਰਨ ਦੀ ਅਸਧਾਰਨ ਯੋਗਤਾ ਤੇ ਪੇਸ਼ੇਵਾਰਾਨਾ ਮੁਹਾਰਤ ਰੱਖਦਾ ਹੈ। ਬੀਤੇ ਦੋ ਢਾਈ ਦਹਾਕਿਆਂ ਤੋਂ ਉਹ ਕਈ ਨਿੱਜੀ ਟੀ.ਵੀ. ਚੈਲਲਾਂ ਨਾਲ ਜੁੜਿਆ ਆ ਰਿਹਾ ਹੈ ਤੇ ਇਨ੍ਹਾਂ ਚੈਨਲਾਂ ਦੀ ਲੋੜ ਨੂੰ ਮੁੱਖ ਰੱਖਕੇ ਪ੍ਰੋਗਰਾਮ ਅਤੇ ਸੀਰੀਅਲ ਬਣਾਉਂਦਾ ਰਿਹਾ ਹੈ। ਪ੍ਰੰਤੂ ਪਾਸ਼ ਦੇ ਕਤਲ ਉਪਰੰਤ ਉਸ ਦੀ ਸ਼ਹਾਦਤ ਨੂੰ ਸਮਰਪਿਤ ਦਸਤਾਵੇਜੀ ਫਿਲਮ ਬਣਾਉਣ ਦਾ ਸਾਹਸ ਕਰਨ ਵਾਲੇ ਰਾਜੀਵ ਲਈ ਇਹ ਸ਼ਾਇਦ ਮੁਮਕਿਨ ਹੀ ਨਹੀਂ ਕਿ ਉਹ ਅਪਣੀ ਪ੍ਰਤਿਭਾ ਨੂੰ ਕੇਵਲ ਅਪਣੇ ਪੇਸ਼ੇ ਤਕ ਹੀ ਸੀਮਿਤ ਰੱਖੇ। ਸੋ, ਉਹ ਜਦੋਂ ਵੀ ਕਦੇ ਮੌਕਾ ਬਣਦਾ ਹੈ ਕਿਸੇ ਕਾਇਲ ਕਰ ਦੇਣ ਵਾਲੀ ਕਹਾਣੀ ਉਪਰ ਲਘੂ ਫਿਲਮ ਦਾ ਨਿਰਮਾਣ ਕਰਦਾ ਹੈ। ਪਾਸ਼ ਵਾਲੀ ਫਿਲਮ ਤੋਂ ਮਗਰੋਂ ਉਸ ਨੇ ਦੋ ਫਿਲਮਾਂ ਪੰਜਾਬ ਦੇ ਅਲੋਪ ਹੋ ਰਹੇ ਲੋਕ ਸੰਗੀਤ ਬਾਰੇ ਬਣਾਈਆਂ ਸਨ, ਫਿਰ ਇਕ ਲਘੂ ਫਿਲਮ ਜਾਤ ਪਾਤ ਦੇ ਵਿਸ਼ੇ ਉਪਰ 'ਕਲ੍ਹਾਣ' ਬਣਾਈ, ਇਸੇ ਲੜੀ ਵਿਚ ਹੁਣ ਉਸ ਨੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੀ ਕਹਾਣੀ 'ਆਤੂ ਖੋਜੀ' ਦੇ ਮੁੱਖ ਕਿਰਦਾਰ ਆਤੂ ਨੂੰ ਆਧਾਰ ਬਣਾ ਕੇ ਇਕ ਬੇਹੰਦ ਪ੍ਰਭਾਵਸ਼ਾਲੀ ਅਤੇ ਸੰਦੇਸ਼ਮੁਖੀ ਫਿਲਮ ਦਾ ਨਿਰਮਾਣ ਕੀਤਾ ਹੈ।

'ਆਤੂ ਖੋਜੀ' ਦੇ ਕਥਾਨਕ ਵਿਚ ਰਾਜੀਵ ਨੇ ਅਪਣੇ ਸਮਾਜਿਕ ਮੰਤਵ ਨੂੰ ਸਪੱਸ਼ਟ ਕਰਨ ਲਈ ਕੁਝ ਹੋਰ ਵਾਧਾ ਕਰ ਲਿਆ ਹੈ। 'ਆਤੂ ਖੋਜੀ' ਦੀ ਕਹਾਣੀ ਨੂੰ ਉਸ ਨੇ ਅੱਗੋਂ ਨਵੀਂ ਪੀੜ੍ਹੀ ਦੇ ਪਾਤਰਾਂ ਨਾਲ ਜੋੜ ਲਿਆ ਹੈ ਤੇ ਬੜੀ ਖੂਬਸੂਰਤੀ ਨਾਲ, ਸੱਚਾਈ ਖਾਤਰ ਨਿੱਜੀ ਹਿੱਤਾਂ ਦੀ ਬਲੀ ਦੇਣ ਵਾਲੇ, 'ਆਤੂ ਖੋਜੀ' ਨੂੰ ਨਵੀਂ ਪੀੜ੍ਹੀ ਦੀ ਪ੍ਰੇਰਨਾ ਦਾ ਸਰੋਤ ਬਣਾ ਦਿਤਾ ਹੈ। ਆਤੂ ਖੋਜੀ ਵਰਗਾ ਮਰਦ ਬੱਚਾ ਮਿਲਣਾ ਭਾਵੇਂ ਅਜੋਕੇ ਸਮਿਆਂ 'ਚ ਅਸੰਭਵ ਹੀ ਜਾਪਦਾ ਹੈ, ਪ੍ਰੰਤੂ ਜੇਕਰ ਕੋਈ ਵਿਰਲਾ ਟਾਵਾਂ ਮਿਲਦਾ ਹੈ ਤਾਂ ਫਿਰ ਕਿਉਂ ਨਾ ਉਸ ਨੂੰ ਚਕਾਚੌਂਧ ਕਰਨ ਵਾਲੇ ਇਲੈਕਟ੍ਰੋਨਿਕ ਮੀਡੀਆ ਦੇ ਪ੍ਰਭਾਵ ਹੇਠ ਭਟਕ ਰਹੀ ਨਵੀਂ ਪੀੜ੍ਹੀ ਨਾਲ ਮਿਲਾਇਆ ਜਾਵੇ? ਰਾਜੀਵ ਨੇ ਅਪਣੀ ਫਿਲਮ 'ਚ ਇਵੇਂ ਹੀ ਕੀਤਾ ਹੈ। ਇਹ ਫਿਲਮ ਸੱਚ ਤੇ ਨਿਆਂ ਦੀਆਂ ਅਲੰਬਰਦਾਰ, ਦੋ ਪੀੜ੍ਹੀਆਂ ਨਾਲ ਸਬੰਧਿਤ, ਧਿਰਾਂ ਦੀ ਸੋਚ ਦਾ ਸੁੰਦਰ ਸੁਮੇਲ ਪੇਸ਼ ਕਰਦੀ ਹੈ। ਦਰਅਸਲ, ਆਤੂ ਖੋਜੀ ਦੀ ਸਾਰਥਿਕਤਾ ਪੂਰਨਭਾਂਤ ਸਾਕਾਰ ਹੀ ਉਦੋਂ ਹੋ ਸਕਦੀ ਸੀ, ਜਦੋਂ ਉਸ ਦਾ ਸੰਵਾਦ ਨਵੀਂ ਪੀੜ੍ਹੀ ਨਾਲ ਹੁੰਦਾ। ਰਾਜੀਵ ਨੇ ਪੀੜ੍ਹੀਆਂ ਵਿਚਕਾਰਲੀ ਇਹ ਕੜੀ ਬੜੀ ਸਹਿਜਤਾ ਨਾਲ ਹੀ ਮੇਲ ਲਈ ਹੈ। ਫਿਲਮ ਵਿਚ ਆਤੂ


ਰਾਜੀਵ

ਦਾ ਕਿਰਦਾਰ ਸੈਮੂਅਲ ਜੌਹਨ ਨੇ ਨਿਭਾਇਆ ਹੈ, ਜ਼ਿਕਰਯੋਗ ਹੈ ਕਿ ਉਹ (ਜੌਹਨ) ਪੰਜਾਬੀ ਸਿਨੇਮਾ ਦਾ ਪਹਿਲਾ ਅਜਿਹਾ ਕਲਾਕਾਰ ਹੈ, ਜਿਸ ਦੀ ਗੁਰਦਿਆਲ ਸਿੰਘ ਦੀ ਕਹਾਣੀ 'ਤੇ ਅਧਾਰਤ ਫਿਲਮ 'ਅੰਨੇ ਘੋੜੇ ਦਾ ਦਾਨ' ਕਾਂਸ ਫਿਲਮ ਮੇਲੇ ਵਿਚ ਦਿਖਾਉਣ ਲਈ ਚੁਣੀ ਗਈ ਹੈ। ਰੀਮਾ ਦਾ ਕਿਰਦਾਰ ਇੰਡੀਅਨ ਥੀਏਟਰ ਵਿਭਾਗ, ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥਣ ਕਲਾਕਾਰ ਗੁਨੀਤ ਕੌਰ ਨੇ ਕਾਫੀ ਖੁੱਭ ਕੇ ਨਿਭਾਇਆ ਹੈ। ਇਸ ਤੋਂ ਇਲਾਵਾ ਤੇਜਿੰਦਰਪਾਲ ਧੀਰ, ਸੁਧਿਕਸ਼ਾ, ਮਾਈਕਲ ਆਦਿ ਨੇ ਅਪਣੀਆਂ ਭੂਮਿਕਾਵਾਂ ਨਾਲ ਇਨਸਾਫ ਕੀਤਾ ਹੈ। ਫਿਲਮ ਦਾ ਨਿਰਮਾਣ ਹੰਢੇ ਵਰਤੇ ਰੰਗ ਕਰਮੀ ਤੇਜਿੰਦਰ ਪਾਲ ਧੀਰ ਨੇ ਕੀਤਾ ਹੈ। ਫਿਲਮ ਵਿਚ ਰਾਜੀਵ ਨੇ ਕਈ ਰਚਨਾਤਮਕ ਪ੍ਰਯੋਗ ਕੀਤੇ ਹਨ। 'ਆਤੂ ਖੋਜੀ' ਇਕ ਸਾਹਿਤਕ ਪਾਤਰ ਹੈ ਤਾਂ ਰੀਮਾ ਅਸਲ ਜ਼ਿੰਦਗੀ ਭਾਵ ਬਹੁਚਰਚਿਤ ਰਿਚਾ-ਰਾਠੌੜ ਕੇਸ ਦਾ ਪਰਤਾਉ ਹੈ। ਫਿਲਮ 'ਚ ਆਤੂ ਦੀ ਵਾਰ ਵੀ ਪਿੱਠ ਭੂਮੀ 'ਚ ਬੜਾ ਦਿਲਚਸਪ ਪ੍ਰਭਾਵ ਸਿਰਜਦੀ ਹੈ। ਲਘੂ ਫਿਲਮਾਂ ਦੇ ਇਤਿਹਾਸ ਵਿਚ ਸਿਰਜਣਾ ਅਤੇ ਸੰਦੇਸ਼ ਦੋਹਾਂ ਪੱਖਾਂ ਤੋਂ ਹੀ 'ਆਤੂ ਖੋਜੀ' ਇਕ ਮੀਲ ਪੱਥਰ ਹੈ। ਉਮੀਦ ਹੈ ਸੰਜੀਦਾ ਸਮਾਜਿਕ ਸਿਨੇਮਾ ਦੇ ਦਰਸ਼ਕਾਂ ਦਾ ਇਸ ਲਘੂ ਫਿਲਮ ਨੂੰ ਭਰਪੂਰ ਹੁੰਗਾਰਾ ਹਾਸਲ ਹੋਵੇਗਾ।

ਪ੍ਰੋ. ਰਾਕੇਸ਼ ਰਮਨ
ਮੋਬਾਇਲ : 98785-31166

# ਆਤਮਜੀਤ ਦੀ ਸਾਰੰਗੀ

ਡਾ. ਆਤਮਜੀਤ ਬੇਬਾਕ ਹੈ, ਬਹੁਤ ਹੀ ਬੇਬਾਕ। ਕੋਈ ਓਹਲਾ ਨਹੀਂ। ਕੋਈ ਝਿਜਕ ਨਹੀਂ। ਜਦ ਉਹ 'ਅੰਨ੍ਹੇ ਕਾਣੇ' ਸਿਰਜਦਾ ਹੈ ਤਾਂ ਆਪਣੀ ਸੋਚ ਨੂੰ ਸੁਜਾਖਾ ਰੱਖਦਾ ਹੈ ਤੇ ਨਾਟਕੀ ਵਰਾਤਰੇ ਵਿੱਚ ਕੋਈ ਕਾਣੀ ਵੰਡ ਨਹੀਂ ਕਰਦਾ। ਉਸਦਾ 'ਪੂਰਨ' ਲੂਣਾਂ ਦੀ ਅਪੂਰਣਤਾ ਦੇ ਬਰਾਬਰ ਖੜ੍ਹਾ ਪ੍ਰਸ਼ਨ ਚਿੰਨ੍ਹ ਬਣਦਾ ਹੈ। ਆਤਮਜੀਤ ਨੇ ਸ਼ਾਇਦ ਕਿਤੇ ਜਾਣੇ ਅਨਜਾਣੇ 'ਚ ਸਆਦਦ ਹਸਨ ਮੰਟੋ ਤੋਂ ਮੂੰਹ ਫੱਟ ਹੋਣ ਦੀ ਅਤੇ ਨਿਸ਼ੰਗ ਹੋਣ ਦੀ ਗੁੜ੍ਹਤੀ ਵੀ ਲਈ ਹੈ।

ਬਹੁਤ ਹੀ ਸਪੱਸ਼ਟ ਕਿਰਦਾਰ ਹੈ ਆਤਮਜੀਤ ਹੁਰਾਂ ਦਾ। ਇਹ ਗੱਲ ਮੈਂ ਉਸ ਤੋਂ ਵਿੱਥ ਉੱਤੇ ਰਹਿ ਕੇ ਅਤੇ ਉਹਦੇ ਨਾਟਕ ਪੜ੍ਹ ਵੇਖ ਕੇ ਮਹਿਸੂਸ ਕੀਤੀ ਹੈ। ਮੇਰੀ ਉਹਨਾਂ ਨਾਲ ਨਾਂ ਤਾਂ ਕੋਈ ਗੁਰੂ ਚੇਲੇ ਵਾਲੀ ਸਾਂਝ ਹੈ ਅਤੇ ਨਾ ਹੀ ਸਾਡੀਆਂ ਕੋਈ ਬਾਹਲੀਆਂ ਮੁਲਾਕਾਤਾਂ ਹੋਈਆਂ ਨੇ। ਇਹ ਸਭ ਕੁਝ ਮੇਰੇ ਅੰਦਰ ਪਿਆ ਸੀ ਆਤਮਜੀਤ ਲਈ ਜੋ ਅਚਾਨਕ ਬਾਹਰ ਨਿੱਕਲਿਆ, ਨਾਟਕ 'ਮੈਂ ਤਾਂ ਇੱਕ ਸਾਰੰਗੀ ਹਾਂ' ਵੇਖ ਕੇ।


ਰਾਣਾ ਰਣਵੀਰ
9988924300

'ਮੈਂ ਤਾਂ ਇੱਕ ਸਾਰੰਗੀ ਹਾਂ' ਨਾਟਕ ਮਹਿਜ ਇੱਕ ਨਾਟਕ ਨਹੀਂ ਹੈ। ਇਹ ਬੇਬਾਕੀ ਅਤੇ ਨਿਸ਼ੰਗਤਾ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਆਤਮਜੀਤ ਦੀ ਸਿਰਜਣਾ ਵਿੱਚੋਂ ਉਪਜਿਆ ਨੰਗਾ ਅਤੇ ਕੌੜਾ ਸੱਚ ਹੈ। ਇਹ ਉਹ ਸੱਚ ਹੈ ਜੋ ਹਰੇਕ ਮਰਦ ਦੇ ਨਿੱਜ ਨੂੰ ਹਲੂਣਦਾ ਅਤੇ ਫਰੋਲਦਾ ਹੈ। ਇਹ ਔਰਤ ਦੀ ਹੋਂਦ ਨੂੰ ਕੱਚ ਦੀ ਵੰਗ, ਰਬੜ ਦੀ ਗੁੱਡੀ, ਮਾਸ ਦੇ ਟੁਕੜੇ, ਪੱਥਰ ਅਤੇ ਮਨਹੂਸ ਵਸਤੂ ਰਾਹੀਂ ਵੇਖਦਾ ਪਰਖਦਾ ਹੋਇਆ ਮਰਦ ਦੀ ਹਉਮੈ ਅਤੇ ਕਾਮੁਕਤਾ ਨੂੰ ਕਟਿਹਰੇ ਚ ਇੰਝ ਖੜ੍ਹਾ ਕਰਦਾ ਹੈ ਕਿ ਮਰਦ ਕੋਲ ਖੁਦ ਨੂੰ ਪਾਕ ਸਾਫ ਕਰਨ ਲਈ ਬਹਾਨੇ ਅਤੇ ਬਿਆਨ ਦੀ ਕੋਈ ਦਲੀਲ ਨਹੀਂ ਬਚਦੀ।

ਨਾਟਕ ਜੀਵਨ ਦੀ ਰੌਂਅ ਦੇ ਉਲਟ ਤੁਰਦਾ ਹੈ, ਮਤਲਬ ਵਰਤਮਾਨ ਤੋਂ ਅਤੀਤ ਵੱਲ। ਇਹੀ ਆਤਮਜੀਤ ਦਾ ਕਮਾਲ ਹੈ ਤੇ ਇਹੋ ਹੈ ਉਸਦੀ ਵਿਲੱਖਣਤਾ। ਨਾਟਕ ਦੀਆਂ ਤਿੰਨ ਪ੍ਰਮੁੱਖ ਔਰਤ ਪਾਤਰ ਮੀਨਾ, ਪਾਲ ਤੇ ਗੀਤਾ ਨੇ। ਤਿੰਨੋਂ ਔਰਤ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੀਆਂ ਤਰਜ਼ਮਾਨ। ਆਤਮਜੀਤ ਦੀਆਂ ਇਹ ਕਿਰਦਾਰ ਮਰਦ ਦੀ ਹਿੱਕ ਤੇ ਚੜ੍ਹ ਕੇ ਉਸਦੇ ਗਲੇ ਨੂੰ ਹੱਥ ਪਾ ਕੇ ਧੌਣ ਵਿਚਲੇ ਕਿੱਲੇ ਨੂੰ ਵਗਾਹ ਮਾਰਦੀਆਂ ਨੇ।

ਇਹ ਨਾਟਕ ਔਰਤ ਅਤੇ ਮਰਦ ਨੂੰ ਧੁਰ ਅੰਦਰ ਤੱਕ ਫਰੋਲਦਾ ਹੈ। ਇਹ ਰਿਸ਼ਤਿਆਂ ਚ ਫੈਲ ਰਹੀ ਦੁਰਗੰਧ ਨੂੰ ਨਸ਼ਰ ਕਰਦਾ ਹੋਇਆ ਇਸਨੂੰ ਮਹਿਕ ਬਨਾਉਣ ਦਾ ਸੱਦਾ ਦਿੰਦਾ ਹੈ। ਕਾਮ ਭੁੱਖ ਮਰਦ ਨੂੰ ਕਿੰਨਾ ਨੀਚ ਕਰ ਦਿੰਦੀ ਹੈ ਕਿ ਉਹ ਸ਼ਰਮ, ਧਰਮ ਅਤੇ ਕਰਮ ਨੂੰ ਭੁੱਲ ਕੇ ਔਰਤ ਦੀ ਮਾਨਸਿਕਤਾ ਵਿੱਚ ਐਸਾ ਕਿੱਲ ਬਣ ਜਾਂਦਾ ਹੈ ਜਿਸ ਉੱਤੇ ਉਹ ਐਸਾ ਕੈਲੰਡਰ ਟੰਗ ਲੈਂਦੀ ਹੈ ਜਿਸਦੇ ਹਰ ਵਰਕੇ ਤੇ ਵਹਿਸ਼ੀ ਮਰਦ ਦੀ ਤਸਵੀਰ ਹੈ। 'ਮੈਂ ਤਾਂ ਇੱਕ ਸਾਰੰਗੀ ਹਾਂ' ਦੇ ਗੀਤ ਜੋ ਕਿ ਔਰਤਾਂ ਦੀਆਂ ਆਵਾਜ਼ਾਂ ਵਿੱਚ ਨੇ, ਨਾਟਕ ਦੇ ਬੇਬਾਕ, ਕੋਝੇ ਅਤੇ ਖ਼ੁਰਦਰੇ ਵਰਤਾਰੇ ਤੋਂ ਜ਼ਰਾ ਹਟ ਕੇ ਸੁਹਜ, ਮਿਠਾਸ ਤੇ ਸੰਵੇਦਨਾ ਪੈਦਾ ਕਰਦੇ ਹਨ।

ਮੀਨਾ ਦੇ ਕਿਰਦਾਰ ਵਿੱਚ ਅਨੀਤਾ ਸ਼ਬਦੀਸ਼, ਪਾਲ ਦੇ ਰੂਪ ਚ ਮਾਲਵਿਕਾ ਅਤੇ ਗੀਤਾ ਦੇ ਪਾਤਰ ਨੂੰ ਜਿਉਂਦਾ ਕਰਦੀ ਸੰਗੀਤਾ ਗੁਪਤਾ, ਇਹ ਅਭਿਨੇਤਰੀਆਂ ਅਭਿਨੈ ਦੀ ਸ਼ਿਖ਼ਰ ਨੂੰ ਛੂੰਹਦੀਆਂ ਦਰਸ਼ਕ ਅੰਦਰ ਪਿਆਰ, ਉਤਸ਼ਾਹ, ਤਰਸ, ਦਲੇਰੀ, ਬੇਬਾਕੀ, ਦ੍ਰਿੜਤਾ, ਨਮੋਸ਼ੀ ਅਤੇ ਵਿਰਲਾਪ ਨੂੰ ਜਗਾਉਣ ਵਿੱਚ ਬਾਖ਼ੂਬੀ ਸਫਲਤਾ ਹਾਸਿਲ ਕਰਦੀਆਂ ਹਨ। ਨਿਰਦੇਸ਼ਕ ਅਤੇ ਲੇਖਕ ਦੀ ਜ਼ਿੰਮੇਵਾਰੀ ਨੂੰ ਆਤਮਜੀਤ ਹੁਰਾਂ ਨੇ ਇਸ ਕਦਰ ਚੰਗਾ ਨਿਭਾਇਆ ਹੈ ਕਿ ਇਹ ਨਾਟਕ ਦਰਸ਼ਕ ਲਈ ਸਿਰਫ ਮੰਨੋਰੰਜਨ ਦਾ ਸਾਧਨ ਨਾ ਹੋ ਕੇ ਚਿੰਤਨ ਦਾ ਵਿਸ਼ਾ ਬਣਦਾ ਹੈ ਅਤੇ



ਅੱਖਾਂ ਤੋਂ ਪੱਟੀ ਲਾਹ ਕੇ ਸੁੰਨ ਕਰ ਕੇ ਥੀਏਟਰ ਹਾਲ ਚੋਂ ਬਾਹਰ ਕੱਢਦਾ ਹੈ। ਜਿਨ੍ਹਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਚ ਨੀਂਦ ਹਰਾਮ ਕਰ ਦਿੰਦਾ ਹੈ ਇਹ ਨਾਟਕ-'ਮੈਂ ਤਾਂ ਇੱਕ ਸਾਰੰਗੀ ਹਾਂ।'

# Royal Executive Homes

## Town Houses in Wildwood




**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- **Affordable Prices**

## NOW UNDER CONSTRUCTION

## SHOW HOME OPENING SOON.




### Unit A

| | |
|---|---|
| MAIN FLOOR AREA | 597 Sq.F. |
| UPPER FLOOR AREA | 992 Sq.F. |
| TOTAL LIVING AREA | 1589 Sq.F. |
| GARAGE AREA | 336 Sq.F. |




### Unit B

| | |
|---|---|
| MAIN FLOOR AREA | 498 Sq.F. |
| UPPER FLOOR AREA | 734 Sq.F. |
| TOTAL LIVING AREA | 1232 Sq.F. |
| GARAGE AREA | 182 Sq.F. |




### Unit C

| | |
|---|---|
| MAIN FLOOR AREA | 524 Sq.F. |
| UPPER FLOOR AREA | 780 Sq.F. |
| TOTAL LIVING AREA | 1304 Sq.F. |
| GARAGE AREA | 200 Sq.F. |




**wild wood**
TOWN HOUSES
1820, 34th Ave
Edmonton.

**780-965-7390**
**780-906-4497**

*royalexecutivehomes@hotmail.com*



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

**ਸੁਪਰੀਮ ਪੀਜ਼ਾ**
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ
ਪੰਜਾਬੀ ਸਟਾਈਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

Try Us Tonight For Best Deal In Town
**3 For 1**
Any 3 Toppings
12" Medium - 14" Large

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ** ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

Buy 1 Get 1 Free

| | |
|---|---|
| 2 Large Fully Loaded Pizza for $25. | 1 Large Pizza 5 Toppings for $14. |
| 2 Medium Pizza Fully Loaded for $22. | 1 Medium Pizza 5 Toppings for $13. |

**Call at: 780 485 1213**

BRIDGEPORT HOMES LTD.

BEST PRICES IN TOWN
WE ASSURE BEATING MARKET PRICE

**Now Lots available for big houses**
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**